ਜਿਲਦ: 6, ਅੰਕ: 21

1-15 ਮਈ, 2026 (ਮੁਫ਼ਤ)

# ਨਿਊ ਇੰਡੀਆ ਸਮਾਚਾਰ



## ਅੱਧੀ ਆਬਾਦੀ, ਪੂਰੇ ਅਧਿਕਾਰ

# ਰਾਖਵਾਂਕਰਨ ‘ਤੇ ਸਰਕਾਰ ਅਟਲ

ਨਾਰੀ ਸ਼ਕਤੀ ਦੇ ਹੱਕ ਬਾਰੇ ਅੰਕੜਿਆਂ ਨੇ ਲਗਾਈ ਬ੍ਰੇਕ, ਕੇਂਦਰ 33% ਰਾਖਵਾਂਕਰਨ ਦੇ ਸੰਕਲਪ ‘ਤੇ ਅਟਲ ..... ਅੱਧੀ ਆਬਾਦੀ ਦੇ ਅਧਿਕਾਰ ਦੀ ਲੜਾਈ ਹੁਣ ਨਿਰਣਾਇਕ ਮੋੜ ‘ਤੇ .....

ਈ-ਕਾਪੀ ਦੇ ਲਈ QR ਸਕੈਨ ਕਰੋ

**ਅੰਤਰਰਾਸ਼ਟਰੀ ਪਰਿਵਾਰ ਦਿਵਸ | 15 ਮਈ**

# ਪਰਿਵਾਰ ਦੀਆਂ ਕਦਰਾਂ-ਕੀਮਤਾਂ ਦਾ ਵਿਸ਼ੇਸ਼ ਉਤਸਵ

*ਸਸ਼ਕਤ ਰਾਸ਼ਟਰ ਦੇ ਨਿਰਮਾਣ ਵਿੱਚ ਪਰਿਵਾਰ ਇੱਕ ਬੇਮਿਸਾਲ ਸੰਸਥਾ ਹੈ। ਪਰਿਵਾਰ, ਵਿਅਕਤੀ ਦੇ ਵਿਕਾਸ ਦੇ ਨਾਲ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਦਿੰਦਾ ਹੈ। ਭਾਰਤ ਵਿੱਚ ਰਿਸ਼ਤਿਆਂ- ਪਰਿਵਾਰਾਂ ਨੂੰ ਬਹੁਤ ਹੀ ਸਤਿਕਾਰ ਦਿੱਤਾ ਜਾਂਦਾ ਹੈ। ਅੰਤਰਰਾਸ਼ਟਰੀ ਪਰਿਵਾਰ ਦਿਵਸ 'ਤੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਭਾਰਤ ਵਿਸ਼ਵ ਨੂੰ ਪਰਿਵਾਰ ਮੰਨਦਾ ਹੈ। ਪ੍ਰਧਾਨ ਮੰਤਰੀ ਮੋਦੀ ਕਈ ਮੌਕਿਆਂ 'ਤੇ ਕਹਿ ਚੁੱਕੇ ਹਨ –ਸਾਡਾ ਇੱਕ ਹੀ ਮੂਲ ਮੰਤਰ ਹੈ- ਵਸੁਧੈਵ ਕੁਟੁੰਬਕਮ ....*

**ਅੰਤਰਰਾਸ਼ਟਰੀ ਪਰਿਵਾਰ ਦਿਵਸ 2026 ਦਾ ਵਿਸ਼ਾ – 'ਪਰਿਵਾਰ, ਅਸਮਾਨਤਾਵਾਂ ਅਤੇ ਬਾਲ ਭਲਾਈ ਹੈ।**

**15 ਮਈ ਨੂੰ ਮਨਾਇਆ ਜਾਣ ਵਾਲਾ ਅੰਤਰਰਾਸ਼ਟਰੀ ਪਰਿਵਾਰ ਦਿਵਸ, ਵਿਸ਼ਵ ਭਰ ਵਿੱਚ ਪਰਿਵਾਰਾਂ, ਲੋਕਾਂ, ਸਮਾਜਾਂ ਅਤੇ ਸੱਭਿਆਚਾਰਾਂ ਦੇ ਮਹੱਤਵ ਦਾ ਜਸ਼ਨ ਮਨਾਉਣ ਦਾ ਮੌਕਾ ਹੈ।**

**ਯੂਐੱਨ ਜਨਰਲ ਅਸੈਂਬਲੀ ਦੇ ਇੱਕ ਸੰਕਲਪ ਦੇ ਬਾਅਦ ਤੋਂ ਅੰਤਰਰਾਸ਼ਟਰੀ ਪਰਿਵਾਰ ਦਿਵਸ ਮਨਾਇਆ ਜਾਂਦਾ ਹੈ ਜਿਸ ਦਾ ਉਦੇਸ਼ -ਦੁਨੀਆ ਭਰ ਨੂੰ ਪਰਿਵਾਰ ਨਾਲ ਜੋੜੇ ਰੱਖਣਾ ਅਤੇ ਪਰਿਵਾਰ ਨਾਲ ਜੁੜੇ ਮੁੱਦਿਆਂ ਬਾਰੇ ਸਮਾਜ ਵਿੱਚ ਜਾਗਰੂਕਤਾ ਫੈਲਾਉਣਾ ਹੈ।**



*140 ਕਰੋੜ ਦੇਸ਼ਵਾਸੀ ਹੀ ਮੇਰਾ ਪਰਿਵਾਰ ਹੈ। ਅੱਜ ਦੇਸ਼ ਦੀਆਂ ਕਰੋੜਾਂ ਬੇਟੀਆਂ- ਮਾਵਾਂ- ਭੈਣਾਂ ਇਹੀ ਮੋਦੀ ਦਾ ਪਰਿਵਾਰ ਹੈ। ਜਿਸ ਦਾ ਕੋਈ ਨਹੀਂ ਹੈ, ਉਹ ਵੀ ਮੋਦੀ ਦੇ ਹਨ ਅਤੇ ਮੋਦੀ ਉਨ੍ਹਾਂ ਦਾ ਹੈ। ਮੇਰਾ ਭਾਰਤ- ਮੇਰਾ ਪਰਿਵਾਰ, ਇਨ੍ਹਾਂ ਹੀ ਭਾਵਨਾਵਾਂ ਦਾ ਵਿਸਤਾਰ ਲੈ ਕੇ ਮੈਂ ਸੁਪਨਿਆਂ ਨੂੰ ਸੰਕਲਪ ਦੇ ਨਾਲ ਸਿੱਧ ਕਰਨ ਦੇ ਲਈ, ਤੁਹਾਡੇ ਲਈ ਜੀਅ ਰਿਹਾ ਹਾਂ, ਤੁਹਾਡੇ ਲਈ ਜੂਝ ਰਿਹਾ ਹਾਂ ਅਤੇ ਜੂਝਦਾ ਰਹਾਂਗਾ।*

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਪ੍ਰਧਾਨ ਮੰਤਰੀ ਮੋਦੀ ਮੰਨਦੇ ਹਨ 140 ਕਰੋੜ ਦੇਸ਼ਵਾਸੀਆਂ ਨੂੰ ਪਰਿਵਾਰ

- 15 ਅਗਸਤ, 2023 ਨੂੰ ਭਰਾਵੋਂ-ਭੈਣੋਂ ਜਾਂ ਦੇਸ਼ਵਾਸੀਆਂ ਦੀ ਬਜਾਏ/ਥਾਂ 140 ਕਰੋੜ ਪਰਿਵਾਰਜਨ ਕਹਿ ਕੇ ਲਾਲ ਕਿਲ੍ਹੇ ਦੀ ਫਸੀਲ ਤੋਂ ਪ੍ਰਧਾਨ ਮੰਤਰੀ ਨੇ ਸੰਬੋਧਨ ਕੀਤਾ।
- ਪ੍ਰਧਾਨ ਮੰਤਰੀ ਮੋਦੀ ਨੇ ਮਾਰਚ, 2024 ਵਿੱਚ 140 ਕਰੋੜ ਪਰਿਵਾਰਜਨਾਂ ਦੇ ਨਾਮ ਪੱਤਰ ਲਿਖਿਆ।
- ਫੌਜੀਆਂ ਨੂੰ ਪਰਿਵਾਰ ਮੰਨਦੇ ਹਨ, ਹਰ ਵਰ੍ਹੇ ਉਨ੍ਹਾਂ ਦੇ ਨਾਲ ਦੀਵਾਲੀ ਮਨਾਉਣ ਜਾਂਦੇ ਹਨ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਜਦੋਂ ਇੱਕ ਪ੍ਰੋਗਰਾਮ ਵਿੱਚ ਪੁੱਛਿਆ ਗਿਆ- ਅੱਗੇ-ਪਿੱਛੇ ਕੋਈ ਨਹੀਂ ਹੈ, ਤਾਂ ਉਹ ਇੰਨੀ ਮਿਹਨਤ ਕਿਸ ਦੇ ਲਈ ਕਰ ਰਹੇ ਹਨ? ਉਨ੍ਹਾਂ ਨੇ ਕਿਹਾ- ਮੇਰੇ ਪਰਿਵਾਰ ਵਿੱਚ 140 ਕਰੋੜ ਲੋਕ ਹਨ, ਇਸ ਲਈ ਮੈਨੂੰ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ।

# ਨਿਊ ਇੰਡੀਆ ਸਮਾਚਾਰ

ਜਿਲਦ: 6, ਅੰਕ: 21 | 1-15 ਮਈ, 2026

**ਐਡੀਟਰ ਇਨ ਚੀਫ਼ :**
**ਧੀਰੇਂਦਰ ਓਝਾ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ
**ਸੰਤੋਸ਼ ਕੁਮਾਰ**

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
ਪਵਨ ਕੁਮਾਰ

ਸਹਾਇਕ ਸਲਾਹਕਾਰ ਸੰਪਾਦਕ
**ਅਖਿਲੇਸ਼ ਕੁਮਾਰ**
**ਚੰਦਨ ਕੁਮਾਰ ਚੌਧਰੀ**

ਭਾਸ਼ਾ ਸੰਪਾਦਨ
**ਸੁਮਿਤ ਕੁਮਾਰ (ਅੰਗ੍ਰੇਜ਼ੀ),**
**ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)**
**ਨਦੀਮ ਅਹਿਮਦ (ਉਰਦੂ),**
**ਅਹਿਮਦ ਖਾਨ (ਪੰਜਾਬੀ)**

ਸੀਨੀਅਰ ਡਿਜ਼ਾਈਨਰ
**ਫੂਲ ਚੰਦ ਤਿਵਾਰੀ**

ਡਿਜ਼ਾਈਨਰ
**ਅਭੈ ਗੁਪਤਾ**
**ਸਤਯਮ ਸਿੰਘ**




13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ:
https://newindiasamachar.pib.gov.in/news.aspx

'ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ:
https://newindiasamachar.pib.gov.in/archive.aspx

'ਨਿਊ ਇੰਡੀਆ ਸਮਾਚਾਰ' ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ :-@NISPIBIndia

## ਅੰਦਰਲੇ ਪੰਨਿਆਂ ਉੱਤੇ ...

### 33% ਮਹਿਲਾ ਰਾਖਵਾਂਕਰਨ
## ਲੋਕਤੰਤਰੀ
### ਵਚਨਬੱਧਤਾ ਦਾ ਨਾਅਰਾ....



ਨਵਾਂ ਭਾਰਤ
**ਨਾਰੀ ਅਗਵਾਈ**
ਕਵਰ ਸਟੋਰੀ


ਕੇਂਦਰ ਸਰਕਾਰ ਨੇ ਲੋਕਤੰਤਰ ਦੇ ਪਵਿੱਤਰ ਮੰਦਿਰ ਵਿੱਚ 16 ਤੋਂ 18 ਅਪ੍ਰੈਲ ਤੱਕ ਹੋਏ ਵਿਸ਼ੇਸ਼ ਸੈਸ਼ਨ ਰਾਹੀਂ ਇੱਕ ਵਾਰ ਫਿਰ ਇਹ ਨਾਰੀ ਸ਼ਕਤੀ ਦੀ ਅਗਵਾਈ ਵਿੱਚ ਵਿਕਾਸ ਦੀ ਯਾਤਰਾ ਪ੍ਰਤੀ ਆਪਣੀ ਅਟੁੱਟ ਵਚਨਬੱਧਤਾ ਦਾ ਐਲਾਨ ਕੀਤਾ ਹੈ। ਨਵਾਂ ਭਾਰਤ ਹੁਣ ਉਸ ਨਵੀਂ ਸਵੇਰ ਵੱਲ ਵਧ ਰਿਹਾ ਹੈ, ਜਿੱਥੇ ਹਰ ਨਾਰੀ ਸਿਰਫ਼ ਸੁਪਨੇ ਨਹੀਂ ਦੇਖੇਗੀ, ਸਗੋਂ ਉਨ੍ਹਾਂ ਨੂੰ ਸਾਕਾਰ ਕਰਕੇ, ਰਾਸ਼ਟਰ ਦੇ ਭਵਿੱਖ ਨੂੰ ਆਪਣੀ ਦਲੇਰੀ, ਸੰਕਲਪ ਅਤੇ ਸਿਰਜਣਾਤਮਕਤਾ ਨਾਲ ਕਰੇਗੀ ਰੌਸ਼ਨ.. | 12-34

**ਪ੍ਰਧਾਨ ਮੰਤਰੀ ਦਾ ਰਾਸ਼ਟਰ ਦੇ ਨਾਂ ਸੰਬੋਧਨ** | 35-36

**ਮਹਾਤਮਾ ਜਯੋਤੀਰਾਓ ਫੁਲੇ**
ਭਾਰਤ ਦੇ ਦਿਵਯ ਪਥ- ਪ੍ਰਦਰਸ਼ਕ



ਮਹਾਨ ਸਮਾਜ ਸੁਧਾਰਕ ਜਯੋਤੀਰਾਓ ਫੁਲੇ ਦੀ 200ਵੀਂ ਜਯੰਤੀ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਵਿਸ਼ੇਸ਼ ਲੇਖ .... | 6-7

ਆਪ੍ਰੇਸ਼ਨ ਸਿੰਦੂਰ ਦਾ ਇੱਕ ਵਰ੍ਹਾ
**ਆਤਮ- ਨਿਰਭਰ ਰੱਖਿਆ ਪ੍ਰਣਾਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ**



ਇਹ ਇੱਕ ਸੈਨਿਕ ਅਭਿਆਨ ਦੀ ਨਹੀਂ, ਸਗੋਂ ਭਾਰਤ ਦੀ ਨਿਰਣਾਇਕ ਸੁਰੱਖਿਆ ਨੀਤੀ, ਹਥਿਆਰਬੰਦ ਬਲਾਂ ਦੀ ਅਦੁੱਤੀ ਬਹਾਦਰੀ ਦੀ ਹੈ ਵਰ੍ਹੇਗੰਢ... | 8-11

**ਸਮਾਚਾਰ ਸਾਰ** | 4-5

**ਖਰੀਫ ਸੀਜ਼ਨ 2026 ਦੇ ਲਈ ਖਾਦ ਸਬਸਿਡੀ**
ਕੇਂਦਰੀ ਕੈਬਨਿਟ ਨੇ ਜੈਪੁਰ ਮੈਟਰੋ ਦੇ ਵਿਸਥਾਰ ਨੂੰ ਵੀ ਦਿੱਤੀ ਮਨਜ਼ੂਰੀ | 37-39

**ਸੁਰੱਖਿਅਤ ਪਰਿਵਾਰ, ਸੁਨਿਸ਼ਚਿਤ ਭਵਿੱਖ**
ਫਲੈਗਸ਼ਿਪ ਸਕੀਮ ਪੀਐੱਮਐੱਸਬੀਵਾਈ, ਪੀਐੱਮਜੇਜੇਬੀਵਾਈ, ਏਪੀਵਾਈ ਦੇ 11 ਵਰ੍ਹੇ | 40-43

**ਤਰੱਕੀ ਅਤੇ ਕੁਦਰਤ ਦਾ ਕੋਰੀਡੋਰ, ਦਿੱਲੀ- ਦੇਹਰਾਦੂਨ ਐਕਸਪ੍ਰੈੱਸਵੇਅ**
ਪ੍ਰਧਾਨ ਮੰਤਰੀ ਮੋਦੀ ਨੇ ਦਿੱਲੀ- ਦੇਹਰਾਦੂਨ ਆਰਥਿਕ ਕੋਰੀਡੋਰ ਦਾ ਕੀਤਾ ਉਦਘਾਟਨ | 44-45

**ਰਾਜ ਸਭਾ ਵਿੱਚ 110% ਅਤੇ ਲੋਕ ਸਭਾ ਵਿੱਚ 93% ਹੋਇਆ ਕੰਮ-ਕਾਜ**
ਸੰਸਦ ਦੇ ਦੋਵੇਂ ਸਦਨ ਅਣਮਿੱਥੇ ਸਮੇਂ ਲਈ ਮੁਲਤਵੀ | 50-52

**ਫਿਲੋਸਫੀ ਅਤੇ ਟੈਕਨੋਲੋਜੀ ਦੋਵਾਂ ਵਿੱਚ ਸਮ੍ਰਿੱਧ ਕਰਨਾਟਕ**
ਪ੍ਰਧਾਨ ਮੰਤਰੀ ਮੋਦੀ ਨੇ ਸ੍ਰੀ ਗੁਰੂ ਭੈਰਵੈਕਯ ਮੰਦਿਰ ਦਾ ਕੀਤਾ ਉਦਘਾਟਨ | 53

**ਸ਼ਖਸੀਅਤ : ਮੇਜਰ ਹੁਸ਼ਿਆਰ ਸਿੰਘ**
ਜਿਨ੍ਹਾਂ ਤੋਂ ਡਰ ਕੇ ਭੱਜੀ ਸੀ ਪਾਕਿਸਤਾਨੀ ਸੈਨਾ | 54

1 ਮਈ ਮਜ਼ਦੂਰ ਦਿਵਸ 'ਤੇ ਵਿਸ਼ੇਸ਼
**ਭਾਰਤ ਦੇ ਲਈ ਹੁਣ ਸ਼੍ਰਮੇਵ ਜਯਤੇ**

ਅੰਤਰਰਾਸ਼ਟਰੀ ਮਜ਼ਦੂਰ ਦਿਵਸ 'ਤੇ ਮਜ਼ਦੂਰਾਂ ਦੇ ਸਸ਼ਕਤੀਕਰਣ ਲਈ ਹੋ ਰਹੇ ਯਤਨਾਂ ਬਾਰੇ ਪੇਸ਼ ਹੈ ਇੱਕ ਵਿਸ਼ੇਸ਼ ਰਿਪੋਰਟ ..... | 46-49





ਪ੍ਰਕਾਸ਼ਕ ਅਤੇ ਪ੍ਰਿੰਟਰ: ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। ਪ੍ਰਿਟਿੰਗ: ਚੰਦੂ ਪ੍ਰੈੱਸ 469, ਪਟਪੜਗੰਜ ਇੰਡਸਟ੍ਰੀਅਲ ਅਸਟੇਟ, ਦਿੱਲੀ-110092 । ਕਮਿਊਨੀਕੇਸ਼ਨ ਅਡਰੈੱਸ ਅਤੇ ਈ-ਮੇਲ : ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001, ਈ- ਮੇਲ –responsenis@pib.gov.in ਆਰ.ਐੱਨ.ਆਈ. ਨੰਬਰ DELPUN/2020/78808

# ਸੰਪਾਦਕ ਦੀ ਕਲਮ ਤੋਂ...

## ਮਹਿਲਾ ਰਾਖਵਾਂਕਰਨ ਲਾਗੂ ਕਰਨ ਲਈ ਸਰਕਾਰ ਵਚਨਬੱਧ

### 33% ਰਾਖਵਾਂਕਰਨ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਨਿਰੰਤਰ ਯਤਨ ਜਾਰੀ

**ਸਾਦਰ ਨਮਸਕਾਰ,**

यत्र नार्यस्तु पूज्यन्ते रमन्ते तत्र देवताः।
यत्रैतास्तु न पूज्यन्ते सर्वास्तत्राफलाः क्रियाः॥

*ਅਰਥਾਤ ਜਿੱਥੇ ਮਹਿਲਾਵਾਂ ਦੀ ਪੂਜਾ ਹੁੰਦੀ ਹੈ, ਉੱਥੇ ਦੇਵਤਾ ਨਿਵਾਸ ਕਰਦੇ ਹਨ ਜਿੱਥੇ ਅਜਿਹਾ ਨਹੀਂ ਹੁੰਦਾ ਹੈ, ਉੱਥੇ ਸਾਰੇ ਕੰਮ ਅਸਫਲ ਹੁੰਦੇ ਹਨ।*

ਭਾਰਤੀ ਪਰੰਪਰਾ ਵਿੱਚ ਨਾਰੀ ਨੂੰ ਸ਼ਕਤੀ, ਸਿਰਜਣ ਅਤੇ ਅਗਵਾਈ ਦਾ ਅਧਾਰ ਮੰਨਿਆ ਗਿਆ ਹੈ। ਅੱਜ ਇਹੋ ਵਿਚਾਰ ਨੀਤੀ ਦਾ ਸਰੂਪ ਲੈ ਚੁੱਕਿਆ ਹੈ, ਜਿੱਥੇ ਮਹਿਲਾਵਾਂ ਨੂੰ ਨਾ ਸਿਰਫ਼ ਲਾਭਪਾਤਰੀ ਸਗੋਂ ਵਿਕਾਸ ਦੀ ਮੋਹਰੀ ਸ਼ਕਤੀ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਪਿਛਲੇ ਵਰ੍ਹਿਆਂ ਵਿੱਚ ਇਹ ਸਪਸ਼ਟ ਹੋਇਆ ਹੈ ਕਿ ਜਦੋਂ ਮੌਕਾ, ਸੰਸਾਧਨ ਅਤੇ ਫੈਸਲੇ ਵਿੱਚ ਭਾਗੀਦਾਰੀ ਮਿਲਦੀ ਹੈ, ਤਾਂ ਮਹਿਲਾ ਸ਼ਕਤੀ ਹਰ ਖੇਤਰ ਵਿੱਚ ਨਵੀਆਂ ਉਚਾਈਆਂ ਸਥਾਪਿਤ ਕਰਦੀ ਹੈ।

ਸੈਨਾ ਤੋਂ ਲੈ ਕੇ ਸਟਾਰਟਅੱਪ, ਖੇਡ ਤੋਂ ਲੈ ਕੇ ਵਿਗਿਆਨ ਅਤੇ ਖੋਜ ਤੱਕ, ਦੇਸ਼ ਦੀਆਂ ਬੇਟੀਆਂ ਆਪਣੇ ਹੁਨਰ ਅਤੇ ਮਿਹਨਤ ਨਾਲ ਨਵੇਂ ਆਯਾਮ ਘੜ੍ਹ ਰਹੀਆਂ ਹਨ। ਇਹ ਤਬਦੀਲੀ ਸਿਰਫ ਪ੍ਰਤੀਕਾਤਮਕ ਨਹੀਂ ਹੈ, ਸਗੋਂ ਨੀਤੀਗਤ ਤਰਜੀਹਾਂ ਦਾ ਨਤੀਜਾ ਹੈ, ਜਿਸ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਅਤੇ ਅਗਵਾਈ ਨੂੰ ਕੇਂਦਰ ਵਿੱਚ ਰੱਖਿਆ ਗਿਆ ਹੈ।

ਮਹਿਲਾ ਰਾਖਵਾਂਕਰਨ ਨੂੰ ਅਸਲੀਅਤ ਬਣਾਉਣ ਦੀ ਕੋਸ਼ਿਸ਼ ਵੀ ਇਸੇ ਵਿਸ਼ਾਲ ਸੋਚ ਦਾ ਹਿੱਸਾ ਹੈ। ਸੰਸਦ ਵਿੱਚ ਲੋੜੀਂਦਾ ਸਮਰਥਨ ਨਾ ਮਿਲਣ ਦੇ ਬਾਵਜੂਦ, ਸਰਕਾਰ ਮਹਿਲਾਵਾਂ ਨੂੰ ਉਨ੍ਹਾਂ ਦਾ ਹੱਕ ਦਿਵਾਉਣ ਦੇ ਲਈ ਵਚਨਬੱਧ ਹੈ।

ਅੰਮ੍ਰਿਤ ਕਾਲ ਵਿੱਚ ਵਿਕਸਿਤ ਭਾਰਤ ਦੀ ਕਲਪਨਾ ਉਦੋਂ ਹੀ ਸਾਕਾਰ ਹੋਵੇਗੀ ਜਦੋਂ ਨਾਰੀ ਸ਼ਕਤੀ ਦੀ ਪੂਰਨ ਤੌਰ 'ਤੇ ਖੁਸ਼ਹਾਲੀ ਯਕੀਨੀ ਹੋਵੇਗੀ। ਇਹ ਸਿਰਫ਼ ਸਰਕਾਰ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਮਾਜ ਦੇ ਹਰ ਵਰਗ ਦੀ ਜ਼ਿੰਮੇਵਾਰੀ ਹੈ ਕਿ ਉਹ ਮਹਿਲਾਵਾਂ ਦੇ ਸਨਮਾਨ, ਬਰਾਬਰ ਮੌਕੇ ਅਤੇ ਅਗਵਾਈ ਨੂੰ ਅੱਗੇ ਵਧਾਵੇ। ਇਹੀ ਸਮਾਵੇਸ਼ੀ ਵਿਕਾਸ ਦਾ ਰਾਹ ਹੈ ਅਤੇ ਇਹੋ ਰਾਸ਼ਟਰ ਦੀ ਅਸਲ ਤਰੱਕੀ ਦਾ ਅਧਾਰ। ਇਸੇ ਸੰਦਰਭ ਵਿੱਚ ਨਾਰੀ ਦੀ ਅਗਵਾਈ ਵਿੱਚ ਵਿਕਾਸ ਦੀ 12 ਵਰ੍ਹਿਆਂ ਦੀ ਯਾਤਰਾ ਇਸ ਵਾਰ ਦੇ ਅੰਕ ਦੀ ਸਾਡੀ ਕਵਰ ਸਟੋਰੀ ਬਣੀ ਹੈ।

ਇਸ ਤੋਂ ਇਲਾਵਾ ਸ਼ਖਸੀਅਤ ਦੀ ਕੜੀ ਵਿੱਚ ਪਰਮਵੀਰ ਚੱਕਰ ਜੇਤੂ ਮੇਜਰ ਹੁਸ਼ਿਆਰ ਸਿੰਘ, ਕੇਂਦਰੀ ਕੈਬਨਿਟ ਦੇ ਫੈਸਲੇ, ਫਲੈਗਸ਼ਿਪ ਵਿੱਚ ਪੀਐੱਮਐੱਸਬੀਵਾਈ, ਪੀਐੱਮਜੇਜੇਬੀਵਾਈ, ਏਪੀਵਾਈ ਦੇ 11 ਵਰ੍ਹੇ, 1 ਮਈ ਨੂੰ ਮਜ਼ਦੂਰ ਦਿਵਸ ਅਤੇ ਆਪ੍ਰੇਸ਼ਨ ਸਿੰਦੂਰ ਦਾ ਇੱਕ ਵਰ੍ਹਾ ਪੂਰਾ ਹੋਣ ਬਾਰੇ ਵਿਸ਼ੇਸ਼ ਸਮੱਗਰੀ, ਮਹਾਤਮਾ ਜਯੋਤੀਰਾਓ ਫੂਲੇ ਬਾਰੇ ਵਿਸ਼ੇਸ਼ ਲੇਖ ਸਮੇਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪਖਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਪੱਤ੍ਰਿਕਾ ਦੇ ਇਨਸਾਈਡ ਪੇਜ 'ਤੇ 15 ਮਈ ਨੂੰ ਹੋਣ ਵਾਲੇ ਅੰਤਰਰਾਸ਼ਟਰੀ ਪਰਿਵਾਰ ਦਿਵਸ ਅਤੇ ਅਤੇ ਬੈਕ ਕਵਰ 'ਤੇ 7 ਮਈ ਨੂੰ ਮਨਾਏ ਜਾਣ ਵਾਲੇ ਸੀਮਾ ਸੜਕ ਸੰਗਠਨ ਸਥਾਪਨਾ ਦਿਵਸ 'ਤੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

(ਧੀਰੇਂਦਰ ਓਝਾ)

ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।
**https://newindiasamachar.pib.gov.in/news.aspx**

# ਆਪਕੀ ਬਾਤ ....






## ਪਰਮਵੀਰ ਚੱਕਰ ਜੇਤੂ ਦੀ ਪ੍ਰੇਰਣਾਦਾਇਕ ਕਹਾਣੀ ਨੇ ਕੀਤਾ ਪ੍ਰਭਾਵਿਤ

ਮੈਂ ਲੋਕਪ੍ਰਿਯ ਪੱਤ੍ਰਿਕਾ ਨਿਊ ਇੰਡੀਆ ਸਮਾਚਾਰ ਦਾ ਨਿਯਮਿਤ ਪਾਠਕ ਹਾਂ। 1-15 ਮਾਰਚ, 2026 ਦੇ ਬੰਗਾਲੀ ਐਡੀਸ਼ਨ ਵਿੱਚ ਪਰਮਵੀਰ ਚੱਕਰ ਜੇਤੂ ਰਾਈਫਲਮੈਨ ਸੰਜੈ ਕੁਮਾਰ ਦੀ ਬਹਾਦਰੀ ਬਾਰੇ ਛਪੇ ਆਰਟੀਕਲ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਉਸ ਆਰਟੀਕਲ ਬਾਰੇ, ਮੈਂ ਆਪਣੀ ਜ਼ਿੰਦਗੀ ਦਾ ਇੱਕ ਬਹੁਤ ਸਨਮਾਨਜਨਕ ਅਤੇ ਯਾਦਗਾਰ ਪਲ ਸ਼ੇਅਰ ਕਰਨਾ ਚਾਹੁੰਦਾ ਹਾਂ। 8 ਦਸੰਬਰ, 2000 ਨੂੰ ਜੰਮੂ ਕੈਂਟੋਨਮੈਂਟ ਵਿੱਚ, ਮੈਨੂੰ ਰਾਈਫਲਮੈਨ ਸੰਜੈ ਕੁਮਾਰ ਨਾਲ ਨਿਜੀ ਤੌਰ ‘ਤੇ ਮਿਲਣ ਦਾ ਖਾਸ ਮੌਕਾ ਮਿਲਿਆ ਸੀ। ਭਾਰਤ ਦੇ ਬਹਾਦਰਾਂ ਦੀਆਂ ਕਹਾਣੀਆਂ ਸ਼ੇਅਰ ਕਰਕੇ ਸਾਨੂੰ ਲਗਾਤਾਰ ਇੰਸਪਾਇਰ ਕਰਨ ਦੇ ਲਈ ਧੰਨਵਾਦ।

**debu.mohorrier@gmail.com**

## ਭਾਰਤ ਦੇ ਵਿਕਾਸ ਦੀ ਸਟੀਕ ਜਾਣਕਾਰੀ

ਕੁਝ ਸਮੇਂ ਤੋਂ ਮੈਨੂੰ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਨਿਰੰਤਰ ਮਿਲਦੀ ਰਹੀ ਹੈ। ਇਸ ਪੱਤ੍ਰਿਕਾ ਦੇ ਜ਼ਰੀਏ ਮੈਨੂੰ ਭਾਰਤ ਦੀ ਤਰੱਕੀ ਦੀ ਸਟੀਕ ਜਾਣਕਾਰੀ ਮਿਲਦੀ ਹੈ। ਇਹ ਸਾਡੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੀ ਅਗਵਾਈ ਹੇਠ ਦੇਸ਼ ਵਿੱਚ ਹੋ ਰਹੇ ਵਿਕਾਸ ਅਤੇ ਤਰੱਕੀ ਬਾਰੇ ਅਪਡੇਟਸ ਪ੍ਰਦਾਨ ਕਰਦੀ ਹੈ। ਇਹ ਦੇਸ਼ਵਾਸੀਆਂ ਦੇ ਲਈ ਕਾਫੀ ਉਤਸ਼ਾਹਜਨਕ ਹੈ। ਇਹ ਦੇਸ਼ ਦੇ ਮਾਣ-ਸਨਮਾਨ- ਸ਼ਾਨ ਨੂੰ ਹੋਰ ਵਧਾ ਰਹੀ ਹੈ। ਇਸ ਪੱਤ੍ਰਿਕਾ ਰਾਹੀ ਸਾਡੇ ਤੱਕ ਕੀਮਤੀ ਜਾਣਕਾਰੀ ਪਹੁੰਚਾਉਣ ਦੇ ਲਈ ਤੁਹਾਡਾ ਅਤੇ ਤੁਹਾਡੀ ਟੀਮ ਦਾ ਦਿਲੋਂ ਧੰਨਵਾਦ।

**ਵਿਜੈ ਮੋਹਰੀਰ**

**vastutejomay58@gmail.com**

## ਗੁੰਝਲਦਾਰ ਵਿਸ਼ਿਆਂ ਬਾਰੇ ਵੀ ਸਰਲ ਭਾਸ਼ਾ ਵਿੱਚ ਜਾਣਕਾਰੀ

ਮੈਂ ਇੱਕ ਨਿਯਮਿਤ ਪਾਠਕ ਦੇ ਤੌਰ ‘ਤੇ ਨਿਊ ਇੰਡੀਆ ਸਮਾਚਾਰ ਦੇ 01- 15 ਮਾਰਚ, 2026 ਦੇ ਅੰਕ ਨੂੰ ਪੜ੍ਹ ਕੇ ਆਪਣਾ ਤਜ਼ਰਬਾ ਸਾਂਝਾ ਕਰਨਾ ਚਾਹੁੰਦਾ ਹਾਂ। ਇਹ ਅੰਕ ਅਤਿਅੰਤ ਜਾਣਕਾਰੀ ਭਰਪੂਰ, ਸਰਲ ਅਤੇ ਦਿਲਚਸਪ ਲੱਗਿਆ। ਇਸ ਪੱਤ੍ਰਿਕਾ ਵਿੱਚ ਦੇਸ਼ ਦੀ ਤਰੱਕੀ, ਨਵੀਆਂ ਯੋਜਨਾਵਾਂ ਅਤੇ ਕਰੰਟ ਅਫੇਅਰਸ ਨੂੰ ਬਹੁਤ ਹੀ ਸਰਲ ਭਾਸ਼ਾ ਵਿੱਚ ਪੇਸ਼ ਕੀਤਾ ਗਿਆ ਹੈ। ਇਨਫ੍ਰਾਸਟ੍ਰਕਚਰ ਵਿਕਾਸ, ਸਾਈਬਰ ਸੁਰੱਖਿਆ, ਸਿਹਤ ਸੇਵਾਵਾਂ, 6ਜੀ ਤਕਨੀਕ, ਰੇਲਵੇ ਅਤੇ ਪੁਲਾੜ ਖੇਤਰ ਵਿੱਚ ਹੋ ਰਹੇ ਵਿਕਾਸ ਨੂੰ ਪੜ੍ਹ ਕੇ ਦੇਸ਼ ਦੀ ਤਰੱਕੀ ਦਾ ਸਪਸ਼ਟ ਚਿੱਤਰ ਸਾਹਮਣੇ ਆਉਂਦਾ ਹੈ। ਮੈਨੂੰ ਖਾਸ ਤੌਰ ‘ਤੇ ਇਹ ਗੱਲ ਚੰਗੀ ਲੱਗੀ ਕਿ ਗੁੰਝਲਦਾਰ ਵਿਸ਼ਿਆਂ ਨੂੰ ਵੀ ਅਸਾਨ ਢੰਗ ਨਾਲ ਸਮਝਾਇਆ ਗਿਆ ਹੈ, ਜਿਸ ਨਾਲ ਆਮ ਪਾਠਕ ਵੀ ਅਸਾਨੀ ਨਾਲ ਸਮਝ ਸਕਦਾ ਹੈ। ਨਾਲ ਹੀ, ਇਸ ਵਿੱਚ ਦਿੱਤੀ ਗਈ ਜਾਣਕਾਰੀ ਪ੍ਰਮਾਣਿਕ ਅਤੇ ਉਪਯੋਗੀ ਹੈ। ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਦੇ ਲਈ ਇਹ ਪੱਤ੍ਰਿਕਾ ਬਹੁਤ ਲਾਹੇਵੰਦ ਹੈ, ਕਿਉਂਕਿ ਇਸ ਵਿੱਚ ਕਰੰਟ ਅਫੇਅਰਸ ਦੀ ਜਾਣਕਾਰੀ ਸੰਖੇਪ ਅਤੇ ਸਪਸ਼ਟ ਤੌਰ ‘ਤੇ ਮਿਲ ਜਾਂਦੀ ਹੈ। ਇੱਕ ਪਾਠਕ ਦੇ ਰੂਪ ਵਿੱਚ ਮੈਂ ਕਹਿ ਸਕਦੀ ਹਾਂ ਕਿ ਇਹ ਅੰਕ ਗਿਆਨ ਭਰਪੂਰ ਅਤੇ ਪ੍ਰੇਰਣਾਦਾਇਕ ਹੈ। ਭਵਿੱਖ ਵਿੱਚ ਵੀ ਅਜਿਹੇ ਹੀ ਉਪਯੋਗੀ ਅੰਕ ਪ੍ਰਕਾਸ਼ਿਤ ਹੁੰਦੇ ਰਹਿਣ, ਇਹੋ ਉਮੀਦ ਹੈ।

**ਅਭਿਜੀਤ ਯਸ਼ ਭਾਰਤੀ**

**abhijeetyashbharti@gmail.com**

## ਨੇਪਾਲੀ ਭਾਸ਼ਾ ਵਿੱਚ ਵੀ ਪ੍ਰਕਾਸ਼ਿਤ ਹੋਵੇ, ਬਿਹਤਰੀਨ ਪੱਤ੍ਰਿਕਾ ....

ਇਹ ਜਾਣ ਕੇ ਖੁਸ਼ੀ ਹੋਈ ਕਿ ਨਿਊ ਇੰਡੀਆ ਸਮਾਚਾਰ ਹਿੰਦੀ ਸਮੇਤ 13 ਭਾਸ਼ਾਵਾਂ ਵਿੱਚ ਛਪਣ ਦੀ ਵਿਵਸਥਾ ਕੀਤੀ ਗਈ ਹੈ। ਇਸ ਦੇ ਜ਼ਰੀਏ ਪਾਠਕਾਂ ਨੂੰ ਦੇਸ਼ ਵਿੱਚ ਹੋ ਰਹੇ ਵਿਭਿੰਨ ਖੇਤਰਾਂ ਦੇ ਵਿਕਾਸ ਅਤੇ ਸਰਕਾਰ ਦੀ ਜਨਹਿਤ ਦੀਆਂ ਯੋਜਨਾਵਾਂ ਤੋਂ ਜਾਣੂ ਹੋਣ ਦਾ ਮੌਕਾ ਮਿਲ ਰਿਹਾ ਹੈ। ਮੇਰੀ ਨਿਮਰ ਬੇਨਤੀ ਇਹ ਹੈ ਕਿ ਸੰਭਵ ਹੋ ਸਕੇ ਤਾਂ ਨੇਪਾਲੀ ਭਾਸ਼ਾ ਵਿੱਚ ਇਹ ਪੱਤ੍ਰਿਕਾ ਛਪਵਾਉਣ ਦੀ ਵਿਵਸਥਾ ਕਰੋ। ਭਰੋਸਾ ਹੈ, ਤੁਸੀਂ ਮੇਰੀ ਬੇਨਤੀ ‘ਤੇ ਜ਼ਰੂਰ ਵਿਚਾਰ ਕਰੋਗੇ ਅਤੇ ਅੱਗੇ ਸਹੀ ਦਿਸ਼ਾ ਵਿੱਚ ਫੈਸਲਾ ਲਓਗੇ।

**ਬਿਰਖ ਖੜਕਾ ਡੁਵਰਸੇਲੀ**

**birkhakd@gmail.com**

ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003

**ਈਮੇਲ: response-nis@pib.gov.in**

ਸਮਾਚਾਰ ਸਾਰ

## ਵਪਾਰਕ ਫਾਸਟ ਬ੍ਰੀਡਰ ਰਿਐਕਟਰ ਸੰਚਾਲਨ ਕਰਨ ਵਾਲਾ ਭਾਰਤ .... ਰੂਸ ਤੋਂ ਬਾਅਦ ਦੁਨੀਆ ਦਾ ਦੂਜਾ ਦੇਸ਼ ਬਣੇਗਾ

ਭਾਰਤ ਨੇ ਆਪਣੇ ਪਰਮਾਣੂ ਊਰਜਾ ਪ੍ਰੋਗਰਾਮ ਵਿੱਚ ਇੱਕ ਮਹੱਤਵਪੂਰਨ ਉਪਲਬਧੀ ਹਾਸਲ ਕੀਤੀ ਹੈ। ਤਮਿਲ ਨਾਡੂ ਦੇ ਕਲਪੱਕਮ ਵਿਖੇ ਸਵਦੇਸ਼ੀ ਤੌਰ 'ਤੇ ਡਿਜ਼ਾਈਨ ਅਤੇ ਤਿਆਰ ਪ੍ਰੋਟੋਟਾਈਪ ਫਾਸਟ ਬ੍ਰੀਡਰ ਰਿਐਕਟਰ (ਪੀਐੱਫਬੀਆਰ) ਨੇ ਸਫਲਤਾਪੂਰਵਕ ਆਪਣੀ ਪਹਿਲੀ ਆਲੋਚਨਾ (ਆਤਮ- ਨਿਰਭਰ ਨਿਊਕਲੀਅਰ ਚੇਨ ਪ੍ਰਤੀਕਿਰਿਆ) ਹਾਸਲ ਕਰ ਲਈ ਹੈ। ਇਸ ਪ੍ਰਾਪਤੀ ਦੇ ਨਾਲ, ਭਾਰਤ ਅਧਿਕਾਰਤ ਤੌਰ 'ਤੇ ਆਪਣੇ ਤਿੰਨ -ਪੜਾਅ ਪਰਮਾਣੂ ਊਰਜਾ ਪ੍ਰੋਗਰਾਮ ਦੇ ਦੂਜੇ ਪੜਾਅ ਵਿੱਚ ਦਾਖਲ ਹੋ ਗਿਆ ਹੈ। ਇਸ ਦੀ ਕਲਪਨਾ ਸਭ ਤੋਂ ਪਹਿਲਾਂ ਭਾਰਤ ਦੇ ਪਰਮਾਣੂ ਪ੍ਰੋਗਰਾਮ ਦੇ ਵਾਸਤੂਕਾਰ ਡਾ. ਹੋਮੀ ਜਹਾਂਗੀਰ ਭਾਭਾ ਨੇ ਕੀਤੀ ਸੀ। ਪੂਰਨ ਤੌਰ 'ਤੇ ਸੰਚਾਲਨ ਵਿੱਚ ਆਉਣ ਤੋਂ ਬਾਅਦ ਭਾਰਤ, ਰੂਸ ਤੋਂ ਬਾਅਦ ਵਪਾਰਕ ਫਾਸਟ ਬ੍ਰੀਡਰ ਰਿਐਕਟਰ ਦਾ ਸੰਚਾਲਨ ਕਰਨ ਵਾਲਾ ਦੁਨੀਆ ਦਾ ਦੂਜਾ ਦੇਸ਼ ਬਣ ਜਾਵੇਗਾ। ਪੀਐੱਫਬੀਆਰ ਦੇ ਜ਼ਰੀਏ ਯੂਰੇਨੀਅਮ ਸੰਸਾਧਨਾਂ ਦੀ ਬਿਹਤਰ ਵਰਤੋਂ ਸੰਭਵ ਹੋਵੇਗੀ। ਦੇਸ਼ ਦੇ ਵਿਸ਼ਾਲ ਥੋਰੀਅਮ ਭੰਡਾਰ ਦੀ ਵਰਤੋਂ ਦਾ ਰਾਹ ਵੀ ਖੁੱਲ੍ਹੇਗਾ। 500 ਮੈਗਾਵਾਟ ਦਾ ਇਹ ਰਿਐਕਟਰ ਘੱਟ ਈਂਧਣ ਵਿੱਚ ਜ਼ਿਆਦਾ ਊਰਜਾ ਦੇਣ ਦੀ ਸਮਰੱਥਾ ਰੱਖਦਾ ਹੈ।



## ਪੌਣ ਊਰਜਾ ਦੇ ਖੇਤਰ ਵਿੱਚ ਹੁਣ ਤੱਕ ਦਾ ਸਭ ਤੋਂ ਜ਼ਿਆਦਾ ਸਲਾਨਾ ਵਾਧਾ

ਪੌਣ ਊਰਜਾ ਦੇ ਖੇਤਰ ਵਿੱਚ ਭਾਰਤ ਨੇ ਵਿੱਤੀ ਵਰ੍ਹੇ 2025- 26 ਵਿੱਚ ਹੁਣ ਤੱਕ ਦਾ ਸਭ ਤੋਂ ਜ਼ਿਆਦਾ ਵਾਧਾ ਦਰਜ ਕੀਤਾ ਹੈ। ਇੱਕ ਸਾਲ ਦੇ ਦੌਰਾਨ ਦੇਸ਼ ਵਿੱਚ 6.05 ਗੀਗਾਵਾਟ ਨਵੀਂ ਪੌਣ ਊਰਜਾ ਸਮਰੱਥਾ ਜੋੜੀ ਗਈ ਹੈ। ਪਿਛਲੇ ਵਿੱਤੀ ਵਰ੍ਹੇ 2024-25 ਦੀ ਤੁਲਨਾ ਵਿੱਚ ਇਸ ਵਰ੍ਹੇ ਪੌਣ ਊਰਜਾ ਦੀ ਸਮਰੱਥਾ ਵਿੱਚ ਲਗਭਗ 46% ਦਾ ਵਾਧਾ ਹੋਇਆ ਹੈ। ਇਸ ਨਾਲ ਪਹਿਲਾਂ 2016- 17 ਵਿੱਚ 5.5 ਗੀਗਾਵਾਟ ਦਾ ਰਿਕਾਰਡ ਬਣਿਆ ਸੀ। ਨਵੀਂ ਪ੍ਰਾਪਤੀ ਦੇ ਨਾਲ ਹੁਣ ਭਾਰਤ ਦੀ ਕੁੱਲ ਸਥਾਪਿਤ ਪੌਣ ਊਰਜਾ ਸਮਰੱਥਾ 56 ਗੀਗਾਵਾਟ ਤੋਂ ਜ਼ਿਆਦਾ ਹੋ ਗਈ ਹੈ। ਗੁਜਰਾਤ, ਕਰਨਾਟਕ ਅਤੇ ਮਹਾਰਾਸ਼ਟਰ ਪੌਣ ਊਰਜਾ ਦੇ ਉਤਪਾਦਨ ਅਤੇ ਨਵੀਂ ਸਮਰੱਥਾ ਜੋੜਨ ਵਿੱਚ ਸਭ ਤੋਂ ਅੱਗੇ ਰਹੇ ਹਨ। ਇਹ ਸਫਲਤਾ ਭਾਰਤ ਦੇ 2030 ਤੱਕ 500 ਗੀਗਾਵਾਟ ਨੌਨ- ਫੌਸਿਲ ਫਿਊਲ ਸਮਰੱਥਾ ਦੇ ਟੀਚੇ ਨੂੰ ਹਾਸਲ ਕਰਨ ਵਿੱਚ ਵੱਡੀ ਭੂਮਿਕਾ ਨਿਭਾਏਗੀ। ਭਾਰਤ ਆਪਣੀਆਂ ਨੀਤੀਆਂ ਦੀ ਵਜ੍ਹਾ ਨਾਲ ਅੱਜ ਦੁਨੀਆ ਦੇ ਪ੍ਰਮੁੱਖ ਪੌਣ ਊਰਜਾ ਬਜ਼ਾਰਾਂ ਵਿੱਚ ਸ਼ਾਮਲ ਹੈ। ਉੱਥੇ ਹੀ ਦੂਜੇ ਪਾਸੇ ਅਖੁੱਟ ਊਰਜਾ ਅੰਕੜੇ 2026 ਦੇ ਅਨੁਸਾਰ ਅਖੁੱਟ ਊਰਜਾ ਸਥਾਪਿਤ ਸਮਰੱਥਾ ਵਿੱਚ ਭਾਰਤ, ਬ੍ਰਾਜ਼ੀਲ ਨੂੰ ਪਿੱਛੇ ਛੱਡ ਕੇ ਵਿਸ਼ਵ ਵਿੱਚ ਤੀਜੇ ਸਥਾਨ 'ਤੇ ਪਹੁੰਚ ਗਿਆ ਹੈ। ਭਾਰਤ ਨੇ ਵਿੱਤੀ ਵਰ੍ਹੇ 2025- 26 ਦੇ ਦੌਰਾਨ ਕੁੱਲ 55.3 ਗੀਗਾਵਾਟ ਨੌਨ- ਫੌਸਿਲ ਊਰਜਾ ਸਮਰੱਥਾ ਦਾ ਵਾਧਾ ਕੀਤਾ ਹੈ। 31 ਮਾਰਚ, 2026 ਤੱਕ ਦੇਸ਼ ਵਿੱਚ ਨੌਨ ਫੌਸਿਲ ਫਿਊਲ ਸਰੋਤਾਂ ਤੋਂ ਕੁੱਲ 283.46 ਗੀਗਾਵਾਟ ਸਮਰੱਥਾ ਸਥਾਪਿਤ ਕੀਤੀ ਜਾ ਚੁੱਕੀ ਹੈ।



## ਜੰਗੀ ਜਹਾਜ਼ 'ਆਈਐੱਨਐੱਸ ਤਾਰਾਗਿਰੀ' ਭਾਰਤੀ ਜਲ ਸੈਨਾ ਵਿੱਚ ਸ਼ਾਮਲ

ਅਪ੍ਰੈਲ ਦੇ ਪਹਿਲੇ ਹਫਤੇ ਵਿੱਚ ਪ੍ਰੋਜੈਕਟ 17 –ਏ ਸ਼੍ਰੇਣੀ ਦਾ ਚੌਥਾ ਸ਼ਕਤੀਸ਼ਾਲੀ ਜੰਗੀ ਜਹਾਜ਼, ਆਈਐੱਨਐੱਸ ਤਾਰਾਗਿਰੀ ਨੂੰ ਆਂਧਰ ਪ੍ਰਦੇਸ਼ ਦੇ ਵਿਸ਼ਾਖਾਪਟਨਮ ਵਿੱਚ ਰਕਸ਼ਾ ਮੰਤਰੀ ਰਾਜਨਾਥ ਸਿੰਘ ਦੀ ਮੌਜੂਦਗੀ ਵਿੱਚ ਭਾਰਤੀ ਜਲ ਸੈਨਾ ਵਿੱਚ ਸ਼ਾਮਲ ਕੀਤਾ ਗਿਆ। ਇਹ ਜੰਗੀ ਜਹਾਜ਼ ਆਧੁਨਿਕ ਜਲ ਸੈਨਾ ਜਹਾਜ਼ ਦੇ ਨਿਰਮਾਣ ਦਾ ਸ਼ਾਨਦਾਰ ਨਮੂਨਾ ਹੈ, ਜਿਸ ਨੂੰ ਜੰਗੀ ਜਹਾਜ਼ ਡਿਜ਼ਾਈਨ ਬਿਊਰੋ ਦੁਆਰਾ ਤਿਆਰ ਕੀਤਾ ਗਿਆ ਹੈ। 75% ਤੋਂ ਵੱਧ ਸਵਦੇਸ਼ੀ ਸਮੱਗਰੀ ਨਾਲ ਤਿਆਰ ਤਾਰਾਗਿਰੀ, ਭਾਰਤ ਦੀ ਜਹਾਜ਼ ਨਿਰਮਾਣ ਸਮਰੱਥਾ ਅਤੇ ਮਜ਼ਬੂਤ ਜਨਤਕ ਨਿਜੀ ਭਾਗੀਦਾਰੀ ਦੀ ਸ਼ਾਨਦਾਰ ਉਦਾਹਰਣ ਹੈ। ਇਹ ਦੁਸ਼ਮਣ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ, ਆਪਣੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਲੋੜ ਪੈਣ 'ਤੇ ਤੁਰੰਤ ਜਵਾਬੀ ਕਾਰਵਾਈ ਕਰਨ ਦੇ ਲਈ ਡਿਜ਼ਾਈਨ ਕੀਤੀ ਗਈ ਪ੍ਰਣਾਲੀ ਨਾਲ ਲੈਸ ਹੈ। ਇਸ ਵਿੱਚ ਆਧੁਨਿਕ ਰਡਾਰ, ਸੋਨਾਰ ਅਤੇ ਮਿਜ਼ਾਈਲ ਪ੍ਰਣਾਲੀ ਜਿਵੇਂ ਕਿ ਬ੍ਰਹਮੋਸ ਅਤੇ ਸਤਿਹ ਤੋਂ ਹਵਾ ਵਿੱਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਹਨ, ਜੋ ਕਿ ਇਸ ਦੀ ਸੰਚਾਲਨ ਸਮਰੱਥਾ ਨੂੰ ਹੋਰ ਵਧਾਉਂਦੀਆਂ ਹਨ।



## ਗਵਰਨਮੈਂਟ ਈ- ਮਾਰਕਿਟਪਲੇਸ 'ਤੇ 18 ਲੱਖ ਕਰੋੜ ਰੁਪਏ ਤੋਂ ਵੱਧ ਦਾ ਕਾਰੋਬਾਰ

ਗਵਰਨਮੈਂਟ ਈ- ਮਾਰਕਿਟਪਲੇਸ (ਜੈੱਮ) ਨੇ 18.4 ਲੱਖ ਕਰੋੜ ਰੁਪਏ ਦਾ ਕਾਰੋਬਾਰ ਪੂਰਾ ਕੀਤਾ ਹੈ। ਵਿੱਤੀ ਵਰ੍ਹੇ 2025-26 ਦੇ ਦੌਰਾਨ ਕੁੱਲ ਆਰਡਰ ਵਿੱਚੋਂ 68 ਪ੍ਰਤੀਸ਼ਤ ਸੂਖਮ ਅਤੇ ਲਘੂ ਉੱਦਮਾਂ (ਐੱਮਐੱਸਈਜ਼) ਨੂੰ ਮਿਲੇ ਹਨ। ਇਹ ਕੁੱਲ ਕੀਮਤ ਦਾ 47.1 ਪ੍ਰਤੀਸ਼ਤ ਰਿਹਾ। ਇਸ ਪਲੈਟਫਾਰਮ 'ਤੇ 11 ਲੱਖ ਤੋਂ ਵੱਧ ਐੱਮਐੱਸਈਜ਼ ਰਜਿਸਟਰਡ ਹਨ। ਵਿੱਤੀ ਵਰ੍ਹੇ 2025- 26 ਦੇ ਦੌਰਾਨ ਇਨ੍ਹਾਂ ਨੂੰ 2.36 ਲੱਖ ਕਰੋੜ ਰੁਪਏ ਕੀਮਤ ਦੇ 51 ਲੱਖ ਤੋਂ ਵੱਧ ਆਰਡਰ ਪ੍ਰਾਪਤ ਹੋਏ ਹਨ, ਜੋ ਕਿ ਪਿਛਲੇ ਵਿੱਤੀ ਵਰ੍ਹੇ ਦੀ ਤੁਲਨਾ ਵਿੱਚ 20 ਪ੍ਰਤੀਸ਼ਤ ਤੋਂ ਵੱਧ ਹੈ। ਪੋਰਟਲ 'ਤੇ ਕੁੱਲ 21 ਲੱਖ ਤੋਂ ਵੱਧ ਮਹਿਲਾ ਅਗਵਾਈ ਵਾਲੇ ਐੱਮਐੱਸਈਜ਼ ਰਜਿਸਟਰਡ ਹਨ। ਇਨ੍ਹਾਂ ਨੂੰ 28,000 ਕਰੋੜ ਰੁਪਏ ਤੋਂ ਵੱਧ ਦੇ ਆਰਡਰ ਪ੍ਰਾਪਤ ਹੋਏ ਹਨ।

# ਕਾਸ਼ੀ ਵਿੱਚ ਵਿਸ਼ਵ ਦੀ ਪਹਿਲੀ ਵਿਕ੍ਰਮਾਦਿੱਤਯ ਵੈਦਿਕ ਘੜੀ




ਭਾਰਤੀ ਸਮੇਂ ਦੀ ਨਿਗਰਾਨੀ ਪ੍ਰਣਾਲੀ ਦੀ ਮਹਿਮਾ ਕਾਸ਼ੀ ਦੀ ਪਵਿੱਤਰ ਧਰਤੀ 'ਤੇ ਉਭਰੀ ਹੈ। ਦੁਨੀਆ ਦੀ ਪਹਿਲੀ "ਵਿਕ੍ਰਮਾਦਿੱਤਯ ਵੈਦਿਕ ਘੜੀ" ਵਾਰਾਣਸੀ ਦੇ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਵਿੱਚ ਸਥਾਪਿਤ ਕੀਤੀ ਗਈ ਸੀ। ਇਹ 700 ਕਿਲੋਗ੍ਰਾਮ, ਤਕਨਾਲੋਜੀ-ਸੰਚਾਲਿਤ ਯੰਤਰ ਪ੍ਰਾਚੀਨ ਭਾਰਤੀ ਪੰਚਾਂਗ ਦੇ ਅਧਾਰ 'ਤੇ ਸਮਾਂ ਪ੍ਰਦਰਸ਼ਿਤ ਕਰਦਾ ਹੈ, ਜਿਸ ਦਾ ਦਿਨ ਸੂਰਜ ਚੜ੍ਹਨ ਨਾਲ ਸ਼ੁਰੂ ਹੁੰਦਾ ਹੈ ਅਤੇ 30 ਮਹੂਰਤਾਂ ਵਿੱਚ ਵੰਡਿਆ ਜਾਂਦਾ ਹੈ। ਇਹ ਘੜੀ ਤਿਥੀ, ਨਕਸ਼ਤਰ ਅਤੇ ਗ੍ਰਹਿਆਂ ਦੀਆਂ ਸਥਿਤੀਆਂ ਨੂੰ ਦਰਸਾਉਂਦੀ ਹੈ। ਸਮੇਂ ਦੀ ਇਹ ਪ੍ਰਤੀਨਿਧਤਾ, ਸੂਰਜ ਚੜ੍ਹਨ ਤੋਂ ਸੂਰਜ ਡੁੱਬਣ ਤੱਕ ਫੈਲੇ 30 ਮਹੂਰਤਾਂ (ਸ਼ੁਭ ਸਮਾਂ ਇਕਾਈਆਂ) ਵਿੱਚ ਵੰਡੀ ਹੋਈ ਹੈ, ਸਾਡੇ ਪ੍ਰਾਚੀਨ ਰਿਸ਼ੀਆਂ ਦੇ ਡੂੰਘੇ ਵਿਗਿਆਨਿਕ ਦ੍ਰਿਸ਼ਟੀਕੋਣ ਦੀ ਉਦਾਹਰਣ ਦਿੰਦੀ ਹੈ। ਇਹ ਇਸ 30-ਮਹੂਰਤ ਚੱਕਰਾਂ ਦੇ ਅੰਦਰ ਹਰ ਇੱਕ ਪਲ ਨੂੰ ਚਿੰਨ੍ਹਿਤ ਕਰੇਗੀ, ਕਿਉਂਕਿ ਇਹ ਸਿਰਫ਼ ਸਮੇਂ ਦੇ ਮਾਪ ਵਜੋਂ ਹੀ ਨਹੀਂ ਸਗੋਂ ਸਾਡੀ ਸੰਸਕ੍ਰਿਤੀ ਦੇ ਇੱਕ ਡੂੰਘੇ ਰੂਪ ਵਜੋਂ ਕੰਮ ਕਰਦੀ ਹੈ।

## ਡੀਐੱਲਸੀ ਅਭਿਆਨ 4.0

# ਪੈਨਸ਼ਨਰਜ਼ ਦੀ ਭਲਾਈ ਲਈ ਹੁਣ ਤੱਕ ਦਾ ਸਭ ਤੋਂ ਵੱਡਾ ਅਭਿਆਨ



ਪੈਨਸ਼ਨ ਅਤੇ ਪੈਨਸ਼ਨਰਜ਼ ਭਲਾਈ ਵਿਭਾਗ (ਡੀਓਪੀਪੀਡਬਲਿਊ) ਨਵੰਬਰ 2022 ਤੋਂ ਲਾਈਫ ਸਰਟੀਫਿਕੇਟ ਜਮ੍ਹਾਂ ਕਰਨ ਦੀ ਪ੍ਰਕਿਰਿਆ ਦੇ ਡਿਜੀਟਾਈਜ਼ੇਸ਼ਨ ਦਾ ਅਭਿਆਨ ਚਲਾ ਰਿਹਾ ਹੈ। ਅਭਿਆਨ ਦੇ ਤਹਿਤ ਦੇਸ਼ ਭਰ ਦੇ ਚਿੰਨ੍ਹਿਤ ਸ਼ਹਿਰਾਂ ਵਿੱਚ ਹਰ ਵਰ੍ਹੇ 1 ਤੋਂ 30 ਨਵੰਬਰ ਤੱਕ ਕੈਂਪ ਆਯੋਜਿਤ ਕੀਤੇ ਜਾਂਦੇ ਹਨ। ਅਭਿਆਨ ਦੇ ਤਹਿਤ ਦੇਸ਼ ਭਰ ਦੇ 2,000 ਸ਼ਹਿਰਾਂ ਅਤੇ ਜ਼ਿਲ੍ਹਿਆਂ ਵਿੱਚ 75,000 ਕੈਂਪ ਆਯੋਜਿਤ ਕੀਤੇ ਗਏ। ਇਸ ਦੌਰਾਨ 1.91 ਕਰੋੜ ਤੋਂ ਵੱਧ ਡੀਐੱਲਸੀ ਬਣਾਏ ਗਏ ਜਿਸ ਵਿੱਚ 1.16 ਕਰੋੜ ਤੋਂ ਵੱਧ ਡੀਐੱਲਸੀ (60%) ਫੇਸ ਔਥੈਂਟੀਕੇਸ਼ਨ ਤਕਨੀਕ ਦੀ ਵਰਤੋਂ ਕਰਕੇ ਬਣਾਏ ਗਏ। ਡਿਜੀਟਲ ਲਾਈਫ ਸਰਟੀਫਿਕੇਟਸ (ਡੀਐੱਲਸੀ) ਪੈਨਸ਼ਨਰਜ਼ ਲਈ ਆਧਾਰ –ਅਧਾਰਿਤ ਡਿਜੀਟਲ ਸੇਵਾ ਹੈ, ਜੋ ਕਿ ਉਨ੍ਹਾਂ ਨੂੰ ਘਰ ਬੈਠੇ ਸਮਾਰਟਫੋਨ ਦੇ ਜ਼ਰੀਏ ਫੇਸ ਔਥੈਂਟੀਕੇਸ਼ਨ (ਚਿਹਰਾ ਪ੍ਰਮਾਣੀਕਰਣ) ਦੀ ਵਰਤੋਂ ਕਰਕੇ ਲਾਈਫ ਸਰਟੀਫਿਕੇਟਸ ਜਮ੍ਹਾਂ ਕਰਨ ਦੀ ਮਨਜ਼ੂਰੀ ਦਿੰਦਾ ਹੈ।

# ਮਹਾਤਮਾ ਜਯੋਤੀਰਾਓ ਫੂਲੇ
# ਭਾਰਤ ਦੇ ਦਿਵਯ ਪਥ-ਪ੍ਰਦਰਸ਼ਕ



**ਨਰੇਂਦਰ ਮੋਦੀ**
ਪ੍ਰਧਾਨ ਮੰਤਰੀ

*ਇਸ ਵਰ੍ਹੇ 11 ਅਪ੍ਰੈਲ ਨੂੰ ਮਹਾਨ ਸਮਾਜ ਸੁਧਾਰਕ ਮਹਾਤਮਾ ਜਯੋਤੀਰਾਓ ਫੂਲੇ ਦੀ 200ਵੀਂ ਜਯੰਤੀ ਸਮਾਰੋਹਾਂ ਦੀ ਮਹੱਤਵਪੂਰਨ ਸ਼ੁਰੂਆਤ ਹੋਈ ਹੈ। ਇਸ ਵਿਸ਼ੇਸ਼ ਮੌਕੇ ਨੂੰ ਚਿਹ੍ਨਿਤ ਕਰਨ ਦੇ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇੱਕ ਲੇਖ ਲਿਖ ਕੇ ਸਾਂਝਾ ਕੀਤਾ ਕਿ ਮਹਾਤਮਾ ਫੂਲੇ ਅੱਜ ਵੀ ਕਈ ਲੋਕਾਂ ਦੇ ਲਈ ਪ੍ਰੇਰਣਾ ਪੁੰਜ ਹਨ ਅਤੇ ਸਿੱਖਿਆ, ਗਿਆਨ ਅਤੇ ਸਮਾਜ ਭਲਾਈ 'ਤੇ ਉਨ੍ਹਾਂ ਦਾ ਜ਼ੋਰ ਮੌਜੂਦਾ ਸਮੇਂ ਵਿੱਚ ਵੀ ਹੈ ਅਤਿਅੰਤ ਪ੍ਰਾਸੰਗਿਕ ....*

ਮਹਾਨ ਸਮਾਜ ਸੁਧਾਰਕ ਮਹਾਤਮਾ ਫੂਲੇ ਦਾ ਜੀਵਨ ਨੈਤਿਕ ਹਿੰਮਤ, ਆਤਮ-ਚਿੰਤਨ ਅਤੇ ਸਮਾਜ ਦੇ ਹਿਤ ਦੇ ਲਈ ਅਟੁੱਟ ਸਮਰਪਣ ਦੀ ਪ੍ਰੇਰਕ ਉਦਾਹਰਣ ਹੈ। ਮਹਾਤਮਾ ਫੂਲੇ ਨੂੰ ਸਿਰਫ਼ ਉਨ੍ਹਾਂ ਦੀਆਂ ਸੰਸਥਾਵਾਂ ਜਾਂ ਅੰਦੋਲਨਾਂ ਦੇ ਲਈ ਹੀ ਯਾਦ ਨਹੀਂ ਕੀਤਾ ਜਾਂਦਾ, ਸਗੋਂ ਉਨ੍ਹਾਂ ਨੇ ਲੋਕਾਂ ਦੇ ਮਨ ਵਿੱਚ ਜੋ ਉਮੀਦ ਅਤੇ ਆਤਮ-ਵਿਸ਼ਵਾਸ ਜਗਾਇਆ, ਉਸ ਦਾ ਵਿਆਪਕ ਪ੍ਰਭਾਵ ਅਸੀਂ ਅੱਜ ਵੀ ਮਹਿਸੂਸ ਕਰਦੇ ਹਾਂ। ਉਨ੍ਹਾਂ ਦੇ ਵਿਚਾਰ ਦੇਸ਼ਵਾਸੀਆਂ ਦੇ ਲਈ ਪ੍ਰੇਰਣਾ ਪੁੰਜ ਹਨ।

ਮਹਾਤਮਾ ਫੂਲੇ ਦਾ ਜਨਮ 1827 ਵਿੱਚ ਮਹਾਰਾਸ਼ਟਰ ਵਿੱਚ ਇੱਕ ਬਹੁਤ ਹੀ ਸਧਾਰਣ ਪਰਿਵਾਰ ਵਿੱਚ ਹੋਇਆ। ਪਰ ਸ਼ੁਰੂਆਤੀ ਚੁਣੌਤੀਆਂ ਕਦੇ ਉਨ੍ਹਾਂ ਦੀ ਸਿੱਖਿਆ, ਹਿੰਮਤ ਅਤੇ ਸਮਾਜ ਦੇ ਪ੍ਰਤੀ ਸਮਰਪਣ ਨੂੰ ਨਹੀਂ ਰੋਕ ਸਕੀਆਂ। ਉਨ੍ਹਾਂ ਨੇ ਹਮੇਸ਼ਾ ਇਹ ਮੰਨਿਆ ਕਿ ਭਾਵੇਂ ਕਿੰਨੀਆਂ ਵੀ ਮੁਸ਼ਕਲਾਂ ਕਿਉਂ ਨਾ ਆਉਣ, ਇਨਸਾਨ ਨੂੰ ਮਿਹਨਤ ਕਰਨੀ ਚਾਹੀਦੀ ਹੈ, ਗਿਆਨ ਹਾਸਲ ਕਰਨਾ ਚਾਹੀਦਾ ਹੈ ਅਤੇ ਸਮੱਸਿਆਵਾਂ ਦਾ ਹੱਲ ਕਰਨਾ ਚਾਹੀਦਾ ਹੈ, ਨਾ ਕਿ ਉਨ੍ਹਾਂ ਨੂੰ ਅਣਦੇਖਿਆ ਕਰਨਾ ਚਾਹੀਦਾ ਹੈ। ਬਚਪਨ ਤੋਂ ਹੀ ਮਹਾਤਮਾ ਫੂਲੇ ਬਹੁਤ ਜਿਗਿਆਸੂ ਸਨ ਅਤੇ ਆਪਣੀ ਉਮਰ ਦੇ ਹੋਰ ਬੱਚਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਪੁਸਤਕਾਂ ਪੜ੍ਹਦੇ ਸਨ। ਉਹ ਕਹਿੰਦੇ ਵੀ ਸਨ, "ਅਸੀਂ ਜਿੰਨਾ ਜ਼ਿਆਦਾ ਸਵਾਲ ਕਰਦੇ ਹਾਂ, ਉਨ੍ਹਾਂ ਤੋਂ ਓਨਾ ਹੀ ਵੱਧ ਗਿਆਨ ਉਭਰਦਾ ਹੈ।" ਸਪਸ਼ਟ ਹੈ ਕਿ ਬਚਪਨ ਤੋਂ ਮਿਲੀ ਜਿਗਿਆਸਾ ਉਨ੍ਹਾਂ ਦੀ ਪੂਰੀ ਯਾਤਰਾ ਵਿੱਚ ਬਣੀ ਰਹੀ।

ਮਹਾਤਮਾ ਫੂਲੇ ਦੇ ਜੀਵਨ ਵਿੱਚ ਸਿੱਖਿਆ ਸਭ ਤੋਂ ਮਹੱਤਵਪੂਰਨ ਮਿਸ਼ਨ ਬਣੀ। ਉਨ੍ਹਾਂ ਦਾ ਮੰਨਣਾ ਸੀ ਕਿ ਗਿਆਨ ਕਿਸੇ ਇੱਕ ਵਰਗ ਦੀ ਸੰਪਤੀ ਨਹੀਂ, ਸਗੋਂ ਇੱਕ ਅਜਿਹੀ ਸ਼ਕਤੀ ਹੈ, ਜਿਸ ਨੂੰ ਸਾਰਿਆਂ ਦੇ ਨਾਲ ਸਾਂਝਾ ਕੀਤਾ ਜਾਣਾ ਚਾਹੀਦਾ ਹੈ। ਜਦੋਂ ਸਮਾਜ ਦੇ ਵੱਡੇ ਹਿੱਸੇ ਨੂੰ ਸਿੱਖਿਆ ਤੋਂ ਵਾਂਝਾ ਰੱਖਿਆ ਜਾਂਦਾ ਸੀ, ਉਦੋਂ ਉਨ੍ਹਾਂ ਨੇ ਲੜਕੀਆਂ ਅਤੇ ਵਾਂਝੇ ਵਰਗਾਂ ਦੇ ਲਈ ਸਕੂਲ ਖੋਲ੍ਹੇ। ਉਹ ਕਹਿੰਦੇ ਸਨ, "ਬੱਚਿਆਂ ਵਿੱਚ ਜੋ ਸੁਧਾਰ ਮਾਂ ਦੇ ਜ਼ਰੀਏ ਆਉਂਦਾ ਹੈ, ਉਹ ਬਹੁਤ ਮਹੱਤਵਪੂਰਨ ਹੁੰਦਾ ਹੈ। ਇਸ ਲਈ ਜੇਕਰ ਸਕੂਲ ਖੋਲ੍ਹੇ ਜਾਣ, ਤਾਂ ਸਭ ਤੋਂ ਪਹਿਲਾਂ ਲੜਕੀਆਂ ਦੇ ਲਈ ਖੋਲ੍ਹੇ ਜਾਣ।" ਉਨ੍ਹਾਂ ਨੇ ਸਿੱਖਿਆ ਨੂੰ ਨਿਆਂ ਅਤੇ ਸਮਾਨਤਾ ਦਾ ਜ਼ਰੀਆ ਬਣਾਇਆ।

ਸਿੱਖਿਆ ਦੇ ਪ੍ਰਤੀ ਉਨ੍ਹਾਂ ਦਾ ਦ੍ਰਿਸ਼ਟੀਕੋਣ ਸਾਨੂੰ ਅੱਜ ਵੀ ਬਹੁਤ ਪ੍ਰੇਰਿਤ ਕਰਦਾ ਹੈ। ਪਿਛਲੇ ਇੱਕ ਦਹਾਕੇ ਵਿੱਚ ਭਾਰਤ ਨੇ ਨੌਜਵਾਨਾਂ ਦੇ ਲਈ ਖੋਜ ਅਤੇ ਨਵੀਨਤਾ ਨੂੰ ਬਹੁਤ ਤਰਜੀਹ ਦਿੱਤੀ ਹੈ। ਇੱਕ ਅਜਿਹਾ ਈਕੋਸਿਸਟਮ ਬਣਾਉਣ ਦਾ ਯਤਨ ਕੀਤਾ ਗਿਆ ਹੈ, ਜਿਸ ਵਿੱਚ ਨੌਜਵਾਨ ਸਵਾਲ ਪੁੱਛਣ, ਨਵੀਆਂ ਚੀਜ਼ਾਂ ਸਿੱਖਣ ਅਤੇ ਨਵੀਨਤਾ ਦੇ ਲਈ ਪ੍ਰੇਰਿਤ ਹੋਣ। ਗਿਆਨ, ਕੌਸ਼ਲ ਅਤੇ ਮੌਕਿਆਂ ਵਿੱਚ ਨਿਵੇਸ਼ ਕਰਕੇ ਭਾਰਤ

**ਬਚਪਨ ਤੋਂ ਹੀ ਮਹਾਤਮਾ ਫੂਲੇ ਬਹੁਤ ਜਿਗਿਆਸੂ ਸਨ ਅਤੇ ਆਪਣੀ ਉਮਰ ਦੇ ਹੋਰ ਬੱਚਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਪੁਸਤਕਾਂ ਪੜ੍ਹਦੇ ਸਨ। ਉਹ ਕਹਿੰਦੇ ਸਨ, "ਅਸੀਂ ਜਿੰਨਾ ਜ਼ਿਆਦਾ ਸਵਾਲ ਕਰਦੇ ਹਾਂ, ਉਨ੍ਹਾਂ ਤੋਂ ਓਨਾ ਹੀ ਵੱਧ ਗਿਆਨ ਉਭਰਦਾ ਹੈ।"**

ਪ੍ਰਧਾਨ ਮੰਤਰੀ ਦਾ ਲੇਖ ਪੜ੍ਹਨ ਦੇ ਲਈ QR ਕੋਡ ਸਕੈਨ ਕਰੋ।

**ਮਹਾਤਮਾ ਫੂਲੇ ਦੀ ਕੋਈ ਵੀ ਯਾਦ ਸਾਵਿਤ੍ਰੀਬਾਈ ਫੂਲੇ ਦੇ ਸਤਿਕਾਰਯੋਗ ਜ਼ਿਕਰ ਤੋਂ ਬਿਨਾ ਪੂਰੀ ਨਹੀਂ ਹੋ ਸਕਦੀ, ਜੋ ਖੁਦ ਸਾਡੇ ਦੇਸ਼ ਦੇ ਸਭ ਤੋਂ ਵੱਡੇ ਸੁਧਾਰਕਾਂ ਵਿੱਚੋਂ ਇੱਕ ਸਨ।**

ਆਪਣੇ ਨੌਜਵਾਨਾਂ ਨੂੰ ਦੇਸ਼ ਦੇ ਵਿਕਾਸ ਦਾ ਅਧਾਰ ਥੰਮ੍ਹ ਬਣਿਆ ਰਿਹਾ ਹੈ।

ਆਪਣੇ ਅਕਾਦਮਿਕ ਗਿਆਨ ਅਤੇ ਬੌਧਿਕਤਾ ਨਾਲ ਮਹਾਤਮਾ ਫੂਲੇ ਨੇ ਖੇਤੀਬਾੜੀ, ਸਿਹਤ ਅਤੇ ਗ੍ਰਾਮੀਣ ਵਿਕਾਸ ਵਰਗੇ ਖੇਤਰਾਂ ਦੀ ਡੂੰਘੀ ਜਾਣਕਾਰੀ ਹਾਸਲ ਕੀਤੀ। ਉਹ ਕਹਿੰਦੇ ਸਨ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੇ ਨਾਲ ਅਨਿਆਂ ਸਮਾਜ ਨੂੰ ਕਮਜ਼ੋਰ ਕਰਦਾ ਹੈ। ਉਨ੍ਹਾਂ ਨੇ ਦੇਖਿਆ ਕਿ ਸਮਾਜਿਕ ਅਸਮਾਨਤਾਵਾਂ ਖੇਤਾਂ ਅਤੇ ਪਿੰਡਾਂ ਵਿੱਚ ਲੋਕਾਂ ਦੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ। ਇਸ ਲਈ ਉਨ੍ਹਾਂ ਨੇ ਗ਼ਰੀਬਾਂ, ਵੰਚਿਤਾਂ ਅਤੇ ਕਮਜ਼ੋਰ ਵਰਗਾਂ ਨੂੰ ਸਨਮਾਨ ਦਿਵਾਉਣ ਦੇ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਸਮਾਜਿਕ ਸਦਭਾਵਨਾ ਬਣਾਈ ਰੱਖਣ ਦੇ ਲਈ ਵੀ ਹਰ ਸੰਭਵ ਯਤਨ ਕੀਤੇ।

ਮਹਾਤਮਾ ਫੂਲੇ ਨੇ ਕਿਹਾ ਸੀ, "जोपर्यंत समाजातील सर्वांना समान अधिकार मिळत नाहीत, तोपर्यंत खरे स्वातंत्र्य मिळत नाही" ਯਾਨੀ ਜਦੋਂ ਤੱਕ ਸਮਾਜ ਦੇ ਸਾਰੇ ਲੋਕਾਂ ਨੂੰ ਬਰਾਬਰ ਅਧਿਕਾਰ ਨਹੀਂ ਮਿਲਦੇ, ਉਦੋਂ ਤੱਕ ਸੱਚੀ ਆਜ਼ਾਦੀ ਨਹੀਂ ਮਿਲ ਸਕਦੀ। ਇਸੇ ਵਿਚਾਰ ਨੂੰ ਜ਼ਮੀਨ 'ਤੇ ਉਤਾਰਨ ਦੇ ਲਈ ਉਨ੍ਹਾਂ ਨੇ ਕਈ ਸੰਸਥਾਵਾਂ ਦੀ ਸਥਾਪਨਾ ਕੀਤੀ। ਉਨ੍ਹਾਂ ਦਾ ਸੱਚ ਸੋਧਕ ਸਮਾਜ, ਆਧੁਨਿਕ ਭਾਰਤ ਦੇ ਸਭ ਤੋਂ ਮਹੱਤਵਪੂਰਨ ਸਮਾਜ ਸੁਧਾਰ ਅੰਦੋਲਨਾਂ ਵਿੱਚੋਂ ਇੱਕ ਸੀ। ਇਹ ਅੰਦੋਲਨ ਸਮਾਜਿਕ ਸੁਧਾਰ, ਭਾਈਚਾਰਕ ਸੇਵਾ ਅਤੇ ਮਨੁੱਖੀ ਮਾਣ ਨੂੰ ਹੁਲਾਰਾ ਦੇਣ ਵਿੱਚ ਮੋਹਰੀ ਰਿਹਾ ਸੀ। ਇਹ ਮਹਿਲਾਵਾਂ, ਨੌਜਵਾਨਾਂ ਅਤੇ ਪਿੰਡਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਪੁਰਜ਼ੋਰ ਆਵਾਜ਼ ਬਣਿਆ। ਇਹ ਅੰਦੋਲਨ ਉਨ੍ਹਾਂ ਦੇ ਇਸ ਭਰੋਸੇ ਨੂੰ ਦਰਸਾਉਂਦਾ ਹੈ ਕਿ ਸਮਾਜ ਦੀ ਮਜ਼ਬੂਤੀ ਦੇ ਲਈ ਨਿਆਂ, ਹਰ ਵਿਅਕਤੀ ਦੇ ਪ੍ਰਤੀ ਸਨਮਾਨ ਅਤੇ ਸਮੂਹਿਕ ਤਰੱਕੀ ਜ਼ਰੂਰੀ ਹੈ।

ਉਨ੍ਹਾਂ ਦਾ ਨਿਜੀ ਜੀਵਨ ਵੀ ਹਿੰਮਤ ਦੀ ਮਿਸਾਲ ਰਿਹਾ। ਲਗਾਤਾਰ ਲੋਕਾਂ ਦੇ ਦਰਮਿਆਨ ਰਹਿ ਕੇ ਕੰਮ ਕਰਨ ਦਾ ਅਸਰ ਉਨ੍ਹਾਂ ਦੀ ਸਿਹਤ 'ਤੇ ਵੀ ਪਿਆ। ਲੇਕਿਨ ਗੰਭੀਰ ਬਿਮਾਰੀ ਵੀ ਉਨ੍ਹਾਂ ਦੇ ਸੰਕਲਪ ਨੂੰ ਕਮਜ਼ੋਰ ਨਹੀਂ ਕਰ ਸਕੀ। ਇੱਕ ਗੰਭੀਰ ਸਟ੍ਰੋਕ ਦੇ ਬਾਅਦ ਵੀ ਉਨ੍ਹਾਂ ਨੇ ਆਪਣਾ ਕੰਮ ਅਤੇ ਸਮਾਜ ਦੇ ਲਈ ਸੰਘਰਸ਼ ਜਾਰੀ ਰੱਖਿਆ। ਉਨ੍ਹਾਂ ਦਾ ਸਰੀਰ ਕਮਜ਼ੋਰ ਹੋਇਆ, ਪਰ ਸਮਾਜ ਦੇ ਪ੍ਰਤੀ ਉਨ੍ਹਾਂ ਦਾ ਸਮਰਪਣ ਕਦੇ ਨਹੀਂ ਡਗਮਗਾਇਆ। ਅੱਜ ਵੀ ਕਰੋੜਾਂ ਲੋਕ ਉਨ੍ਹਾਂ ਦੇ ਜੀਵਨ ਦੇ ਇਸ ਪਹਿਲੂ ਤੋਂ ਪ੍ਰੇਰਣਾ ਲੈਂਦੇ ਹਨ।

ਮਹਾਤਮਾ ਫੂਲੇ ਦੀ ਯਾਦ, ਸਾਵਿਤ੍ਰੀਬਾਈ ਫੂਲੇ ਦੇ ਸਨਮਾਨਜਨਕ ਜ਼ਿਕਰ ਤੋਂ ਬਗੈਰ ਅਧੂਰੀ ਹੈ। ਉਹ ਖੁਦ ਭਾਰਤ ਦੇ ਮਹਾਨ ਸਮਾਜ ਸੁਧਾਰਕਾਂ ਵਿੱਚੋਂ ਇੱਕ ਸਨ। ਭਾਰਤ ਦੀਆਂ ਪਹਿਲੀ ਮਹਿਲਾ ਅਧਿਆਪਕਾਂ ਵਿੱਚ ਸ਼ਾਮਲ ਸਾਵਿਤ੍ਰੀਬਾਈ ਫੂਲੇ ਨੇ ਲੜਕੀਆਂ ਦੀ ਸਿੱਖਿਆ ਨੂੰ ਅੱਗੇ ਵਧਾਉਣ ਵਿੱਚ ਬੇਹੱਦ ਅਹਿਮ ਭੂਮਿਕਾ ਨਿਭਾਈ। ਮਹਾਤਮਾ ਫੂਲੇ ਦੇ ਦੇਹਾਂਤ ਤੋਂ ਬਾਅਦ ਵੀ ਉਨ੍ਹਾਂ ਨੇ ਇਸ ਕੰਮ ਨੂੰ ਜਾਰੀ ਰੱਖਿਆ। 1897 ਵਿੱਚ ਪਲੇਗ ਦੀ ਮਹਾਮਾਰੀ ਦੇ ਦੌਰਾਨ ਉਨ੍ਹਾਂ ਨੇ ਮਰੀਜ਼ਾਂ ਦੀ ਇੰਨੀ ਸੇਵਾ ਕੀਤੀ ਕਿ ਉਹ ਖੁਦ ਵੀ ਇਸ ਬਿਮਾਰੀ ਦਾ ਸ਼ਿਕਾਰ ਹੋ ਗਏ ਅਤੇ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਭਾਰਤ ਦੀ ਧਰਤੀ ਵਾਰ- ਵਾਰ ਅਜਿਹੀਆਂ ਮਹਾਨ ਸ਼ਖਸੀਅਤਾਂ ਨਾਲ ਧੰਨ- ਧੰਨ ਹੁੰਦੀ ਰਹੀ ਹੈ, ਜਿਨ੍ਹਾਂ ਨੇ ਆਪਣੇ ਵਿਚਾਰ, ਤਿਆਗ ਅਤੇ ਕਰਮ ਨਾਲ ਸਮਾਜ ਨੂੰ ਮਜ਼ਬੂਤ ਬਣਾਇਆ ਹੈ। ਉਨ੍ਹਾਂ ਨੇ ਤਬਦੀਲੀ ਦਾ ਇੰਤਜ਼ਾਰ ਨਹੀਂ ਕੀਤਾ, ਸਗੋਂ ਖੁਦ ਬਦਲਾਅ ਦਾ ਜ਼ਰੀਆ ਬਣੇ। ਸਦੀਆਂ ਤੋਂ ਸਾਡੇ ਦੇਸ਼ ਵਿੱਚ ਸਮਾਜ ਸੁਧਾਰ ਦੀ ਆਵਾਜ਼ ਉਨ੍ਹਾਂ ਹੀ ਲੋਕਾਂ ਤੋਂ ਉਠੀ ਹੈ, ਜਿਨ੍ਹਾਂ ਨੇ ਦੁਖ ਨੂੰ ਕਿਸਮਤ ਨਹੀਂ ਮੰਨਿਆ ਹੈ, ਸਗੋਂ ਉਸ ਨੂੰ ਖਤਮ ਕਰਨ ਦੇ ਯਤਨਾਂ ਵਿੱਚ ਜੁਟੇ ਰਹੇ। ਮਹਾਤਮਾ ਜਯੋਤੀਰਾਓ ਫੂਲੇ ਵੀ ਅਜਿਹੀ ਹੀ ਮਹਾਨ ਸ਼ਖਸੀਅਤ ਸਨ।

ਮੈਨੂੰ 2022 ਵਿੱਚ ਪੁਣੇ ਦੀ ਆਪਣੀ ਯਾਤਰਾ ਯਾਦ ਹੈ ਜਦੋਂ ਮੈਂ ਸ਼ਹਿਰ ਵਿੱਚ ਮਹਾਤਮਾ ਫੂਲੇ ਦੀ ਸ਼ਾਨਦਾਰ ਪ੍ਰਤਿਮਾ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਸੀ। ਉਨ੍ਹਾਂ ਦੇ 200ਵੇਂ ਜਯੰਤੀ ਵਰ੍ਹੇ ਦੀ ਸ਼ੁਰੂਆਤ 'ਤੇ ਅਸੀਂ ਉਨ੍ਹਾਂ ਦੇ ਵਿਚਾਰਾਂ ਨੂੰ ਅਪਣਾ ਕੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਦੇ ਸਕਦੇ ਹਾਂ। ਸਾਨੂੰ ਸਿੱਖਿਆ ਦੇ ਪ੍ਰਤੀ ਆਪਣੇ ਸੰਕਲਪ ਨੂੰ ਮਜ਼ਬੂਤ ਕਰਨਾ ਹੋਵੇਗਾ। ਅਨਿਆਂ ਦੇ ਪ੍ਰਤੀ ਸੰਵੇਦਨਸ਼ੀਲ ਬਣਨਾ ਹੋਵੇਗਾ ਅਤੇ ਇਹ ਭਰੋਸਾ ਰੱਖਣਾ ਹੋਵੇਗਾ ਕਿ ਸਮਾਜ ਆਪਣੇ ਯਤਨਾਂ ਨਾਲ ਹੀ ਖੁਦ ਨੂੰ ਬਿਹਤਰ ਬਣਾ ਸਕਦਾ ਹੈ। ਉਨ੍ਹਾਂ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਸਮਾਜ ਦੀ ਸ਼ਕਤੀ ਨੂੰ ਜਨਹਿਤ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜ ਕੇ ਭਾਰਤ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਂਦੇ ਜਾ ਸਕਦੇ ਹਨ। ਇਹੀ ਕਾਰਨ ਹੈ ਕਿ ਅੱਜ ਵੀ ਉਨ੍ਹਾਂ ਦੇ ਵਿਚਾਰ ਕਰੋੜਾਂ ਲੋਕਾਂ ਵਿੱਚ ਨਵੀਂ ਉਮੀਦ ਜਗਾਉਂਦੇ ਹਨ। ਮਹਾਤਮਾ ਜਯੋਤੀਰਾਓ ਫੂਲੇ 200 ਵਰ੍ਹੇ ਬਾਅਦ ਵੀ ਸਿਰਫ਼ ਇਤਿਹਾਸ ਦਾ ਨਾਮ ਨਹੀਂ, ਸਗੋਂ ਭਾਰਤ ਦੇ ਭਵਿੱਖ ਦੇ ਮਾਰਗਦਰਸ਼ਕ ਬਣੇ ਹੋਏ ਹਨ।



## ਆਪ੍ਰੇਸ਼ਨ ਸਿੰਦੂਰ

# ਆਤਮ-ਨਿਰਭਰ ਰੱਖਿਆ ਵਿਧੀ ਦੇ ਨਵੇਂ ਯੁੱਗ ਦੀ ਸ਼ੁਰੂਆਤ

*ਆਪ੍ਰੇਸ਼ਨ ਸਿੰਦੂਰ ਦਾ ਇੱਕ ਵਰ੍ਹਾ ਪੂਰਾ ਹੋਣਾ ਸਿਰਫ਼ ਇੱਕ ਸੈਨਿਕ ਅਭਿਆਨ ਦੀ ਵਰ੍ਹੇਗੰਢ ਨਹੀਂ, ਸਗੋਂ ਭਾਰਤ ਦੀ ਨਿਰਣਾਇਕ ਸੁਰੱਖਿਆ ਨੀਤੀ, ਹਥਿਆਰਬੰਦ ਬਲਾਂ ਦੀ ਅਜਿੱਤ ਬਹਾਦਰੀ ਅਤੇ ਦਹਿਸ਼ਤਗਰਦੀ ਵਿਰੁੱਧ ਜ਼ੀਰੋ ਟੌਲਰੈਂਸ ਦੀ ਸਪਸ਼ਟ ਵਚਨਬੱਧਤਾ ਦਾ ਪ੍ਰਤੀਕ ਹੈ। ਪਿਛਲੇ ਇੱਕ ਵਰ੍ਹੇ ਵਿੱਚ ਇਸ ਅਭਿਆਨ ਨੇ ਨਾ ਸਿਰਫ਼ ਦੇਸ਼ ਦੀ ਰਣਨੀਤਕ ਸਮਰੱਥਾ ਅਤੇ ਤੁਰੰਤ ਜਵਾਬੀ ਕਾਰਵਾਈ ਦੀ ਸ਼ਕਤੀ ਨੂੰ ਰੇਖਾਂਕਿਤ ਕੀਤਾ, ਸਗੋਂ ਆਤਮ- ਨਿਰਭਰ ਰੱਖਿਆ ਪ੍ਰਣਾਲੀ, ਆਧੁਨਿਕ ਤਕਨੀਕ ਅਤੇ ਰਾਸ਼ਟਰੀ ਸੰਕਲਪ ਦੇ ਨਵੇਂ ਯੁੱਗ ਦਾ ਵੀ ਕੀਤਾ ਹੈ ਐਲਾਨ ....*

ਆਪ੍ਰੇਸ਼ਨ ਸਿੰਦੂਰ ਭਾਰਤ ਦੇ ਰੱਖਿਆ ਇਤਿਹਾਸ ਦਾ ਇੱਕ ਅਹਿਮ ਅਧਿਆਏ ਬਣ ਗਿਆ ਹੈ। ਇਹ ਅਭਿਆਨ ਸੈਨਿਕ ਸਟੀਕਤਾ, ਤਿੰਨੇਂ ਸੈਨਾਵਾਂ ਦੇ ਬਿਹਤਰ ਤਾਲਮੇਲ ਅਤੇ ਮਜ਼ਬੂਤ ਰਾਸ਼ਟਰੀ ਸੰਕਲਪ ਦਾ ਪ੍ਰਤੀਕ ਬਣ ਕੇ ਉਭਰਿਆ। ਭਾਵੇਂ ਹਿਮਾਲਿਆ ਦੀਆਂ ਮੁਸ਼ਕਲ ਉਚਾਈਆਂ ‘ਤੇ ਚੁਣੌਤੀ ਦਾ ਸਾਹਮਣਾ ਕਰਨਾ ਹੋਵੇ, ਸਮੁੰਦਰੀ ਸੀਮਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੋਵੇ ਜਾਂ ਹਵਾਈ ਘੁਸਪੈਠ ਦੀ ਕਿਸੇ ਕੋਸ਼ਿਸ਼ ਨੂੰ ਅਸਫਲ ਕਰਨਾ ਹੋਵੇ, ਭਾਰਤ ਨੇ ਹਰ ਮੋਰਚੇ ‘ਤੇ ਆਪਣੀ ਤਿਆਰੀ, ਦ੍ਰਿੜ੍ਹਤਾ ਅਤੇ ਇਕਜੁੱਟਤਾ ਦਾ ਪਰੀਚੈ ਦਿੱਤਾ। ਇਸੇ ਦਿਸ਼ਾ ਵਿੱਚ ਅੱਗੇ ਵਧਦੇ ਹੋਏ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਮਿਸ਼ਨ ਸੁਦਰਸ਼ਨ ਚੱਕਰ ‘ਤੇ ਵੀ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ। ਇਸ ਮਿਸ਼ਨ ਦਾ ਉਦੇਸ਼ ਦੁਸ਼ਮਣਾਂ ਵੱਲੋਂ ਭਾਰਤ ‘ਤੇ ਕਿਸੇ ਵੀ ਹਮਲੇ ਜਾਂ ਹਮਲੇ ਦੀ ਕੋਸ਼ਿਸ਼ ਨੂੰ ਸ਼ੁਰੂਆਤੀ ਪੱਧਰ ‘ਤੇ ਹੀ ਅਸਫਲ ਕਰਨ ਦੇ ਲਈ ਇੱਕ ਮਜ਼ਬੂਤ ਅਤੇ ਆਧੁਨਿਕ ਹਥਿਆਰ ਸੁਰੱਖਿਆ ਪ੍ਰਣਾਲੀ ਤਿਆਰ ਕਰਨਾ ਹੈ।

**“ ਭਾਰਤ ਵਿੱਚ ਪਹਿਲਾਂ ਵੀ ਅੱਤਵਾਦੀ ਘਟਨਾਵਾਂ ਹੋਈਆਂ ਹਨ, ਪਰ ਉਦੋਂ ਉਨ੍ਹਾਂ ਦੇ ਮਾਸਟਰ ਮਾਈਂਡ ਬੇਫਿਕਰ ਰਹਿੰਦੇ ਸਨ ਅਤੇ ਬਗੈਰ ਕਿਸੇ ਡਰ ਦੇ ਭਵਿੱਖ ਦੇ ਹਮਲਿਆਂ ਦੀ ਯੋਜਨਾ ਬਣਾਉਂਦੇ ਰਹਿੰਦੇ ਸਨ। ਹੁਣ ਹਾਲਾਤ ਬਦਲ ਗਏ ਹਨ। ਅੱਜ ਹਰ ਹਮਲੇ ਤੋਂ ਬਾਅਦ ਮਾਸਟਰ ਮਾਈਂਡ ਦੀ ਨੀਂਦ ਉੱਡ ਜਾਂਦੀ ਹੈ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਭਾਰਤ ਕਰਾਰਾ ਜਵਾਬ ਦੇਵੇਗਾ ਅਤੇ ਸਟੀਕ ਕਾਰਵਾਈ ਨਾਲ ਖ਼ਤਰਿਆਂ ਨੂੰ ਖਤਮ ਕਰ ਦੇਵੇਗਾ। ਭਾਰਤ ਨੇ ਇੱਕ ‘ਨਵਾਂ ਆਯਾਮ’ ਸਥਾਪਿਤ ਕਰ ਲਿਆ ਹੈ।**

**---- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**





## ਡ੍ਰੋਨ ਪਾਵਰ ਉਭਰਦਾ ਸਵਦੇਸ਼ੀ ਉਦਯੋਗ

ਡ੍ਰੋਨ ਫੈੱਡਰੇਸ਼ਨ ਇੰਡੀਆ (ਡੀਐੱਫਆਈ), ਇੱਕ ਪ੍ਰਮੁੱਖ ਉਦਯੋਗ ਸੰਸਥਾ ਹੈ ਜੋ ਕਿ 550 ਤੋਂ ਵੱਧ ਡ੍ਰੋਨ ਕੰਪਨੀਆਂ ਅਤੇ 5,500 ਡ੍ਰੋਨ ਪਾਇਲਟਾਂ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਦਾ ਟੀਚਾ 2030 ਤੱਕ ਭਾਰਤ ਨੂੰ ਗਲੋਬਲ ਡ੍ਰੋਨ ਹੱਬ ਬਣਾਉਣਾ ਹੈ। ਇਹ ਦੁਨੀਆ ਭਰ ਵਿੱਚ ਭਾਰਤੀ ਡ੍ਰੋਨ ਅਤੇ ਕਾਊਂਟਰ- ਡ੍ਰੋਨ ਤਕਨੀਕ ਦੇ ਡਿਜ਼ਾਈਨ, ਵਿਕਾਸ, ਨਿਰਮਾਣ ਅਤੇ ਨਿਰਯਾਤ ਨੂੰ ਹੁਲਾਰਾ ਦਿੰਦਾ ਹੈ।

## ਭਾਰਤੀ ਡ੍ਰੋਨ ਬਜ਼ਾਰ

**11** ਅਰਬ ਡਾਲਰ ਤੱਕ ਵਰ੍ਹੇ 2030 ਤੱਕ ਪਹੁੰਚਣ ਦਾ ਅਨੁਮਾਨ।

**12.2%** ਹਿੱਸਾ ਭਾਰਤ ਦਾ ਹੈ। ਗਲੋਬਲ ਡ੍ਰੋਨ ਮਾਰਕਿਟ ਵਿੱਚ।



***ਆਪ੍ਰੇਸ਼ਨ ਸਿੰਦੂਰ ਦੇ ਦੌਰਾਨ ਵਿਸ਼ਵ ਨੇ ਆਕਾਸ਼ ਮਿਜ਼ਾਈਲ ਸਿਸਟਮ, ਬ੍ਰਹਿਮੋਸ, ਆਕਾਸ਼ ਤੀਰ ਏਅਰ ਡਿਫੈਂਸ ਕੰਟਰੋਲ ਸਿਸਟਮ ਅਤੇ ਹੋਰ ਸਵਦੇਸ਼ੀ ਉਪਕਰਣਾਂ ਦੀ ਸ਼ਕਤੀ ਦੇਖੀ। ਇਸ ਆਪ੍ਰੇਸ਼ਨ ਦੀ ਸਫ਼ਲਤਾ ਦਾ ਸਿਹਰਾ ਸਾਡੇ ਬਹਾਦਰ ਹਥਿਆਰਬੰਦ ਬਲਾਂ ਦੇ ਨਾਲ-ਨਾਲ ਇਨੋਵੇਸ਼ਨ, ਡਿਜ਼ਾਈਨ ਅਤੇ ਨਿਰਮਾਣ ਦੀ ਮੋਹਰੀ ਕਤਾਰ ਵਿੱਚ ਕੰਮ ਕਰ ਰਹੇ 'ਉਦਯੋਗਿਕ ਜੋਧਿਆਂ' ਨੂੰ ਜਾਂਦਾ ਹੈ।***

***-ਰਾਜਨਾਥ ਸਿੰਘ, ਰਕਸ਼ਾ ਮੰਤਰੀ***

ਆਪ੍ਰੇਸ਼ਨ ਸਿੰਦੂਰ ਦੇ ਦੌਰਾਨ ਭਾਰਤੀ ਸੈਨਾ ਨੇ ਅੱਤਵਾਦੀ ਢਾਂਚੇ 'ਤੇ ਹਮਲਾ ਕਰਕੇ ਕਈ ਖਤਰਿਆਂ ਨੂੰ ਖਤਮ ਕਰ ਦਿੱਤਾ ਸੀ। ਇਸ ਵਿੱਚ ਸਵਦੇਸ਼ੀ ਹਾਈ-ਟੈੱਕ ਪ੍ਰਣਾਲੀਆਂ ਨੇ ਰਾਸ਼ਟਰੀ ਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਭਾਵੇਂ ਡ੍ਰੋਨ ਯੁੱਧ ਹੋਵੇ, ਬਹੁ- ਪੱਧਰੀ ਹਵਾਈ ਸੁਰੱਖਿਆ ਹੋਵੇ ਜਾਂ ਇਲੈਕਟ੍ਰੌਨਿਕ ਯੁੱਧ, ਆਪ੍ਰੇਸ਼ਨ ਸਿੰਦੂਰ ਸੈਨਿਕ ਅਭਿਆਨਾਂ ਵਿੱਚ ਤਕਨੀਕੀ ਆਤਮ- ਨਿਰਭਰਤਾ ਦੀ ਦਿਸ਼ਾ ਵਿੱਚ ਭਾਰਤ ਦੀ ਯਾਤਰਾ ਵਿੱਚ ਇੱਕ ਮਹੱਤਵਪੂਰਨ ਉਪਲਬਧੀ ਰਹੀ। ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨ ਨੂੰ ਸਪਲਾਈ ਕੀਤੀ ਗਈ ਚੀਨੀ ਹਵਾਈ ਸੁਰੱਖਿਆ ਪ੍ਰਣਾਲੀਆਂ ਨੂੰ ਪਰ੍ਹੇ ਕਰ ਦਿੱਤਾ ਅਤੇ ਉਨ੍ਹਾਂ ਨੂੰ ਜਾਮ ਕਰ ਦਿੱਤਾ। ਇਸ ਨਾਲ ਸਿਰਫ 23 ਮਿੰਟਾਂ ਵਿੱਚ ਮਿਸ਼ਨ ਪੂਰਾ ਕਰਕੇ ਭਾਰਤ ਦੀ ਤਕਨੀਕੀ ਸਮਰੱਥਾ ਨੂੰ ਪ੍ਰਦਰਸ਼ਿਤ ਕੀਤਾ ਗਿਆ। ਆਪ੍ਰੇਸ਼ਨ ਸਿੰਦੂਰ ਦੌਰਾਨ ਭਾਰਤੀ ਫੌਜ ਦੁਆਰਾ ਕੀਤੀਆਂ ਗਈਆਂ ਸ਼ੁਰੂਆਤੀ

## ਸਵਦੇਸ਼ੀ ਨਾਲ ਆਤਮ-ਨਿਰਭਰ ਹੁੰਦੀ ਰੱਖਿਆ ਪ੍ਰਣਾਲੀ ...

**38,424** ਕਰੋੜ ਰੁਪਏ ਦੇ ਨਿਰਯਾਤ ਦਾ ਵਰ੍ਹੇ 2025 -26 ਵਿੱਚ ਰਿਕਾਰਡ।

**50,000** ਕਰੋੜ ਰੁਪਏ ਤੋਂ ਘੱਟ ਦਾ ਸੀ 10 ਵਰ੍ਹੇ ਪਹਿਲਾਂ ਨਿਰਯਾਤ।

**1,000** ਕਰੋੜ ਰੁਪਏ ਦੇ ਨਿਰਯਾਤ ਦਾ ਟੀਚਾ ਵਰ੍ਹੇ 2029 ਤੱਕ।

**3** ਲੱਖ ਕਰੋੜ ਰੁਪਏ ਦੇ ਉਤਪਾਦਨ ਦਾ ਟੀਚਾ ਵਰ੍ਹੇ 2029 ਤੱਕ।

**1.54** ਲੱਖ ਕਰੋੜ ਰੁਪਏ ਦਾ ਸਵਦੇਸ਼ੀ ਰੱਖਿਆ ਉਤਪਾਦਨ ਵਿੱਤੀ ਵਰ੍ਹੇ 2024- 25 ਵਿੱਚ।

**25%** ਤੋਂ ਵਧਾ ਕੇ ਘੱਟ ਤੋਂ ਘੱਟ ਅਗਲੇ 3 ਵਰ੍ਹਿਆਂ ਵਿੱਚ 50% ਘਰੇਲੂ ਰੱਖਿਆ ਮੈਨੂਫੈਕਚਰਿੰਗ ਕਰਨ ਦਾ ਟੀਚਾ ਨਿਜੀ ਖੇਤਰ ਵਿੱਚ।




ਕਾਰਵਾਈਆਂ ਤੋਂ ਬਾਅਦ, ਘਬਰਾਏ ਹੋਏ ਪਾਕਿਸਤਾਨ ਨੇ ਉੱਤਰੀ ਅਤੇ ਪੱਛਮੀ ਭਾਰਤ ਵਿੱਚ ਕਈ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਅਵੰਤੀਪੁਰਾ, ਸ੍ਰੀਨਗਰ, ਜੰਮੂ, ਪਠਾਨਕੋਟ, ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਆਦਮਪੁਰ, ਬਠਿੰਡਾ, ਚੰਡੀਗੜ੍ਹ ਅਤੇ ਭੁਜ ਸਮੇਤ ਉੱਤਰੀ ਅਤੇ ਪੱਛਮੀ ਭਾਰਤ ਵਿੱਚ ਕਈ ਸੈਨਿਕ ਟਿਕਾਣਿਆਂ 'ਤੇ ਹਮਲਾ ਕਰਨ ਦਾ ਯਤਨ ਕੀਤਾ, ਲੇਕਿਨ ਇਨ੍ਹਾਂ ਨੂੰ ਏਕੀਕ੍ਰਿਤ ਕਾਉਂਟਰ ਯੂਏਐੱਸ (ਮਾਨਵ ਰਹਿਤ ਹਵਾਈ ਪ੍ਰਣਾਲੀ) ਗਰਿੱਡ ਅਤੇ ਹਵਾਈ ਰੱਖਿਆ ਪ੍ਰਣਾਲੀਆਂ ਦੁਆਰਾ ਭਾਰਤ ਦੀ ਸੈਨਾ ਨੇ ਬੇਅਸਰ ਕਰ ਦਿੱਤਾ। ਇਸ ਤੋਂ ਬਾਅਦ ਜਵਾਬੀ ਕਾਰਵਾਈ ਕਰਦੇ ਹੋਏ 8 ਮਈ ਦੀ ਸਵੇਰ, ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਵਿੱਚ ਕਈ ਸਥਾਨਾਂ 'ਤੇ ਹਵਾਈ ਸੁਧਾਰ ਰਡਾਰ ਅਤੇ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਇਆ। ਲਾਹੌਰ ਵਿੱਚ ਇੱਕ ਹਵਾਈ ਸੁਰੱਖਿਆ ਪ੍ਰਣਾਲੀ ਨੂੰ ਬੇਅਸਰ ਕਰ ਦਿੱਤਾ ਗਿਆ। ਭਾਰਤ ਦੇ ਅੱਤਵਾਦੀ ਹਮਲਿਆਂ ਨੇ ਸਰਜੀਕਲ ਸਟੀਕਤਾ ਦੇ ਨਾਲ ਪ੍ਰਮੁੱਖ ਪਾਕਿਸਤਾਨੀ ਏਅਰਬੇਸ- ਨੂਰ ਖਾਨ ਅਤੇ ਰਹੀਮਯਾਰ ਖਾਨ ਨੂੰ ਨਿਸ਼ਾਨਾ ਬਣਾਇਆ। ਵਿਨਾਸ਼ਕਾਰੀ ਪ੍ਰਭਾਵ ਦੇ ਲਈ ਲੋਇਟਰਿੰਗ ਹਥਿਆਰਾਂ ਦੀ ਵਰਤੋਂ ਕੀਤੀ ਗਈ, ਜਿਨ੍ਹਾਂ ਵਿੱਚੋਂ ਹਰੇਕ ਨੇ ਦੁਸ਼ਮਣ ਦੇ ਰਡਾਰ ਅਤੇ ਮਿਜ਼ਾਈਲ ਸਿਸਟਮ ਸਮੇਤ ਮਹੱਤਵਪੂਰਨ ਟੀਚਿਆਂ ਨੂੰ ਲੱਭਿਆ ਅਤੇ ਤਬਾਹ ਕੀਤਾ।

### ਪਹਿਲਗਾਮ ਹਮਲੇ ਤੋਂ ਆਪ੍ਰੇਸ਼ਨ ਸਿੰਦੂਰ ਤੱਕ ਦੀ ਕਹਾਣੀ

22 ਅਪ੍ਰੈਲ, 2025 ਨੂੰ ਪਹਿਲਗਾਮ ਵਿੱਚ ਇੱਕ ਘਿਣਾਉਣਾ ਅੱਤਵਾਦੀ ਹਮਲਾ ਹੋਇਆ ਸੀ ਜਿਸ ਵਿੱਚ 26 ਨਿਰਦੋਸ਼ ਮਾਰੇ ਗਏ ਸਨ। ਮ੍ਰਿਤਕਾਂ ਵਿੱਚ 25 ਭਾਰਤੀ ਅਤੇ ਇੱਕ ਨੇਪਾਲੀ ਨਾਗਰਿਕ ਸ਼ਾਮਲ ਸਨ। ਘਟਨਾ ਤੋਂ ਬਾਅਦ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਸ੍ਰੀਨਗਰ ਪਹੁੰਚੇ, ਘਟਨਾ ਵਾਲੇ ਸਥਾਨ ਦਾ ਦੌਰਾ ਕੀਤਾ ਅਤੇ ਰਾਤ ਨੂੰ ਹੀ ਸੁਰੱਖਿਆ ਬਲਾਂ ਅਤੇ ਏਜੰਸੀਆਂ ਦੇ ਨਾਲ ਬੈਠਕ ਕਰਕੇ ਨਿਰਦੇਸ਼ ਦਿੱਤੇ ਸਨ ਕਿ ਹਮਲੇ ਵਿੱਚ ਸ਼ਾਮਲ ਅੱਤਵਾਦੀ ਦੇਸ਼ ਛੱਡ ਕੇ ਨਾ ਭੱਜ ਸਕਣ। ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ 23 ਅਤੇ 30 ਅਪ੍ਰੈਲ ਨੂੰ ਕੈਬਨਿਟ ਕਮੇਟੀ ਔਨ ਸਕਿਓਰਿਟੀ ਦੀ ਬੈਠਕ ਹੋਈ। 23 ਅਪ੍ਰੈਲ ਨੂੰ ਸਭ ਤੋਂ ਪਹਿਲਾਂ ਸਿੰਧੂ ਜਲ ਸੰਧੀ ਨੂੰ ਮੁਲਤਵੀ ਕਰਨ ਅਤੇ ਪਾਕਿਸਤਾਨੀ ਨਾਗਰਿਕਾਂ ਦਾ ਸਾਰਕ ਵੀਜ਼ਾ ਰੱਦ ਕਰਨ ਦਾ ਫੈਸਲਾ ਲਿਆ ਗਿਆ। ਪਾਕਿਸਤਾਨੀ ਹਾਈ ਕਮਿਸ਼ਨ ਵਿੱਚ ਕੰਮ ਕਰ ਰਹੇ ਰੱਖਿਆ, ਫੌਜੀ ਅਤੇ ਹਵਾਈ ਸੈਨਾ ਦੇ ਸਲਾਹਕਾਰਾਂ ਨੂੰ ਅਣਚਾਹੇ ਐਲਾਨਿਆ ਗਿਆ। 6 ਅਤੇ 7 ਮਈ ਦੀ ਰਾਤ ਭਾਰਤ ਦੀ ਸੈਨਾ ਨੇ ਸਰਹੱਦ ਪਾਰ ਅੱਤਵਾਦੀਆਂ ਦੇ ਨਾਲ- ਨਾਲ ਉਨ੍ਹਾਂ ਦੇ 9 ਅੱਡਿਆਂ ਨੂੰ ਤਹਿਸ-ਨਹਿਸ ਕੀਤਾ ਸੀ। ਆਪ੍ਰੇਸ਼ਨ ਸਿੰਦੂਰ ਦੇ ਦੌਰਾਨ 125 ਤੋਂ ਵੱਧ ਅੱਤਵਾਦੀ ਮਾਰੇ ਗਏ।

ਸੱਤ ਮਈ ਦੀ ਰਾਤ 1 ਵਜ ਕੇ 22 ਮਿੰਟ 'ਤੇ ਭਾਰਤ ਦੇ ਡੀਜੀਐੱਮਓ ਨੇ



> ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਆਪ੍ਰੇਸ਼ਨ ਸਿੰਦੂਰ' ਦੇ ਜ਼ਰੀਏ ਅੱਤਵਾਦੀਆਂ ਦੇ ਹੁਕਮਰਾਨਾਂ ਨੂੰ ਮਾਰਿਆ ਅਤੇ 'ਆਪ੍ਰੇਸ਼ਨ ਮਹਾਦੇਵ' ਵਿੱਚ ਪਹਿਲਗਾਮ ਹਮਲੇ ਵਿੱਚ ਸ਼ਾਮਲ ਅੱਤਵਾਦੀਆਂ ਨੂੰ ਮਿੱਟੀ ਵਿੱਚ ਮਿਲਾਇਆ।
>
> **-ਅਮਿਤ ਸ਼ਾਹ, ਕੇਂਦਰੀ ਗ੍ਰਹਿ ਮੰਤਰੀ**

ਪਾਕਿਸਤਾਨੀ ਦੇ ਡੀਜੀਐੱਮਓ ਨੂੰ ਦੱਸਿਆ ਕਿ ਭਾਰਤ ਨੇ ਅੱਤਵਾਦੀਆਂ ਦੇ ਟਿਕਾਣਿਆਂ ਅਤੇ ਉਨ੍ਹਾਂ ਦੇ ਹੈੱਡਕੁਆਰਟਰ 'ਤੇ ਹਮਲਾ ਕੀਤਾ ਹੈ। ਭਾਰਤ ਨੂੰ ਆਤਮ- ਰੱਖਿਆ ਦਾ ਅਧਿਕਾਰ ਹੈ। 8 ਮਈ ਨੂੰ ਪਾਕਿਸਤਾਨ ਨੇ ਭਾਰਤ ਦੇ ਰਿਹਾਇਸ਼ੀ ਇਲਾਕਿਆਂ ਅਤੇ ਸੈਨਿਕ ਪ੍ਰਤਿਸ਼ਠਾਨਾਂ 'ਤੇ ਹਮਲਾ ਕੀਤਾ। ਇਸ ਹਮਲੇ ਵਿੱਚ ਇੱਕ ਗੁਰਦੁਆਰੇ ਨੂੰ ਨੁਕਸਾਨ ਪਹੁੰਚਿਆ, ਇੱਕ ਮੰਦਿਰ ਟੁੱਟਿਆ ਅਤੇ ਕੁਝ ਨਾਗਰਿਕਾਂ ਨੂੰ ਨੁਕਸਾਨ ਪਹੁੰਚਿਆ। ਇਸ ਤੋਂ ਬਾਅਦ ਅਗਲੇ ਦਿਨ ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨ ਨੂੰ ਕਰਾਰਾ ਜਵਾਬ ਦਿੰਦੇ ਹੋਏ ਉਸ ਦੇ 11 ਏਅਰਬੇਸ ਨੂੰ ਨੁਕਸਾਨ ਪਹੁੰਚਾਇਆ। ਭਾਰਤ ਨੇ ਪਾਕਿਸਤਾਨ ਦੇ ਏਅਰਬੇਸ ਅਤੇ ਏਅਰ ਡਿਫੈਂਸ ਸਿਸਟਮ ਨੂੰ ਨਿਸ਼ਾਨਾ ਬਣਾਇਆ ਅਤੇ ਉਨ੍ਹਾਂ ਦੇ ਹਮਲਾ ਕਰਨ ਦੀ ਸਮਰੱਥਾ ਨੂੰ ਖਤਮ ਕਰ ਦਿੱਤਾ। ਇਸ ਤੋਂ ਬਾਅਦ ਪਾਕਿਸਤਾਨ ਕੋਲ ਸ਼ਰਣ ਵਿੱਚ ਆਉਣ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਬਚਿਆ ਸੀ। ਇਸ ਲਈ 10 ਮਈ ਨੂੰ ਪਾਕਿਸਤਾਨ ਦੇ ਡੀਜੀਐੱਮਓ ਨੇ ਭਾਰਤ ਦੇ ਡੀਜੀਐੱਮਓ ਨੂੰ ਫੋਨ ਕੀਤਾ ਅਤੇ ਪੰਜ ਵਜੇ ਭਾਰਤ ਨੇ ਸੰਘਰਸ ਨੂੰ ਵਿਰਾਮ ਦਿੱਤਾ।

### ਆਪ੍ਰੇਸ਼ਨ ਮਹਾਦੇਵ

ਆਪ੍ਰੇਸ਼ਨ ਮਹਾਦੇਵ ਦੀ ਸ਼ੁਰੂਆਤ 22 ਮਈ, 2025 ਨੂੰ ਹੋਈ ਸੀ। 22 ਮਈ, 2025 ਨੂੰ ਇੰਟੈਲੀਜੈਂਸ ਬਿਊਰੋ ਕੋਲ ਇੱਕ ਸੂਚਨਾ ਆਈ ਜਿਸ ਵਿੱਚ ਦਾਚੀਗਾਮ ਖੇਤਰ ਵਿੱਚ ਅੱਤਵਾਦੀਆਂ ਦੀ ਮੌਜੂਦਗੀ ਦੀ ਸੂਚਨਾ ਮਿਲੀ। ਠੰਡ ਅਤੇ ਉਚਾਈਆਂ 'ਤੇ ਆਈਬੀ, ਸੈਨਾ ਅਤੇ ਸੀਆਰਪੀਐੱਫ ਦੇ ਅਧਿਕਾਰੀ ਅਤੇ ਜਵਾਨ ਪੈਦਲ ਇਨ੍ਹਾਂ ਦੇ ਸਿਗਨਲ ਪ੍ਰਾਪਤ ਕਰਨ ਦੇ ਲਈ ਘੁੰਮਦੇ ਰਹੇ। 22 ਜੁਲਾਈ ਨੂੰ ਸੈਂਸਰ ਦੇ ਜ਼ਰੀਏ ਸਫਲਤਾ ਮਿਲੀ ਅਤੇ ਅੱਤਵਾਦੀਆਂ ਦੀ ਮੌਜੂਦਗੀ ਦੀ ਪੁਸ਼ਟੀ ਹੋ ਗਈ। ਸੀਆਰਪੀਐੱਫ ਅਤੇ ਜੰਮੂ ਕਸ਼ਮੀਰ ਪੁਲਿਸ ਦੇ ਜਵਾਨਾਂ ਨੇ ਇਕੱਠਿਆਂ ਅੱਤਵਾਦੀਆਂ ਨੂੰ ਘੇਰਿਆ ਅਤੇ ਆਪ੍ਰੇਸ਼ਨ ਵਿੱਚ ਪਹਿਲਗਾਮ ਹਮਲੇ ਵਿੱਚ ਨਿਰਦੋਸ਼ ਨਾਗਰਿਕਾਂ ਨੂੰ ਮਾਰਨ ਵਾਲੇ ਤਿੰਨੋਂ ਅੱਤਵਾਦੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

### ਆਪ੍ਰੇਸ਼ਨ ਸਿੰਦੂਰ ਵਿੱਚ ਇਸਰੋ ਦਾ ਯੋਗਦਾਨ

ਇਸਰੋ ਦੇ ਚੇਅਰਮੈਨ ਵੀ. ਨਾਰਾਇਣਨ ਨੇ ਇਸ ਆਪ੍ਰੇਸ਼ਨ ਤੋਂ ਬਾਅਦ ਇੱਕ ਪ੍ਰੋਗਰਾਮ ਵਿੱਚ ਦੱਸਿਆ ਸੀ ਕਿ ਦੇਸ਼ ਦੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਲਈ ਆਪ੍ਰੇਸ਼ਨ ਦੇ ਦੌਰਾਨ ਘੱਟ ਤੋਂ ਘੱਟ 10 ਸੈਟੇਲਾਈਟਸ ਲਗਾਤਾਰ ਚੌਬੀ ਘੰਟੇ ਕੰਮ ਕਰ ਰਹੇ ਸਨ। ਸੈਟੇਲਾਈਟ ਅਤੇ ਡ੍ਰੋਨ ਤਕਨੀਕ ਰਾਹੀਂ ਭਾਰਤ ਆਪਣੇ ਸੱਤ ਹਜ਼ਾਰ ਕਿਲੋਮੀਟਰ ਤੋਂ ਵੱਧ ਦੀ ਸਮੁੰਦਰੀ ਕਿਨਾਰਿਆਂ ਦੀ ਨਿਗਰਾਨੀ ਕਰ ਰਿਹਾ ਹੈ।

### ਮਿਸ਼ਨ ਸੁਦਰਸ਼ਨ ਚੱਕਰ

ਭਾਰਤ ਦੀਆਂ ਹਮਲਾਵਰ ਅਤੇ ਰੋਕਥਾਮ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਦੇ ਲਈ, ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਦੀ ਸਮਿੱਧ ਸੱਭਿਆਚਾਰਕ ਅਤੇ ਪੌਰਾਣਿਕ ਵਿਰਾਸਤ ਤੋਂ ਪ੍ਰੇਰਣਾ ਲੈਂਦੇ ਹੋਏ ਮਿਸ਼ਨ ਸੁਦਰਸ਼ਨ ਚੱਕਰ ਦੀ ਸ਼ੁਰੂਆਤ ਕੀਤੀ ਹੈ। ਦੁਸ਼ਮਣਾਂ ਦੁਆਰਾ ਭਾਰਤ 'ਤੇ ਹਮਲਾ ਕਰਨ ਦੀ ਕਿਸੇ ਵੀ ਕੋਸ਼ਿਸ਼ ਨੂੰ ਅਸਫਲ ਕਰਨ ਲਈ ਇੱਕ ਸ਼ਕਤੀਸ਼ਾਲੀ ਹਥਿਆਰ ਪ੍ਰਣਾਲੀ ਬਣਾਉਣ ਦੇ ਲਈ ਮਿਸ਼ਨ ਸੁਦਰਸ਼ਨ ਚੱਕਰ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਪਹਿਲਕਦਮੀ ਭਾਰਤ ਦੀ ਰਣਨੀਤਕ ਖੁਦ-ਮੁਖਤਿਆਰੀ ਨੂੰ ਮਜ਼ਬੂਤ ਕਰਦੇ ਹੋਏ, ਤੀਬਰ, ਸਟੀਕ ਅਤੇ ਸ਼ਕਤੀਸ਼ਾਲੀ ਰੱਖਿਆ ਕਾਰਵਾਈਆਂ ਨੂੰ ਵਧਾਉਣ ਦੇ ਲਈ ਡਿਜ਼ਾਈਨ ਕੀਤੀ ਗਈ ਹੈ। ਵਰ੍ਹੇ 2035 ਤੱਕ ਸਾਰੇ ਜਨਤਕ ਸਥਾਨਾਂ ਨੂੰ ਇੱਕ ਵਿਸਤ੍ਰਿਤ ਰਾਸ਼ਟਰਵਿਆਪੀ ਸੁਰੱਖਿਆ ਕਵਚ ਦੁਆਰਾ ਸੁਰੱਖਿਅਤ ਕੀਤਾ ਜਾਵੇਗਾ। ■

ਨਵਾਂ ਭਾਰਤ ਅਤੇ
ਨਾਰੀ ਅਗਵਾਈ
ਕਵਰ ਸਟੋਰੀ

# 33% ਮਹਿਲਾ ਰਾਖਵਾਂਕਰਨ

# ਲੋਕਤੰਤਰੀ

## ਵਚਨਬੱਧਤਾ ਦਾ ਨਾਅਰਾ....



# ਉਹ ਕਿਸੇ ਤੈਅ ਦਾਇਰੇ ਵਿੱਚ ਸਿਮਟਣ ਦੇ ਲਈ ਨਹੀਂ ਬਣੀਆਂ ਹਨ ....
# ਉਹ ਤਾਂ ਨਵੀਂ ਰਾਹ ਬਣਾਉਣ ਦੇ ਲਈ ਬਣੀਆਂ ਹਨ ...

ਇਸੇ ਸੰਕਲਪ ਦੇ ਨਾਲ ਨਵਾਂ ਭਾਰਤ ਉੱਤਮਤਾ ਦੇ ਨਿਤ ਨਵੇਂ ਅਧਿਆਏ ਲਿਖ ਰਿਹਾ ਹੈ। ਦਹਾਕਿਆਂ ਤੋਂ ਅੱਧੀ ਆਬਾਦੀ ਦੇ ਅਧਿਕਾਰਾਂ ਨੂੰ ਸਸ਼ਕਤ ਬਣਾਉਣ ਦੀ ਦਿਸ਼ਾ ਵਿੱਚ ਨਿਰੰਤਰ ਯਤਨ ਜਾਰੀ ਹਨ। ਸਮਾਪਤੀ ਵੱਲ ਵਧਦੇ ਹੋਏ 21ਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਮਹਿਲਾਵਾਂ ਦੀ ਭਾਈਵਾਲੀ ਨੂੰ ਮਜ਼ਬੂਤ ਕਰਨ ਦਾ ਸੰਕਲਪ ਹੋਰ ਵੀ ਸਪਸ਼ਟ ਹੋਇਆ ਹੈ। ਸਿਰਫ਼ ਨਾਰੀ ਉਥਾਨ ਨਹੀਂ, ਸਗੋਂ ਨਾਰੀ ਸ਼ਕਤੀ ਦੀ ਅਗਵਾਈ ਵਿੱਚ ਵਿਕਾਸ ਦੀ ਦ੍ਰਿਸ਼ਟੀ ਬੀਤੇ 12 ਵਰ੍ਹਿਆਂ ਵਿੱਚ ਰਾਸ਼ਟਰ ਦੀ ਨੀਤੀ ਦਾ ਮਹੱਤਵਪੂਰਨ ਅਧਾਰ ਬਣੀ ਹੈ। ਸਿੱਖਿਆ, ਸਿਹਤ, ਆਰਥਿਕ ਸਮ੍ਰਿੱਧੀ ਅਤੇ ਅਗਵਾਈ ਦੇ ਮੌਕਿਆਂ ਵਿੱਚ ਮਹਿਲਾਵਾਂ ਨੂੰ ਸਸ਼ਕਤ ਕਰਨ ਦੀਆਂ ਕਈ ਪਹਿਲਕਦਮੀਆਂ ਇਸ ਦਿਸ਼ਾ ਵਿੱਚ ਮੀਲ ਪੱਥਰ ਸਾਬਤ ਹੋਈਆਂ ਹਨ। ਇਸੇ ਦਿਸ਼ਾ ਵਿੱਚ ਅੱਗੇ ਵਧ ਰਹੀ ਕੇਂਦਰ ਸਰਕਾਰ ਨੇ 16 ਤੋਂ 18 ਅਪ੍ਰੈਲ ਤੱਕ ਆਯੋਜਿਤ ਵਿਸ਼ੇਸ਼ ਸੈਸ਼ਨ ਨੇ ਲੋਕਤੰਤਰ ਦੇ ਇਸ ਪਵਿੱਤਰ ਮੰਦਿਰ ਤੋਂ ਇੱਕ ਵਾਰ ਫਿਰ ਇਹ ਐਲਾਨ ਕੀਤਾ ਕਿ ਨਾਰੀ ਸ਼ਕਤੀ ਦੀ ਅਗਵਾਈ ਵਿੱਚ ਵਿਕਾਸ ਦੀ ਯਾਤਰਾ ਦੇ ਲਈ ਅਟਲ ਹੈ। ਨਵਾਂ ਭਾਰਤ ਹੁਣ ਉਸ ਰੌਸ਼ਨੀ ਵੱਲ ਵਧ ਚਲਿਆ ਹੈ, ਜਿੱਥੇ ਹਰ ਨਾਰੀ ਸਿਰਫ਼ ਸੁਪਨੇ ਨਹੀਂ ਦੇਖੇਗੀ, ਸਗੋਂ ਉਨ੍ਹਾਂ ਨੂੰ ਸਾਕਾਰ ਕਰਕੇ, ਰਾਸ਼ਟਰ ਦੇ ਭਵਿੱਖ ਨੂੰ ਆਪਣੀ ਹਿੰਮਤ, ਸੰਕਲਪ ਅਤੇ ਸਿਰਜਣਸ਼ੀਲਤਾ ਨਾਲ ਕਰੇਗੀ ਰੌਸ਼ਨ ......

ਨਾਰੀ ਤੂੰ ਨਾਰਾਇਣੀ, ਤੇਰੇ ਨਾਲ ਹੀ ਸਮਰੱਥਾ ਹੈ, ਤੂੰ ਹੀ ਰਾਸ਼ਟਰ ਸ਼ਕਤੀ। ਇਨ੍ਹਾਂ ਸ਼ਬਦਾਂ ਵਿੱਚ ਨਵਾਂ ਭਾਰਤ ਨਵਾਂ ਇਤਿਹਾਸ ਬਣਾਉਣ ਦੇ ਲਈ ਵਚਨਬੱਧ ਹੈ। ਵਿਕਸਿਤ ਭਾਰਤ ਦੇ ਸੰਕਲਪ ਦੀ ਸਿੱਧੀ ਦਾ ਮੰਤਰ ਹੁਣ ਨਾਰੀ ਦੀ ਅਗਵਾਈ ਵਿੱਚ ਨਾਅਰੇ ਦੇ ਲਈ ਤਿਆਰ ਹੈ। ਇਹ ਸਿਰਫ਼ ਇੱਕ ਵਿਚਾਰ ਨਹੀਂ, ਸਗੋਂ ਯੁੱਗ ਪਰਿਵਰਤਨ ਦਾ ਗਵਾਹ ਹੈ। ਜਿੱਥੇ ਨਾਰੀ ਸਿਰਫ਼ ਸਹਿਭਾਗੀ ਨਹੀਂ, ਸਗੋਂ ਪਰਿਵਰਤਨ ਦੀ ਮੋਢੀ ਬਣ ਕੇ ਰਾਸ਼ਟਰ ਦੀ ਦਿਸ਼ਾ ਅਤੇ ਦਸ਼ਾ ਨਿਰਧਾਰਿਤ ਕਰਨ ਵਾਲੀਆਂ ਹਨ। ਵਰ੍ਹੇ 2026 ਵਿੱਚ 16 ਤੋਂ 18 ਅਪ੍ਰੈਲ ਤੱਕ ਆਯੋਜਿਤ ਸੰਸਦ ਦੇ ਵਿਸ਼ੇਸ਼ ਸੈਸ਼ਨ ਵਿੱਚ ਰਾਸ਼ਟਰਹਿਤ ਦੇ ਯੁਗਾਂਤਕਾਰੀ ਫੈਸਲੇ 'ਤੇ ਰਾਜਨੀਤੀ ਹਾਵੀ ਹੋ ਗਈ। ਕੇਂਦਰ ਸਰਕਾਰ ਦੀ ਵਚਨਬੱਧਤਾ 'ਤੇ ਅੰਕੜਾ ਭਾਰੀ ਪੈ ਗਿਆ। ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਚਲੀ ਆ ਰਹੀ ਅਧਿਕਾਰ ਦੀ ਲੜਾਈ ਫਿਲਹਾਲ ਮੁਕਾਮ 'ਤੇ ਨਹੀਂ ਪਹੁੰਚ ਸਕੀ। ਇਹ ਫੈਸਲਾ ਸਿਰਫ਼ ਨੀਤੀਗਤ ਬਦਲਾਅ ਜਾਂ ਅੱਧੀ ਆਬਾਦੀ ਨੂੰ ਅਧਿਕਾਰ ਦਿਵਾਉਣ ਤੱਕ ਸੀਮਤ ਰਹਿਣ ਵਾਲਾ ਨਹੀਂ ਸੀ, ਸਗੋਂ ਸਮਾਜਿਕ ਚੇਤਨਾ ਦੇ ਪੁਨਰ ਜਾਗਰਣ ਦਾ ਪਲ ਬਣਨ ਵਾਲਾ ਸੀ। ਪਰ ਇਤਿਹਾਸ ਰਚਣ ਦੇ ਨੇੜੇ ਪਹੁੰਚ ਚੁੱਕੇ ਇਸ ਫੈਸਲੇ ਬਾਰੇ ਰਾਜਨੀਤਿਕ ਨੀਅਤ ਉਜਾਗਰ ਹੋਈ ਹੈ। ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ 33 ਪ੍ਰਤੀਸ਼ਤ ਰਾਖਵੇਂਕਰਨ ਨੂੰ 2029 ਦੀਆਂ ਆਮ ਚੋਣਾਂ ਤੋਂ ਲਾਗੂ ਕਰਨ ਦੀ ਕੇਂਦਰ ਸਰਕਾਰ ਦੀ ਦ੍ਰਿੜ੍ਹ ਇੱਛਾ ਸ਼ਕਤੀ 'ਤੇ ਸੰਵਿਧਾਨਿਕ ਤੌਰ 'ਤੇ ਲਾਜ਼ਮੀ ਦੋ –ਤਿਹਾਈ ਅੰਕੜੇ ਯਾਨੀ ਇੰਨੇ ਸੰਸਦ ਮੈਂਬਰਾਂ ਦਾ ਸਮਰਥਨ ਨਹੀਂ ਮਿਲ ਸਕਿਆ। ਹੁਣ ਇੱਕ ਵਾਰ ਫਿਰ ਕੇਂਦਰ ਸਰਕਾਰ ਨੇ ਲੋਕਤੰਤਰ ਦੇ ਸਰਬਉੱਚ ਮੰਦਿਰ ਤੋਂ ਸਪਸ਼ਟ ਤੌਰ 'ਤੇ ਐਲਾਨ ਕਰ ਦਿੱਤਾ ਹੈ ਕਿ ਅੰਕੜਿਆਂ ਨੇ ਭਾਵੇਂ ਸਾਥ ਨਹੀਂ ਦਿੱਤਾ ਹੋਵੇ, ਪਰ ਮਹਿਲਾ ਰਾਖਵਾਂਕਰਨ ਨੂੰ ਯਕੀਨੀ ਬਣਾਉਣ ਦਾ ਫੈਸਲਾ ਨਵੇਂ ਭਾਰਤ ਦੀ ਸੱਭਿਆਚਾਰਕ ਵਚਨਬੱਧਤਾ ਹੈ, ਜਿਸ ਦੇ ਲਈ ਕੇਂਦਰ ਸਰਕਾਰ ਦ੍ਰਿੜ੍ਹ ਹੈ।

ਜੇਕਰ ਸੰਸਦ ਤੋਂ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ 33 ਪ੍ਰਤੀਸ਼ਤ ਮਹਿਲਾ ਰਾਖਵੇਂਕਰਨ ਦਾ ਸੰਵਿਧਾਨ ਸੋਧ ਬਿਲ ਪਾਸ ਹੋ ਜਾਂਦਾ ਤਾਂ 2029 ਦੀਆਂ ਆਮ ਚੋਣਾਂ ਤੋਂ ਲਾਗੂ ਕਰਨ ਦੀ ਇਤਿਹਾਸਕ ਕਾਨੂੰਨੀ ਪਹਿਲਕਦਮੀ ਵਿਕਸਿਤ ਭਾਰਤ ਦੀ ਯਾਤਰਾ ਦਾ ਉੱਜਵਲ ਰਾਹ ਬਣਦੀ। ਇਸ ਦੇ ਲਈ ਕੇਂਦਰ ਸਰਕਾਰ ਨੇ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਨਾਰੀ ਸ਼ਕਤੀ ਵੰਦਨ ਅਧਿਨਿਯਮ, 2023 ਵਿੱਚ ਸੋਧ ਦਾ ਪ੍ਰਸਤਾਵ ਲੋਕ ਸਭਾ ਵਿੱਚ ਰੱਖਿਆ ਸੀ, ਤਾਂ ਜੋ ਦਹਾਕਿਆਂ ਤੋਂ ਉਡੀਕ ਕਰ ਰਹੀ ਮਾਤ੍ਰਿ ਸ਼ਕਤੀ ਸਿਰਫ਼ ਘਰ ਹੀ ਨਹੀਂ, ਰਾਸ਼ਟਰ ਦੇ ਨੀਤੀ- ਨਿਰਮਾਣ ਵਿੱਚ ਵੀ ਨਿਰਣਾਇਕ ਭੂਮਿਕਾ ਨਿਭਾ ਸਕੇ।

ਨਵੇਂ ਭਾਰਤ ਦੀ ਨਵੀਂ ਸੰਸਦ ਨੇ 20 ਅਤੇ 21 ਸਤੰਬਰ, 2023 ਨੂੰ ਇਸ ਬਿਲ ਨੂੰ ਪਾਸ ਕਰਕੇ ਇਤਿਹਾਸ ਰਚਿਆ ਸੀ। ਕਦੇ ਰਾਜਨੀਤੀ ਅਤੇ ਸੱਤਾ ਨੂੰ ਸਭ ਤੋਂ ਉੱਪਰ ਮੰਨ ਕੇ ਜਿਸ ਬਿਲ ਨੂੰ ਦਹਾਕਿਆਂ ਤੱਕ ਲਟਕਾਇਆ ਗਿਆ ਜਾਂ ਇੰਝ ਕਹਿ ਲਓ ਕਿ ਸਿਰਫ਼ ਗੱਲਾਂ ਹੀ ਹੋਈਆਂ, ਉਸ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਸਲੀਅਤ ਬਣਾ ਦਿੱਤਾ ਸੀ। ਇਸ ਦੇ ਲਈ ਉਨ੍ਹਾਂ ਨੇ ਮੌਕਾ ਵੀ ਵਿਸ਼ੇਸ਼ ਬਣਾ ਦਿੱਤਾ ਸੀ। ਸੰਸਦ ਦੇ ਨਵੇਂ ਭਵਨ ਵਿੱਚ ਪ੍ਰਵੇਸ਼ ਦੇ ਲਈ ਵਿਸ਼ੇਸ਼ ਆਯੋਜਨ ਦੇ ਨਾਲ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਸੀ। ਪਰ 2023 ਵਿੱਚ ਬਣੇ ਇਸ ਕਾਨੂੰਨ ਨੂੰ 2029 ਦੀਆਂ ਲੋਕ ਸਭਾ ਚੋਣਾਂ ਨਾਲ ਜ਼ਮੀਨੀ ਪੱਧਰ 'ਤੇ



# ਨਾਰੀ ਸ਼ਕਤੀ ਨਾਲ ਹੋ ਰਿਹਾ ਵਿਕਸਿਤ ਭਾਰਤ ਦਾ ਨਿਰਮਾਣ

*ਭਾਰਤ ਦੀ ਨਾਰੀ ਸ਼ਕਤੀ ਅੱਜ ਹਰ ਖੇਤਰ ਵਿੱਚ ਪਰਚਮ ਲਹਿਰਾ ਰਹੀ ਹੈ। ਇਹ ਟ੍ਰਾਂਸਫਾਰਮੇਸ਼ਨ ਸਿਰਫ਼ ਮਹਿਲਾ ਸਸ਼ਕਤੀਕਰਣ ਤੱਕ ਸੀਮਤ ਨਹੀਂ ਹੈ, ਇਹ ਸਮਾਜ ਦੀ ਸੋਚ ਅਤੇ ਸਮਰੱਥਾ ਦੋਵਾਂ ਨੂੰ ਟ੍ਰਾਂਸਫਾਰਮ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਭਾਰਤ, ਮਹਿਲਾ ਸਸ਼ਕਤੀਕਰਣ ਦੀ ਦਿਸ਼ਾ ਵਿੱਚ ਇੱਕ ਕ੍ਰਾਂਤੀਕਾਰੀ ਤਬਦੀਲੀ ਦਾ ਗਵਾਹ ਬਣਿਆ ਹੈ। ਨਾਰੀ ਦੀ ਅਗਵਾਈ ਵਿੱਚ ਵਿਕਾਸ ਦੇ ਮਿਸ਼ਨ ਦੇ ਤਹਿਤ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਨਾਰੀ ਸ਼ਕਤੀ ਦੀ ਭੂਮਿਕਾ ਨੂੰ ਯਕੀਨੀ ਬਣਾਉਣ ਵਾਲੀ ਪ੍ਰਮੁੱਖ ਪਹਿਲਕਦਮੀ ....*

## ਅਧਿਕਾਰ ਅਤੇ ਕਾਨੂੰਨੀ ਸੁਰੱਖਿਆ....

*ਮਹਿਲਾਵਾਂ ਨੂੰ ਅਧਿਕਾਰ, ਸੁਰੱਖਿਆ ਅਤੇ ਮੌਕਾ ਦੇਣ ਦੇ ਲਈ ਕਈ ਇਤਿਹਾਸਕ ਕਦਮ ਚੁੱਕੇ ਹਨ। ਨਾਰੀ ਸ਼ਕਤੀ ਵੰਦਨ ਅਧਿਨਿਯਮ ਨੇ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਅਧਿਕਾਰ ਨੂੰ ਯਕੀਨੀ ਬਣਾਇਆ ਤਾਂ ਪੰਚਾਇਤਾਂ ਨੂੰ ਮਜ਼ਬੂਤ ਕਰ ਰਹੀ ਨਾਰੀ ਸ਼ਕਤੀ .....*

**ਵਰ੍ਹੇ 2029 ਦੀਆਂ ਆਮ ਚੋਣਾਂ ਤੋਂ 33 ਪ੍ਰਤੀਸ਼ਤ ਮਹਿਲਾ ਰਾਖਵਾਂਕਰਨ ਲਾਗੂ ਕਰਨ ਦੇ ਲਈ ਤਿੰਨ ਬਿਲ ਲਿਆਂਦੇ ਗਏ**



- ਸੰਵਿਧਾਨ (131ਵਾਂ ਸੋਧ) ਬਿਲ, 2026
- ਕੇਂਦਰ ਸ਼ਾਸਿਤ –ਕਾਨੂੰਨ (ਸੋਧ) ਬਿਲ 2026
- ਹੱਦਬੰਦੀ ਬਿਲ -2026

**1971- 72 ਤੋਂ ਹੁਣ ਤੱਕ ਸੀਟਾਂ ਦੀ ਗਿਣਤੀ ਫ੍ਰੀਜ਼ ਰਹੀ ਹੈ ਅਤੇ ਅੱਜ 127 ਸੀਟਾਂ ਅਜਿਹੀਆਂ ਹਨ ਜਿਨ੍ਹਾਂ ਵਿੱਚ 20 ਲੱਖ ਤੋਂ ਵੱਧ ਵੋਟਰਸ ਹਨ। ਇਨ੍ਹਾਂ ਸੀਟਾਂ 'ਤੇ ਇੱਕ ਵੋਟ, ਇੱਕ ਵੋਟਰ ਅਤੇ ਇੱਕ ਕੀਮਤ ਦੇ ਸਿਧਾਂਤ ਦੀ ਪੂਰਨ ਉਲੰਘਣਾ ਹੁੰਦੀ ਹੈ।**

ਲਾਗੂ ਕਰਨ ਦੇ ਲਈ ਇਸ ਵਿੱਚ ਸੋਧ ਕਰਨਾ ਲਾਜ਼ਮੀ ਹੋ ਗਿਆ ਸੀ। ਜੇਕਰ ਸਰਕਾਰ 2026 ਤੋਂ ਬਾਅਦ ਹੋਣ ਵਾਲੀ ਜਨਗਣਨਾ ਅਤੇ ਫਿਰ ਹੱਦਬੰਦੀ ਦੀ ਉਡੀਕ ਕਰਦੀ ਤਾਂ ਕਾਨੂੰਨ ਬਣ ਜਾਣ ਦੇ ਬਾਵਜੂਦ ਮਹਿਲਾਵਾਂ ਨੂੰ 2029 ਦੀਆਂ ਚੋਣਾਂ ਨਾਲ ਇਹ ਹੱਕ ਨਹੀਂ ਮਿਲ ਸਕਦਾ ਸੀ। ਇਸ ਲਈ ਇਸ ਵਾਰ ਵੀ ਸੰਸਦ ਦਾ ਤਿੰਨ ਦਿਨਾਂ ਵਿਸ਼ੇਸ਼ ਸੈਸ਼ਨ ਬੁਲਾ ਕੇ ਕੇਂਦਰ ਸਰਕਾਰ ਨੇ ਨਾਰੀ ਸ਼ਕਤੀ ਨੂੰ ਉਸ ਦਾ ਹੱਕ ਦਿਵਾਉਣ ਦੀ ਇਤਿਹਾਸਕ ਪਹਿਲ ਅਤੇ ਆਪਣੀ ਦ੍ਰਿੜ੍ਹ ਇੱਛਾ ਸ਼ਕਤੀ ਰਾਸ਼ਟਰ ਦੇ ਸਾਹਮਣੇ ਰੱਖੀ।

### ਨਾਰੀ ਅਗਵਾਈ ਸੰਕੇਤਕ ਨਹੀਂ, ਪੂਰਨ ਪ੍ਰਤੀਨਿਧਤਾ

ਨਾਰੀ ਸ਼ਕਤੀ ਵੰਦਨ ਅਧਿਨਿਯਮ ਵਿੱਚ ਸੋਧ ਦੇ ਮੁਤਾਬਕ ਲੋਕ ਸਭਾ ਵਿੱਚ ਸੀਟਾਂ ਦੀ ਗਿਣਤੀ 545 ਤੋਂ ਵਧਾ ਕੇ 850 ਕਰਨ ਦਾ ਪ੍ਰਸਤਾਵ ਰੱਖਿਆ ਗਿਆ ਸੀ। ਕਿਉਂਕਿ ਇਹ ਸੰਵਿਧਾਨ ਸੋਧ ਦਾ ਬਿਲ ਸੀ, ਇਸ ਲਈ ਸੰਸਦ ਵਿੱਚ ਸਿਰਫ ਬਹੁਮਤ ਦਾ ਅੰਕੜਾ ਕੰਮ ਨਹੀਂ ਕਰਦਾ, ਸਗੋਂ ਇਸ ਦੇ ਲਈ ਦੋ-ਤਿਹਾਈ ਬਹੁਮਤ ਦਾ ਹੋਣ ਜ਼ਰੂਰੀ ਹੁੰਦਾ ਹੈ। ਮਹਿਲਾ ਰਾਖਵਾਂਕਰਨ ਨੂੰ 2029 ਤੋਂ ਹੀ ਲਾਗੂ ਕਰਨ ਦੇ ਉਦੇਸ਼ ਨੂੰ ਪੂਰਾ ਕਰਨ ਵਾਲੇ ਬਿਲ 'ਤੇ ਜਦੋਂ ਲੋਕ ਸਭਾ ਵਿੱਚ ਵੋਟਿੰਗ ਹੋਈ ਪਾਰਟੀ ਵਿੱਚ 298 ਅਤੇ ਵਿਰੋਧੀ ਧਿਰ ਵਿੱਚ 230

## ਨਾਰੀ ਸ਼ਕਤੀ ਵੰਦਨ ਅਧਿਨਿਯਮ

**33%** ਮਹਿਲਾ ਜਨਤਕ ਪ੍ਰਤੀਨਿਧੀ ਚੁਣੇ ਜਾਣ ਦਾ ਉਪਬੰਧ ਸੀ 2029 ਦੇ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਤੋਂ।



ਉਪਬੰਧਾਂ ਦੇ ਮੁਤਾਬਕ ਲੋਕ ਸਭਾ ਵਿੱਚ ਕੁੱਲ **850** ਸੀਟਾਂ ਹੋਈਆਂ ਸਨ।

ਇਨ੍ਹਾਂ ਵਿੱਚ ਰਾਜਾਂ ਤੋਂ 815 ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ **35** ਸੰਸਦ ਮੈਂਬਰ ਹੋਏ।

- ਬਾਕੀ ਸੀਟਾਂ ਆਜ਼ਾਦ ਰੱਖੀਆਂ ਗਈਆਂ ਸਨ, ਜਿਨ੍ਹਾਂ 'ਤੇ ਪੁਰਸ਼ ਅਤੇ ਮਹਿਲਾ ਕੋਈ ਵੀ ਚੋਣ ਲੜ ਸਕਦਾ ਹੈ।
- ਐੱਸਸੀ-ਐੱਸਟੀ ਦਾ ਰਾਖਵਾਂਕਰਨ ਵੀ ਵਧੀਆਂ ਹੋਈਆਂ ਸੀਟਾਂ ਦੇ ਅਨੁਪਾਤ ਵਿੱਚ 205 ਸੀਟਾਂ ਹੋਈਆਂ, ਜੋ ਕਿ ਪਹਿਲਾਂ 131 ਸੀ।
- ਸਾਰੇ ਰਾਜਾਂ ਵਿੱਚ ਸੀਟਾਂ ਦੀ ਸਮਾਨ ਤੌਰ 'ਤੇ ਵੰਡ-50% ਵਾਧੇ ਦਾ ਮਾਡਲ ਰੱਖਿਆ ਗਿਆ ਸੀ।
- ਸੀਟਾਂ ਦੇ ਰਾਜਵਾਰ ਵਾਧੇ ਦੇ ਲਈ ਮਾਪਦੰਡ ਬਣਾਇਆ ਗਿਆ ਤਾਂ ਜੋ ਕਿਸੇ ਵੀ ਰਾਜ ਨੂੰ ਜਨਸੰਖਿਆ ਦੇ ਅਧਾਰ 'ਤੇ ਸੀਟਾਂ ਦਾ ਨੁਕਸਾਨ ਨਾ ਹੋਵੇ।
- 15 ਵਰ੍ਹਿਆਂ ਦੇ ਲਈ ਸੀਟਾਂ ਰਾਖਵੀਆਂ ਹੋਣਗੀਆਂ ਲਾਗੂ ਹੋਣ ਦੀ ਮਿਤੀ ਤੋਂ, ਜਿਸ ਨੂੰ ਸੰਸਦ ਜੇ ਚਾਹੇ ਤਾਂ ਵਧਾ ਸਕਦੀ ਹੈ।
- ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਨੂੰ 33 ਪ੍ਰਤੀਸ਼ਤ ਰਾਖਵੇਂਕਰਨ ਦਾ ਬਿਲ 21- 22 ਸਤੰਬਰ 2023 ਨੂੰ ਪਾਸ ਹੋਇਆ ਸੀ। 29 ਸਤੰਬਰ ਨੂੰ ਰਾਸ਼ਟਰਪਤੀ ਦੇ ਹਸਤਾਖਰ ਦੇ ਨਾਲ ਹੀ ਕਾਨੂੰਨ ਬਣਿਆ ਸੀ।
- ਸਤੰਬਰ 2023 ਵਿੱਚ ਬਣੇ ਕਾਨੂੰਨ ਨੂੰ 16 ਅਪ੍ਰੈਲ 2026 ਨੂੰ ਕੇਂਦਰ ਸਰਕਾਰ ਨੇ ਨੋਟੀਫਾਇਡ ਕਰ ਦਿੱਤਾ।

## ਫੈਸਲਾ- ਨਿਰਮਾਣ ਵਿੱਚ ਸਸ਼ਕਤ ਭਾਗੀਦਾਰੀ

**14.5** ਲੱਖ ਚੁਣੀਆਂ ਹੋਈਆਂ ਮਹਿਲਾ ਪ੍ਰਤੀਨਿਧੀਆਂ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਹਨ।

- ਇਹ ਕੁੱਲ ਪ੍ਰਤੀਨਿਧੀਆਂ ਦਾ ਲਗਭਗ 46 ਪ੍ਰਤੀਸ਼ਤ ਹੈ, ਜੋ ਕਿ ਦੁਨੀਆ ਵਿੱਚ ਇੱਕ ਅਦੁੱਤੀ ਉਦਾਹਰਣ ਹੈ।
- ਇਹ ਫੈਸਲਾ –ਨਿਰਮਾਣ ਵਿੱਚ ਮਹਿਲਾਵਾਂ ਦੀ ਮਜ਼ਬੂਤ ਭਾਗੀਦਾਰੀ ਅਤੇ ਸਸ਼ਕਤ ਲੋਕਤੰਤਰ ਦੀ ਮਿਸਾਲ। ਹੁਣ ਭਾਰਤ ਵਿੱਚ ਮਹਿਲਾਵਾਂ ਸਿਰਫ਼ ਲਾਭਪਾਤਰੀ ਨਹੀਂ, ਨੀਤੀ ਨਿਰਧਾਰਿਤ ਦੀ ਸਹਿਭਾਗੀ ਵੀ ਹਨ।



### ਮਹਿਲਾਵਾਂ ਦੀ ਰਾਜਨੀਤੀ ਵਿੱਚ ਹਿੱਸੇਦਾਰੀ ਦੀ ਵਧਦੀ ਉਤਸੁਕਤਾ

- ਪਹਿਲੀ ਲੋਕ ਸਭਾ 22 ਮਹਿਲਾ ਮੈਂਬਰ
- ਛੇਵੀਂ ਲੋਕ ਸਭਾ 19 ਮਹਿਲਾ ਮੈਂਬਰ
- ਅੱਠਵੀਂ ਲੋਕ ਸਭਾ 44 ਮਹਿਲਾ ਮੈਂਬਰ
- 14ਵੀਂ ਲੋਕ ਸਭਾ 51 ਮਹਿਲਾ ਮੈਂਬਰ
- 17ਵੀਂ ਲੋਕ ਸਭਾ 78 ਮਹਿਲਾ ਮੈਂਬਰ
- 18ਵੀਂ ਲੋਕ ਸਭਾ 75 ਮਹਿਲਾ ਮੈਂਬਰ

> *"ਅਸੀਂ ਹੱਦਬੰਦੀ ਕਮਿਸ਼ਨ ਐਕਟ ਦੇ ਅੰਦਰ ਕੋਈ ਤਬਦੀਲੀ ਨਹੀਂ ਕੀਤੀ ਹੈ, ਪੁਰਾਣੇ ਐਕਟ ਨੂੰ ਫੁੱਲ ਸਟੌਪ ਅਤੇ ਕੌਮਾ ਦੇ ਨਾਲ ਰੀਪੀਟ ਕੀਤਾ ਹੈ। ਜੇਕਰ ਭਵਿੱਖ ਵਿੱਚ ਇਸ ਐਕਟ ਦੀ ਵਰਤੋਂ ਕਿਸੇ ਤਰ੍ਹਾਂ ਦੀ ਹੇਰਾ- ਫੇਰੀ ਦੇ ਲਈ ਕੀਤੀ ਗਈ ਹੋਵੇਗੀ, ਤਾਂ ਉਸ ਬਾਰੇ ਟਿੱਪਣੀ ਨਹੀਂ ਕਰ ਸਕਦਾ। ਪਰ ਮੌਜੂਦਾ ਸਰਕਾਰ ਨੇ ਅਜਿਹਾ ਕੋਈ ਯਤਨ ਨਹੀਂ ਕੀਤਾ ਹੈ।"*
>
> **- ਅਮਿਤ ਸ਼ਾਹ, ਕੇਂਦਰੀ ਗ੍ਰਹਿ ਮੰਤਰੀ**

ਵੋਟਾਂ ਪਈਆਂ। ਯਾਨੀ ਸੰਵਿਧਾਨਿਕ ਉਪਬੰਧਾਂ ਦੇ ਅਨੁਸਾਰ ਬਹੁਮਤ ਦਾ ਅੰਕੜਾ ਦੋ- ਤਿਹਾਈ ਤੋਂ ਘੱਟ ਸੀ ਅਤੇ ਇਹ ਬਿਲ ਪਾਸ ਨਹੀਂ ਹੋ ਸਕਿਆ। ਯਾਨੀ ਹੁਣ ਨਾਰੀ ਸ਼ਕਤੀ ਨੂੰ ਆਪਣੇ ਅਧਿਕਾਰ ਦੇ ਲਈ ਇੱਕ ਵਾਰ ਫਿਰ ਸੰਘਰਸ਼ ਕਰਨਾ ਹੋਵੇਗਾ। ਕੇਂਦਰ ਸਰਕਾਰ ਨੇ ਆਪਣੀ ਵਚਨਬੱਧਤਾ ਦੁਹਰਾਈ ਹੈ ਕਿ ਪਹਿਲਾਂ ਦੀ ਤਰ੍ਹਾਂ ਰਾਜਨੀਤੀ ਵਿੱਚ ਮਹਿਲਾਵਾਂ ਦੀ ਪ੍ਰਤੀਨਿਧਤਾ ਹੁਣ ਸੰਕੇਤਕ ਨਹੀਂ ਹੋਵੇਗੀ, ਸਗੋਂ ਅੱਧੀ ਆਬਾਦੀ ਦੀ ਉਚਿਤ ਪ੍ਰਤੀਨਿਧਤਾ ਨੂੰ ਅਸਲ ਵਿੱਚ ਬਦਲਣ ਦੇ ਲਈ ਵਚਨਬੱਧ ਹੈ।

**ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸੰਕਲਪ ਨੇ ਵਿਧਾਨ ਸਭਾ ਵਿੱਚ ਮਹਿਲਾਵਾਂ ਲਈ ਸੀਟਾਂ ਰਾਖਵੀਆਂ ਕਰਨ ਦੇ ਦਹਾਕਿਆਂ ਪੁਰਾਣੇ ਸੁਪਨੇ ਨੂੰ ਹਕੀਕਤ ਵਿੱਚ ਬਦਲ ਦਿੱਤਾ ਤਾਂ ਆਮ ਸਹਿਮਤੀ ਦੇ ਨਾਮ 'ਤੇ**

ਨਵਾਂ ਭਾਰਤ ਅਤੇ
ਨਾਰੀ ਅਗਵਾਈ
ਕਵਰ ਸਟੋਰੀ

# ਤਿੰਨ ਦਹਾਕਿਆਂ ਦੀ ਯਾਤਰਾ
## ਜਲਦੀ ਹੀ ਜ਼ਮੀਨ 'ਤੇ ਉਤਾਰਨ ਦੀ ਵਚਨਬੱਧਤਾ



- ਵਰ੍ਹੇ 1975 ਵਿੱਚ ਭਾਰਤ ਵਿੱਚ ਮਹਿਲਾਵਾਂ ਦੀ ਸਥਿਤੀ 'ਤੇ ਬਣੀ ਇੱਕ ਕਮੇਟੀ ਨੇ ਮਹਿਲਾਵਾਂ ਦੀ ਘਟਦੀ ਪ੍ਰਤੀਨਿਧਤਾ ਬਾਰੇ ਟਿੱਪਣੀ ਕੀਤੀ ਸੀ।
- ਵਰ੍ਹੇ 1981 ਦੇ ਨੈਸ਼ਨਲ ਪ੍ਰੋਸਪੈਕਟਿਵ ਪਲਾਨ ਵਿੱਚ ਵੀ ਸਾਰੀਆਂ ਸੰਸਥਾਵਾਂ ਵਿੱਚ ਮਹਿਲਾਵਾਂ ਦੇ ਲਈ 30% ਰਾਖਵੇਂਕਰਨ ਦੀ ਸਿਫਾਰਸ਼ ਕੀਤੀ ਸੀ।
- ਭਾਵੇਂ 73ਵੀਂ ਅਤੇ 74ਵੀਂ ਸੰਵਿਧਾਨਿਕ ਸੋਧਾਂ ਲਾਗੂ ਹੋ ਗਈਆਂ ਸਨ, ਪਰ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਦੇ ਰਾਖਵੇਂਕਰਨ ਲਈ ਪਹਿਲਕਦਮੀ ਅੱਗੇ ਨਹੀਂ ਵਧ ਸਕੀ।
- ਮਹਿਲਾਵਾਂ ਦੇ ਰਾਖਵੇਂਕਰਨ ਲਈ ਪਹਿਲਾ ਬਿਲ, ਜਿਸ ਨੂੰ 81ਵੇਂ ਸੰਵਿਧਾਨਿਕ ਸੋਧ ਬਿਲ ਵਜੋਂ ਪੇਸ਼ ਕੀਤਾ ਗਿਆ ਸੀ, 12 ਸਤੰਬਰ, 1996 ਨੂੰ ਐੱਚ.ਡੀ. ਦੇਵਗੌੜਾ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਪੇਸ਼ ਕੀਤਾ ਗਿਆ ਸੀ। ਇਸ ਨੂੰ ਇੱਕ ਸੰਯੁਕਤ ਸੰਸਦੀ ਕਮੇਟੀ ਕੋਲ ਭੇਜਿਆ ਗਿਆ ਸੀ; ਹਾਲਾਂਕਿ, ਜਦੋਂ ਕਮੇਟੀ ਦੀ ਰਿਪੋਰਟ ਪੇਸ਼ ਕੀਤੀ ਗਈ, 11ਵੀਂ ਲੋਕ ਸਭਾ ਭੰਗ ਹੋ ਗਈ ਸੀ, ਜਿਸ ਕਾਰਨ ਬਿਲ ਖਤਮ ਹੋ ਗਿਆ ਸੀ।
- ਦੂਜੀ ਵਾਰ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਸਰਕਾਰ ਵਿੱਚ 14 ਦਸੰਬਰ, 1998 ਨੂੰ ਸੰਵਿਧਾਨ ਦੀ 84ਵੀਂ ਸੋਧ ਦੇ ਰੂਪ ਵਿੱਚ ਬਿਲ ਪੇਸ਼ ਕੀਤਾ ਗਿਆ, ਇਹ ਯਤਨ ਵੀ 12ਵੀਂ ਲੋਕ ਸਭਾ ਦੇ ਭੰਗ ਹੋਣ ਨਾਲ ਖਤਮ ਹੋ ਗਿਆ।
- ਤੀਜੀ ਵਾਰ ਫਿਰ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵਿੱਚ ਹੀ 23 ਦਸੰਬਰ, 1999 ਨੂੰ ਸੰਵਿਧਾਨ ਦਾ 85ਵਾਂ ਸੋਧ ਬਿਲ ਪੇਸ਼ ਕੀਤਾ ਗਿਆ, ਪਰ ਰਾਜਨੀਤਿਕ ਪਾਰਟੀਆਂ ਦੇ ਵਿਚਕਾਰ ਸਹਿਮਤੀ ਨਾ ਬਣਨ ਦੇ ਕਾਰਨ ਬਿਲ ਅੱਗੇ ਨਹੀਂ ਵਧਿਆ।
- ਚੌਥੀ ਕੋਸ਼ਿਸ਼ ਵਿੱਚ ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਵਿੱਚ 108ਵਾਂ ਸੰਵਿਧਾਨ ਸੋਧ ਬਿਲ 6 ਮਈ 2008 ਨੂੰ ਰਾਜ ਸਭਾ ਵਿੱਚ, ਸਥਾਈ ਕਮੇਟੀ ਅੱਗੇ ਪੇਸ਼ ਕੀਤਾ ਗਿਆ। ਰਿਪੋਰਟ ਆਉਣ 'ਤੇ 9 ਮਾਰਚ, 2010 ਨੂੰ ਰਾਜ ਸਭਾ ਭਾਰੀ ਹੰਗਾਮੇ ਦੇ ਵਿਚਕਾਰ ਬਿਲ ਪਾਸ ਹੋਇਆ। ਲੋਕ ਸਭਾ ਨੂੰ ਭੇਜਿਆ ਗਿਆ ਲੇਕਿਨ ਲੋਕ ਸਭਾ 18 ਮਈ, 2014 ਨੂੰ ਜਿਵੇਂ ਹੀ ਭੰਗ ਹੋਈ, ਬਿਲ ਖਤਮ ਹੋ ਗਿਆ।
- ਮੌਜੂਦਾ ਸਰਕਾਰ ਵਿੱਚ 18 ਸਤੰਬਰ, 2023 ਨੂੰ ਕੇਂਦਰੀ ਕੈਬਨਿਟ ਨੇ ਨਾਰੀ ਸ਼ਕਤੀ ਵੰਦਨ ਅਧਿਨਿਯਮ, 2023 ਨੂੰ ਮਨਜ਼ੂਰੀ ਦਿੱਤੀ।
- 19 ਸਤੰਬਰ, 2023 ਨੂੰ ਨਾਰੀ ਸ਼ਕਤੀ ਵੰਦਨ ਅਧਿਨਿਯਮ 2023 ਨੂੰ ਨਾਰੀ ਸ਼ਕਤੀ ਵੰਦਨ ਅਧਿਨਿਯਮ 2023 (128ਵਾਂ ਸੰਵਿਧਾਨਿਕ ਸੋਧ ਬਿਲ) ਲੋਕ ਸਭਾ ਵਿੱਚ ਵਿਸ਼ੇਸ਼ ਸੈਸ਼ਨ ਬੁਲਾ ਕੇ ਪੇਸ਼ ਕੀਤਾ ਗਿਆ। ਬਿਲ ਦੇ ਪੱਖ ਵਿੱਚ 45 ਵੋਟਾਂ ਅਤੇ ਵਿਰੁੱਧ ਸਿਰਫ਼ 2 ਵੋਟਾਂ ਪਈਆਂ।
- 20 ਸਤੰਬਰ, 2023 ਨੂੰ ਨਾਰੀ ਸ਼ਕਤੀ ਵੰਦਨ ਅਧਿਨਿਯਮ, 2023 ਰਾਜ ਸਭਾ ਵਿੱਚ ਪੇਸ਼, ਬਿਨਾ ਕਿਸੇ ਵਿਰੋਧ ਦੇ 214 ਵੋਟਾਂ ਦੇ ਨਾਲ ਪਾਸ ਹੋਇਆ।
- 28 ਸਤੰਬਰ, 2023 ਨੂੰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਨਾਰੀ ਸ਼ਕਤੀ ਵੰਦਨ ਅਧਿਨਿਯਮ, 2023 'ਤੇ ਹਸਤਾਖਰ ਕੀਤੇ ਜਿਸ ਤੋਂ ਬਾਅਦ ਇਹ ਕਾਨੂੰਨ ਬਣ ਗਿਆ।
- 16 ਤੋਂ 18 ਅਪ੍ਰੈਲ, 2026 ਤੱਕ ਸੰਸਦ ਦੇ ਵਿਸ਼ੇਸ਼ ਸੈਸ਼ਨ ਵਿੱਚ 131ਵੇਂ ਸੰਵਿਧਾਨ ਸੋਧ ਬਿਲ 2026, ਹੱਦਬੰਦੀ ਬਿਲ, 2026 ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਕਾਨੂੰਨ (ਸੋਧ) ਬਿਲ, 2026 ਪੇਸ਼ ਕੀਤਾ ਗਿਆ। ਸਰਕਾਰ ਨੇ ਵਚਨਬੱਧਤਾ ਪ੍ਰਗਟਾਈ ਪਰ ਸੰਵਿਧਾਨ ਸੋਧ ਬਿਲ ਦੇ ਲਈ ਜ਼ਰੂਰੀ ਦੋ ਤਿਹਾਈ ਸਮਰਥਨ ਵਿੱਚ ਵੋਟਾਂ ਨਹੀਂ ਹੋਈਆਂ।

ਲਟਕਣ ਵਾਲਾ ਬਿਲ ਸਤੰਬਰ 2023 ਵਿੱਚ ਹੀ ਸੰਸਦ ਦੇ ਵਿਸ਼ੇਸ਼ ਸੈਸ਼ਨ ਵਿੱਚ ਕੇਂਦਰ ਸਰਕਾਰ ਦੇ ਦਲੇਰਾਨਾ ਫੈਸਲੇ, ਦ੍ਰਿੜ੍ਹ ਇਰਾਦੇ ਅਤੇ ਇਮਾਨਦਾਰ ਪਹਿਲ ਨਾਲ ਅਸਾਨੀ ਨਾਲ ਕਾਨੂੰਨ ਬਣ ਗਿਆ ਸੀ। ਇਸ ਨਾਲ ਲੋਕ ਸਭਾ-ਵਿਧਾਨ ਸਭਾਵਾਂ ਵਿੱਚ 33 ਪ੍ਰਤੀਸ਼ਤ ਮਹਿਲਾ ਰਾਖਵਾਂਕਰਨ ਦਾ ਰਾਹ ਪੱਧਰਾ ਹੋ ਚੁੱਕਿਆ ਸੀ। ਲੇਕਿਨ ਇਸ ਨੂੰ ਜ਼ਮੀਨੀ ਪੱਧਰ 'ਤੇ ਅਸਲ ਵਿੱਚ ਲਾਗੂ ਕਰਨ ਵਿੱਚ ਤਕਨੀਕੀ ਕਾਰਨਾਂ ਕਰਕੇ ਦੇਰੀ ਹੋ ਰਹੀ ਸੀ। ਅਜਿਹੇ ਵਿੱਚ ਕੇਂਦਰ ਸਰਕਾਰ ਨੇ ਇਸ ਵਿੱਚ ਸੋਧ ਕਰਨ ਦਾ ਫੈਸਲਾ ਲਿਆ ਅਤੇ 16 -18 ਅਪ੍ਰੈਲ ਤੱਕ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਸਤੰਬਰ 2023 ਦੇ ਕਾਨੂੰਨ ਵਿੱਚ ਜ਼ਰੂਰੀ ਸੋਧ ਦੇ ਪ੍ਰਸਤਾਵ ਪੇਸ਼ ਕੀਤੇ।

**ਸੰਕਲਪ ਦੀ ਵਚਨਬੱਧਤਾ ਦਾ ਸੂਚਕ ਬਣਿਆ ਵਿਸ਼ੇਸ਼ ਸੈਸ਼ਨ**

ਸੰਸਦ ਦਾ ਵਿਸ਼ੇਸ਼ ਸੈਸ਼ਨ ਇਤਿਹਾਸ ਰਚਣ ਵਿੱਚ ਭਾਵੇਂ ਸਫਲ ਨਾ ਹੋਇਆ ਹੋਵੇ ਪਰ ਇਹ ਸੈਸ਼ਨ ਨਾਰੀ ਸ਼ਕਤੀ ਦੀ ਅਗਵਾਈ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਸੰਕਲਪ ਸ਼ਕਤੀ ਅਤੇ ਵਚਨਬੱਧਤਾ ਦਾ ਸੂਚਕ ਬਣਿਆ ਹੈ। ਵਰ੍ਹੇ 2029 ਦੀਆਂ ਆਮ ਚੋਣਾਂ ਨਾਲ ਮਹਿਲਾ ਰਾਖਵਾਂਕਰਨ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦੇ ਲਈ 2023 ਦੇ ਨਾਰੀ ਸ਼ਕਤੀ ਵੰਦਨ ਅਧਿਨਿਯਮ ਵਿੱਚ ਸੋਧ ਜ਼ਰੂਰੀ ਸੀ। ਇਸੇ




ਓਡੀਸ਼ਾ ਦੇ ਪੁਰੀ ਬੀਚ 'ਤੇ ਨਾਰੀ ਸ਼ਕਤੀ ਵੰਦਨ ਦੀ ਭਾਵਨਾ ਨੂੰ ਸਮਰਪਿਤ ਪ੍ਰਸਿੱਧ ਸੈਂਡ ਆਰਟਿਸਟ ਸੁਦਰਸ਼ਨ ਪਟਨਾਇਕ ਦੁਆਰਾ ਬਣਾਈ ਗਈ ਆਕਰਸ਼ਕ ਰੇਤ ਕਲਾ -ਮਹਿਲਾ ਸਸ਼ਕਤੀਕਰਣ ਅਤੇ ਵਧਦੀ ਭਾਗੀਦਾਰੀ ਦਾ ਪ੍ਰੇਰਕ ਸੰਦੇਸ਼।

ਵਚਨਬੱਧਤਾ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਸੰਸਦ ਦਾ ਵਿਸ਼ੇਸ਼ ਸੈਸ਼ਨ ਪੂਰਾ ਕੀਤਾ ਅਤੇ ਜ਼ਰੂਰੀ ਬਿਲ ਪੇਸ਼ ਕੀਤਾ। ਇੰਨਾ ਹੀ ਨਹੀਂ,ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਨੂੰ ਰਾਜਨੀਤੀ ਦੀ ਬਜਾਏ ਰਾਸ਼ਟਰ ਹਿਤ ਦਾ ਫੈਸਲਾ ਦੱਸਿਆ, ਨਾਰੀ ਸ਼ਕਤੀ ਦਾ ਹੱਕ ਦੱਸਿਆ, ਭਾਰਤ ਦੀ ਸੱਭਿਆਚਾਰਕ ਵਚਨਬੱਧਤਾ ਦਾ ਸੰਕੇਤ ਦੱਸਿਆ, ਪਰ ਇੱਕ ਵਾਰ ਫਿਰ ਦਹਾਕਿਆਂ ਤੋਂ ਚਲੇ ਆ ਰਹੇ ਅਗਰ-ਮਗਰ ... ਕਿੰਤੂ- ਪਰੰਤੂ ਨੇ ਮਹਿਲਾ ਰਾਖਵੇਂਕਰਨ ਨੂੰ 2029 ਤੋਂ ਲਾਗੂ ਕਰਨ ਦੀ ਰਾਹ ਵਿੱਚ ਰੋੜ੍ਹਾ ਅਟਕਾਇਆ ਹੈ। ਪ੍ਰਧਾਨ ਮੰਤਰੀ ਨੇ ਵਿਸ਼ੇਸ਼ ਸੈਸ਼ਨ ਬੁਲਾਏ ਜਾਣ ਦੇ ਬਾਅਦ ਤੋਂ ਲਗਾਤਾਰ ਦੇਸ਼ ਦੇ ਸਾਹਮਣੇ ਇਹ ਤੱਥ ਰੱਖਿਆ ਕਿ ਮਹਿਲਾ ਰਾਖਵਾਂਕਰਨ ਨੂੰ ਲਾਗੂ ਕਰਨ ਵਿੱਚ ਹੁਣ ਇੱਕ ਦਿਨ ਵੀ ਫਿਜ਼ੂਲ ਨਹੀਂ ਜਾਣ ਦੇਣਾ ਚਾਹੀਦਾ।

ਕੇਂਦਰ ਸਰਕਾਰ ਆਸਵੰਦ ਸੀ ਕਿ ਸਤੰਬਰ 2023 ਦੀ ਤਰ੍ਹਾਂ ਹੀ ਇੱਕ ਵਾਰ ਫਿਰ ਮਹਿਲਾ ਰਾਖਵੇਂਕਰਨ ਨੂੰ ਲੈ ਕੇ ਲੋਕਤੰਤਰ ਦੇ ਸਰਬਉੱਚ ਮੰਦਿਰ ਤੋਂ ਲੰਕਤੰਤਰੀ ਵਚਨਬੱਧਤਾ ਦਾ ਨਾਅਰਾ ਦੇਵੇਗੀ। ਲੇਕਿਨ ਸਹਿਮਤੀ ਨਹੀਂ ਬਣੀ ਅਤੇ ਵਿਰੋਧੀ ਪਾਰਟੀ ਵੱਲੋਂ ਸਮਰਥਨ ਨਾ ਮਿਲਣ ਕਾਰਨ ਸੰਵਿਧਾਨ ਸੋਧ ਦੇ ਲਈ ਜ਼ਰੂਰੀ ਅੰਕੜੇ ਇਸ ਬਿਲ ਦੇ ਸਮਰਥਨ ਵਿੱਚ ਨਹੀਂ ਜੁਟਾਏ ਜਾ ਸਕੇ।

ਪ੍ਰਧਾਨ ਮੰਤਰੀ ਮੋਦੀ ਦੀ ਵਚਨਬੱਧਤਾ ਸਿਰਫ਼ ਸੰਸਦ ਵਿੱਚ ਸੋਧ ਬਿਲ ਲਿਆਉਣ ਤੱਕ ਹੀ ਸੀਮਤ ਨਹੀਂ ਸੀ, ਉਨ੍ਹਾਂ ਨੇ ਇਸ ਵਿਸ਼ੇਸ਼ ਚਰਚਾ ਵਿੱਚ ਹਿੱਸਾ ਲੈਂਦੇ ਹੋਏ ਵਿਰੋਧੀ ਪਾਰਟੀ ਨੂੰ ਇਸ ਸੋਧ ਦੇ ਸਮਰਥਨ ਦੇ ਬਦਲੇ ਵਿੱਚ ਕ੍ਰੈਡਿਟ ਦੇਣ ਦਾ ਵੀ ਇੱਕਤਰਫਾ ਐਲਾਨ ਕੀਤਾ। ਲੋਕ ਸਭਾ ਵਿੱਚ ਚਰਚਾ ਦੇ ਲਈ ਨਿਰਧਾਰਿਤ ਸਮੇਂ ਦੀ ਮਿਆਦ ਨੂੰ ਵੀ ਅੱਗੇ ਵਧਾਇਆ ਗਿਆ ਅਤੇ ਪਹਿਲੇ ਦਿਨ ਰਾਤ ਦੇ ਇੱਕ ਵਜੇ ਤੱਕ ਚਰਚਾ ਚਲੀ। ਕੇਂਦਰ ਸਰਕਾਰ ਨੇ ਸੋਧ ਨਾਲ ਸਬੰਧਿਤ ਫੈਲਾਏ ਗਏ ਭਰਮਾਂ ਨੂੰ ਦੂਰ ਕਰਨ ਦੇ ਲਈ ਤਰਕਸ਼ੀਲ ਜਵਾਬ ਦੇ ਕੇ ਸਮਾਧਾਨ ਵੀ ਕਰ ਦਿੱਤਾ। ਸਾਰੀਆਂ ਜਾਣਕਾਰੀਆਂ ਮੁਹੱਈਆ ਕਰਵਾਈਆਂ ਗਈਆਂ, ਤਾਂ ਜੋ ਵਿਰੋਧ ਦੇ ਸੁਰ ਅਤੇ ਭਾਵਨਾ ਨੂੰ ਦੂਰ ਕੀਤਾ ਜਾ ਸਕੇ। ਪ੍ਰਧਾਨ ਮੰਤਰੀ ਮੋਦੀ ਨੇ ਜ਼ੋਰ ਦਿੰਦੇ ਹੋਏ ਕਿਹਾ ਕਿ ਮਹਿਲਾ ਰਾਖਵਾਂਕਰਨ ਦਾ ਮੁੱਦਾ ਲਗਭਗ ਚਾਰ ਦਹਾਕਿਆਂ ਤੋਂ ਰਾਜਨੀਤਿਕ ਬਹਿਸ ਦਾ ਵਿਸ਼ਾ ਰਿਹਾ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਦੇਸ਼ ਦੀ ਅੱਧੀ ਆਬਾਦੀ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਮਹਿਲਾਵਾਂ ਨੂੰ ਉਨ੍ਹਾਂ ਦੀ ਉਚਿਤ ਪ੍ਰਤੀਨਿਧਤਾ ਮਿਲੇ।

ਇੰਨਾ ਹੀ ਨਹੀਂ, ਖੁਦ ਪ੍ਰਧਾਨ ਮੰਤਰੀ ਨੇ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਸੋਚ–ਵਿਚਾਰ ਕਰਕੇ ਪੂਰੀ ਸੰਵੇਦਨਸ਼ੀਲਤਾ ਨਾਲ ਮਹਿਲਾ ਰਾਖਵਾਂਕਰਨ ਸੋਧ ਦੇ ਪੱਖ ਵਿੱਚ ਵੋਟ ਦੇਣ ਦੀ ਤਾਕੀਦ ਕੀਤੀ। ਦੇਸ਼ ਦੀਆਂ ਮਹਿਲਾਵਾਂ ਦੀ ਤਰਫੋਂ ਅਪੀਲ ਕਰਦੇ ਹੋਏ, ਉਨ੍ਹਾਂ ਨੇ ਸਾਰੇ ਸੰਸਦ ਮੈਂਬਰਾਂ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਕਿ ਕੁਝ ਵੀ ਅਜਿਹਾ ਨਾ ਕਰੋ, ਜਿਸ ਨਾਲ ਨਾਰੀ ਸ਼ਕਤੀ ਦੀਆਂ ਭਾਵਨਾਵਾਂ ਨੂੰ ਸੱਟ ਪੁੱਜੇ। ਉਨ੍ਹਾਂ ਨੇ ਕਿਹਾ ਕਿ ਕਰੋੜਾਂ ਮਹਿਲਾਵਾਂ ਸੰਸਦ, ਉਸ ਦੇ ਉਦੇਸ਼ ਅਤੇ ਉਸ ਦੇ ਫੈਸਲਿਆਂ ਵੱਲ ਦੇਖ ਰਹੀਆਂ ਹਨ। ਪ੍ਰਧਾਨ ਮੰਤਰੀ ਨੇ ਸੰਸਦ ਮੈਂਬਰਾਂ ਨੂੰ ਆਪਣੇ ਘਰ ਵਿੱਚ ਮਾਂ-ਭੈਣ-ਬੇਟੀ-ਪਤਨੀ ਸਾਰਿਆਂ ਨੂੰ ਯਾਦ ਕਰਦੇ ਹੋਏ ਆਪਣੀ ਅੰਤਰ-ਆਤਮਾ ਦੀ ਆਵਾਜ਼ ਸੁਣਨ ਦੀ ਤਾਕੀਦ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਇਸ ਸੋਧ ਨੂੰ ਦੇਸ਼ ਦੀਆਂ ਮਹਿਲਾਵਾਂ ਦੀ ਸੇਵਾ ਅਤੇ ਸਨਮਾਨ ਕਰਨ ਦਾ ਇੱਕ ਮਹੱਤਵਪੂਰਨ ਮੌਕਾ ਦੱਸਿਆ ਅਤੇ ਮੈਂਬਰਾਂ ਨੂੰ ਇੱਕ ਭਾਵੁਕ ਅਪੀਲ ਵੀ ਕੀਤੀ ਸੀ –

**" ਮੈਂ ਸਾਰੇ ਸੰਸਦ ਮੈਂਬਰਾਂ ਨੂੰ ਕਹਾਂਗਾ...**
**ਤੁਸੀਂ ਆਪਣੇ ਘਰ ਵਿੱਚ ਮਾਂ-ਭੈਣ-ਬੇਟੀ-ਪਤਨੀ ਸਾਰਿਆਂ ਨੂੰ ਯਾਦ ਕਰਦੇ ਹੋਏ ਆਪਣੀ ਅੰਤਰ-ਆਤਮਾ ਦੀ ਆਵਾਜ਼ ਨੂੰ ਸੁਣੋ...**
**ਦੇਸ਼ ਦੀ ਨਾਰੀ ਸ਼ਕਤੀ ਦੀ ਸੇਵਾ ਦਾ, ਉਨ੍ਹਾਂ ਦੇ ਵੰਦਨ ਦਾ ਇਹ ਬਹੁਤ ਵੱਡਾ ਮੌਕਾ ਹੈ। ਉਨ੍ਹਾਂ ਨੂੰ ਨਵੇਂ ਮੌਕਿਆਂ ਤੋਂ ਵਾਂਝਾ ਨਾ ਕਰੋ। ਇਹ ਸੋਧ ਸਰਬ-ਸਹਿਮਤੀ ਨਾਲ ਪਾਸ ਹੋਵੇਗੀ, ਤਾਂ ਦੇਸ਼ ਦੀ ਨਾਰੀ ਸ਼ਕਤੀ ਹੋਰ ਸਸ਼ਕਤ ਹੋਵੇਗੀ ਦੇਸ਼ ਦਾ ਲੋਕਤੰਤਰ ਹੋਰ ਮਜ਼ਬੂਤ ਹੋਵੇਗਾ।**
**ਆਓ... ਅਸੀਂ ਸਾਰੇ ਮਿਲ ਕੇ ਅੱਜ ਇਤਿਹਾਸ ਰਚੀਏ। ਭਾਰਤ ਦੀ ਨਾਰੀ ਨੂੰ ਦੇਸ਼ ਦੀ ਅੱਧੀ ਆਬਾਦੀ ਨੂੰ ਉਸ ਦਾ ਹੱਕ ਦੇਈਏ।"**

# ਜਨਮ ਤੋਂ ਲੈ ਕੇ ਜੀਵਨ ਦੇ ਹਰ ਪੜਾਅ 'ਤੇ ਕੋਈ ਨਾ ਕੋਈ ਸਰਕਾਰ ਦੀ ਯੋਜਨਾ

**ਬੇਟੀ ਬਚਾਓ, ਬੇਟੀ ਪੜ੍ਹਾਓ**
ਗਰਭ ਵਿੱਚ ਬੇਟੀ ਦੀ ਹੱਤਿਆ ਨਾ ਹੋਵੇ

**ਮਾਤ੍ਰਿ ਵੰਦਨਾ ਯੋਜਨਾ**
..ਤਾਂ ਜੋ ਮਾਂ ਨੂੰ ਸਹੀ ਪੋਸ਼ਣ ਮਿਲੇ

**ਸੁਕੰਨਿਆ ਸਮ੍ਰਿੱਧੀ ਯੋਜਨਾ**
ਬੇਟੀ ਨੂੰ ਪੜ੍ਹਾਈ ਵਿੱਚ ਮੁਸ਼ਕਲ ਨਾ ਹੋਵੇ

**ਮਿਸ਼ਨ ਇੰਦ੍ਰਧਨੁਸ਼**
ਬੇਟੀ ਨੂੰ ਗੰਭੀਰ ਬਿਮਾਰੀ ਤੋਂ ਬਚਾਉਣ ਵਾਲੇ ਟੀਕੇ ਲੱਗਣ

**ਸਵੱਛ ਭਾਰਤ ਮਿਸ਼ਨ**
ਸਕੂਲ ਵਿੱਚ ਪਖਾਨੇ ਦੀ ਪਰੇਸ਼ਾਨੀ ਨਾ ਹੋਵੇ

**ਸੈਨੇਟਰੀ ਪੈਡ ਅਭਿਆਨ**
ਬੇਟੀ ਨੂੰ ਪੀਰੀਅਡਸ ਦੇ ਸਮੇਂ ਨਾ ਹੋਵੇ ਪਰੇਸ਼ਾਨੀ

**ਖੇਲੋ ਇੰਡੀਆ**
ਖੇਡਾਂ ਵਿੱਚ ਅੱਗੇ ਵਧਣ ਦਾ ਮੌਕਾ, ਸਲਾਨਾ 1 ਲੱਖ ਰੁਪਏ ਤੱਕ ਦੀ ਮਦਦ



**ਉੱਜਵਲਾ ਯੋਜਨਾ**
ਧੂੰਏਂ ਤੋਂ ਮੁਕਤੀ, ਮੁਫ਼ਤ ਗੈਸ ਕਨੈਕਸ਼ਨ

**ਜਲ ਜੀਵਨ ਮਿਸ਼ਨ**
ਸਿਰ 'ਤੇ ਪਾਣੀ ਨਾ ਢੋਣਾ ਪਵੇ

**ਮੁਫ਼ਤ ਰਾਸ਼ਨ ਦੀ ਯੋਜਨਾ**
ਰਾਸ਼ਨ ਦੀ ਚਿੰਤਾ ਖਤਮ

**ਆਯੁਸ਼ਮਾਨ ਯੋਜਨਾ**
5 ਲੱਖ ਰੁਪਏ ਤੱਕ ਮੁਫ਼ਤ ਇਲਾਜ, ਪਰਿਵਾਰ ਨੂੰ ਇਲਾਜ ਦੀ ਚਿੰਤਾ ਨਾ ਹੋਵੇ

**ਜਨ ਔਸ਼ਧੀ ਕੇਂਦਰ**
ਬਿਮਾਰੀ ਵਿੱਚ 80 ਪ੍ਰਤੀਸ਼ਤ ਤੱਕ ਸਸਤੀ ਦਵਾਈ

**ਜਣੇਪਾ ਛੁੱਟੀ 26 ਹਫ਼ਤਿਆਂ ਦੀ**
ਕਰੀਅਰ 'ਤੇ ਪ੍ਰਤੀਕੂਲ ਪ੍ਰਭਾਵ ਨਾ ਪਵੇ, ਦੁਨੀਆ ਦੇ ਸਮ੍ਰਿੱਧ ਦੇਸ਼ਾਂ ਵਿੱਚ ਵੀ ਨਹੀਂ ਹੈ

**ਸੈਨਿਕ ਸਕੂਲ -NDA ਦੇ ਦੁਆਰ ਖੁੱਲ੍ਹੇ**
ਬੇਟੀ ਨੂੰ ਸੈਨਾ ਵਿੱਚ ਜਾਣ ਦਾ ਵਿਕਲਪ

**ਸਕਿੱਲ ਇੰਡੀਆ**
ਕੌਸ਼ਲ ਦਾ ਵਿਕਾਸ ਹੋਵੇ, ਵੋਕੇਸ਼ਨਲ ਟ੍ਰੇਨਿੰਗ ਨਾਲ ਡ੍ਰੋਨ ਦੀਦੀ ਬਣ ਰਹੀਆਂ ਹਨ ਲਖਪਤੀ ਦੀਦੀ



ਨਾਰੀ ਸ਼ਕਤੀ ਨੂੰ ਉਨ੍ਹਾਂ ਦਾ ਹੱਕ ਮਿਲੇ, ਇਸ ਦੇ ਲਈ ਅਪੀਲ ਦੇ ਨਾਲ-ਨਾਲ ਪ੍ਰਧਾਨ ਮੰਤਰੀ ਮੋਦੀ ਨੇ ਇਸ ਫੈਸਲੇ ਨੂੰ ਰਾਜਨੀਤੀ ਦੀ ਬਜਾਏ ਰਾਸ਼ਟਰ ਹਿਤ ਦੀ ਤਕੜੀ ਵਿੱਚ ਤੋਲਣ ਦੀ ਵੀ ਅਪੀਲ ਕੀਤੀ ਸੀ। ਉਨ੍ਹਾਂ ਨੇ ਕਿਹਾ, "ਅਸੀਂ ਸਾਰੇ ਖੁਸ਼ਕਿਸਮਤ ਹਾਂ ਕਿ ਸਾਨੂੰ ਰਾਸ਼ਟਰ ਨਿਰਮਾਣ ਵਿੱਚ ਦੇਸ਼ ਦੀ ਅੱਧੀ ਆਬਾਦੀ ਨੂੰ ਹਿੱਸੇਦਾਰ ਬਣਾਉਣ ਦਾ ਸੁਭਾਗ ਮਿਲ ਰਿਹਾ ਹੈ। ਇਹ ਸਮੇਂ ਦੀ ਮੰਗ ਹੈ ਕਿ ਸਾਡੀ ਨਾਰੀ ਸ਼ਕਤੀ ਦੇਸ਼ ਦੇ ਨੀਤੀ- ਨਿਰਧਾਰਣ ਦਾ ਹਿੱਸਾ ਬਣੇ। ਪਿਛਲੇ 25- 30 ਵਰ੍ਹਿਆਂ ਵਿੱਚ ਲੱਖਾਂ ਮਹਿਲਾਵਾਂ ਗ੍ਰਾਸ ਰੂਟ ਲੈਵਲ 'ਤੇ ਲੀਡਰ ਅਤੇ ਓਪੀਨੀਅਨ ਮੇਕਰ ਬਣ ਚੁੱਕੀਆਂ ਹਨ। ਇਸ ਲਈ ਹੁਣ ਉਨ੍ਹਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਲੰਬੇ ਸਮੇਂ ਤੱਕ ਇਸ ਦੀ ਕੀਮਤ ਚੁਕਾਉਣੀ ਪਵੇਗੀ। ਦੇਸ਼ ਦੀ ਨਾਰੀ ਸ਼ਕਤੀ ਨੂੰ ਰਾਖਵਾਂਕਰਨ ਰਾਸ਼ਟਰ ਹਿਤ ਦਾ ਫੈਸਲਾ ਹੈ, ਜਿਸ ਵਿੱਚ ਮਾਵਾਂ- ਭੈਣਾਂ ਅਤੇ ਬੇਟੀਆਂ ਸਾਡੀ ਨੀਅਤ ਨੂੰ ਦੇਖਣਗੀਆਂ। ਇਸ ਲਈ ਇਸ ਨੂੰ ਰਾਜਨੀਤੀ ਦੀ ਤਕੜੀ ਵਿੱਚ ਨਾ ਤੋਲੋ। ਅਸੀਂ ਇਸ ਭੁਲੇਖੇ ਵਿੱਚ ਨਾ ਰਹੀਏ ਕਿ, ਦੇਸ਼ ਦੀ ਨਾਰੀ ਸ਼ਕਤੀ ਨੂੰ ਕੁਝ ਦੇ ਰਹੇ ਹਾਂ, ਸਗੋਂ ਇਹ ਉਨ੍ਹਾਂ ਦਾ ਹੱਕ ਹੈ। ਸਾਡੀ ਭਾਵਨਾ ਕ੍ਰੈਡਿਟ ਲੈਣ ਦੀ ਨਹੀਂ, ਸਗੋਂ ਮਹਿਲਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਦੀ ਹੈ। " ਕੇਂਦਰ ਸਰਕਾਰ ਦੀ ਇਹ ਭਾਵਨਾ ਸੀ ਕਿ ਜਦੋਂ 2029 ਦੀਆਂ ਆਮ ਚੋਣਾਂ ਤੋਂ ਬਾਅਦ ਲੋਕ ਸਭਾ ਦਾ ਗਠਨ ਹੋਵੇ ਤਾਂ ਘੱਟ ਤੋਂ ਘੱਟ 33 ਪ੍ਰਤੀਸ਼ਤ ਸੰਸਦ ਮੈਂਬਰ ਮਹਿਲਾਵਾਂ ਹੋਣ। ਇਸ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ, "ਇਹ ਮੇਰੇ ਜੀਵਨ ਦੇ ਸਭ ਤੋਂ ਵਿਸ਼ੇਸ਼ ਮੌਕਿਆਂ ਵਿੱਚੋਂ ਇੱਕ ਰਿਹਾ ਹੈ। ਹੁਣ ਜ਼ਰੂਰਤ ਹੈ ਕਿ 2029 ਦੀਆਂ ਲੋਕ ਸਭਾ ਚੋਣਾਂ ਅਤੇ ਆਉਣ ਵਾਲੇ ਸਮੇਂ ਵਿੱਚ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਮਹਿਲਾ ਰਾਖਵਾਂਕਰਨ ਦੇ ਉਪਬੰਧਾਂ ਦੇ ਨਾਲ ਕਰਵਾਈਆਂ ਜਾਣ। " ਭਾਵੇਂ ਇਹ ਬਿਲ ਪਾਸ ਨਹੀਂ ਹੋ ਸਕਿਆ ਹੈ, ਪਰ ਕੇਂਦਰ ਸਰਕਾਰ ਦੀ ਵਚਨਬੱਧਤਾ ਸਪਸ਼ਟ ਹੋ ਚੁੱਕੀ ਹੈ, ਕਿਉਂਕਿ ਅੰਮ੍ਰਿਤ ਕਾਲ ਵੱਲ ਵਧਦੇ ਭਾਰਤ ਵਿੱਚ ਨਾਰੀ ਸ਼ਕਤੀ, ਨੀਤੀ, ਨਿਸ਼ਠਾ, ਫੈਸਲਾ ਸ਼ਕਤੀ ਅਤੇ ਅਗਵਾਈ ਦਾ ਪ੍ਰਤੀਬਿੰਬ ਬਣੀ ਹੈ ਅਤੇ ਕੇਂਦਰ ਸਰਕਾਰ ਚਾਹੁੰਦੀ ਹੈ ਕਿ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਨਾਰੀ ਸ਼ਕਤੀ,

## ਬੇਟੀਆਂ ਵਧ ਰਹੀਆਂ ਹਨ ਅੱਗੇ

- ਦੇਸ਼ ਦੀਆਂ ਬੇਟੀਆਂ ਫਾਈਟਰ ਪਾਇਲਟ ਬਣ ਕੇ ਅਸਮਾਨ ਦੀਆਂ ਬੁਲੰਦੀਆਂ ਨੂੰ ਛੂਹ ਰਹੀਆਂ ਹਨ।
- ਦੁਨੀਆ ਦੇ ਕਿਸੇ ਵੀ ਦੇਸ਼ ਦੀ ਤੁਲਨਾ ਵਿੱਚ ਭਾਰਤ ਵਿੱਚ ਮਹਿਲਾ ਪਾਇਲਟਾਂ ਦਾ ਪ੍ਰਤੀਸ਼ਤ ਸਭ ਤੋਂ ਵੱਧ ਹੈ।
- ਪੀਐੱਚਡੀ ਐਨਰੋਲਮੈਂਟ ਵਿੱਚ ਬੇਟੀਆਂ ਦੀ ਗਿਣਤੀ 2014 ਦੀ ਤੁਲਨਾ ਵਿੱਚ ਕਰੀਬ- ਕਰੀਬ ਦੁੱਗਣੀ ਹੋ ਚੁੱਕੀ ਹੈ।
- ਗਣਿਤ ਅਤੇ ਵਿਗਿਆਨ ਯਾਨੀ ਸਟੈੱਮ ਐਜੂਕੇਸ਼ਨ ਵਿੱਚ ਬੇਟੀਆਂ ਦੀ ਸੰਖਿਆ 43 ਪ੍ਰਤੀਸ਼ਤ ਹੋ ਗਈ ਹੈ।
- 21 ਰਾਜਾਂ ਵਿੱਚ ਪੰਚਾਇਤਾਂ ਵਿੱਚ ਮਹਿਲਾ ਭਾਗੀਦਾਰੀ ਕਰੀਬ-ਕਰੀਬ 50 ਪ੍ਰਤੀਸ਼ਤ ਤੱਕ ਪਹੁੰਚ ਚੁੱਕੀ ਹੈ।



ਅਗਵਾਈ ਕਰਤਾ ਬਣਨ, ਨਾਰੀ ਸਮਰੱਥ ਹੋਣ, ਸਸ਼ਕਤ ਹੋਣ ਅਤੇ ਰਾਸ਼ਟਰ ਨੂੰ ਦਿਸ਼ਾ ਦੇਣ।

**ਮਹਿਲਾ ਰਾਖਵਾਂਕਰਨ... ਜਾਰੀ ਹੈ ਯਾਤਰਾ**

ਬਾਬਾ ਸਾਹੇਬ ਡਾ. ਭੀਮ ਰਾਓ ਅੰਬੇਡਕਰ ਨੇ ਕਿਹਾ ਸੀ- "ਮਹਿਲਾਵਾਂ ਜੇਕਰ ਕਿਸੇ ਦੇਸ਼ ਵਿੱਚ ਤਰੱਕੀ ਕਰ ਰਹੀਆਂ ਹਨ ਤਾਂ ਮੈਂ ਸਮਝਦਾ ਹਾਂ ਕਿ ਉਹ ਸਮਾਜ, ਉਹ ਰਾਸ਼ਟਰ ਤਰੱਕੀ ਕਰ ਰਿਹਾ ਹੈ।" ਇਸ ਸੋਚ ਨੂੰ ਸਾਕਾਰ ਕਰਦੇ ਹੋਏ ਕੇਂਦਰ ਸਰਕਾਰ ਨੇ 2023 ਵਿੱਚ ਹੀ ਸੰਵਿਧਾਨ ਸੋਧ ਦੇ ਜ਼ਰੀਏ ਕੇਂਦਰ ਸ਼ਾਸਿਤ ਪ੍ਰਦੇਸ਼ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ, ਲੋਕ ਸਭਾ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿੱਚ 33 ਪ੍ਰਤੀਸ਼ਤ ਰਾਖਵੇਂਕਰਨ ਨੂੰ ਜ਼ਮੀਨੀ ਪੱਧਰ 'ਤੇ ਉਤਾਰਨ ਦਾ ਪ੍ਰਬੰਧ ਕੀਤਾ ਸੀ। ਐੱਸਸੀ-ਐੱਸਟੀ ਦੇ ਲਈ ਸੀਟਾਂ ਵਿੱਚ ਰਾਖਵਾਂਕਰਨ ਪਹਿਲਾਂ ਤੋਂ ਹੀ ਹੈ, ਉਸ ਵਿੱਚ ਹੀ 33 ਪ੍ਰਤੀਸ਼ਤ ਮਹਿਲਾ ਰਾਖਵਾਂਕਰਨ ਯਕੀਨੀ ਹੋਣਾ ਸੀ। ਹਾਲਾਂਕਿ 2023 ਵਿੱਚ ਬਣੇ ਕਾਨੂੰਨ ਨੂੰ 16 ਅਪ੍ਰੈਲ 2026 ਨੂੰ ਨੋਟੀਫਾਇਡ ਕਰ ਦਿੱਤਾ ਗਿਆ ਸੀ। ਯਾਨੀ 33 ਪ੍ਰਤੀਸ਼ਤ ਮਹਿਲਾ ਰਾਖਵਾਂਕਰਨ ਲਾਗੂ ਤਾਂ ਹੋਵੇਗਾ, ਲੇਕਿਨ ਉਸ

> ਦੇਸ਼ ਦੀ ਨਾਰੀ ਸ਼ਕਤੀ ਨੇ ਆਪਣੀ ਮਿਹਨਤ, ਹਿੰਮਤ ਅਤੇ ਆਤਮ-ਵਿਸ਼ਵਾਸ ਨਾਲ ਨਵੀਆਂ ਉਚਾਈਆਂ ਨੂੰ ਛੂਹਿਆ ਹੈ। ਹੁਣ ਅਸੀਂ ਮਿਲ ਕੇ ਇਸ ਸ਼ਕਤੀ ਨੂੰ ਨਵੀਂ ਊਰਜਾ ਦੇਣੀ ਹੈ, ਉਸ ਦੇ ਲਈ ਮੌਕਿਆਂ ਦਾ ਵਿਸਥਾਰ ਕਰਨਾ ਹੈ। ਮੈਂ ਦੇਸ਼ ਦੀ ਹਰ ਮਾਂ, ਭੈਣ, ਬੇਟੀ, ਸਭ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਦੇਸ਼ ਉਨ੍ਹਾਂ ਦੀਆਂ ਇੱਛਾਵਾਂ ਨੂੰ ਸਮਝਦਾ ਹੈ, ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਲਈ ਹਰ ਜ਼ਰੂਰੀ ਕਦਮ ਚੁੱਕ ਰਿਹਾ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਵਿੱਚ ਪ੍ਰਕਿਰਿਆਤਮਕ ਦੇਰੀ ਹੋਵੇਗੀ।

ਅਸਲ ਵਿੱਚ, ਸਭ ਤੋਂ ਪਹਿਲਾਂ 1996 ਵਿੱਚ ਸਾਬਕਾ ਪ੍ਰਧਾਨ ਮੰਤਰੀ ਐੱਚ. ਡੀ. ਦੇਵਗੌੜਾ ਦੇ ਕਾਰਜਕਾਲ ਵਿੱਚ 11ਵੀਂ ਲੋਕ ਸਭਾ ਵਿੱਚ ਮਹਿਲਾ ਰਾਖਵਾਂਕਰਨ ਦਾ ਬਿਲ ਆਇਆ ਸੀ। ਉਸ ਤੋਂ ਬਾਅਦ ਦਸੰਬਰ 1998 ਵਿੱਚ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ 12ਵੀਂ ਲੋਕ ਸਭਾ ਵਿੱਚ ਬਿਲ ਲੈ ਕੇ ਆਈ। ਫਿਰ ਮਨਮੋਹਨ ਸਿੰਘ ਸਰਕਾਰ ਦੇ ਸਮੇਂ ਲੋਕ ਸਭਾ ਵਿੱਚ ਨਹੀਂ, ਸਗੋਂ ਮਈ 2008 ਵਿੱਚ ਰਾਜ ਸਭਾ ਵਿੱਚ ਪੇਸ਼ ਕੀਤਾ ਗਿਆ। ਉਦੋਂ ਉਸ ਨੂੰ ਸੰਸਦ ਦੀ ਸਥਾਈ ਕਮੇਟੀ ਵਿੱਚ ਭੇਜਿਆ ਗਿਆ ਸੀ ਅਤੇ ਉਸ ਦੀ ਰਿਪੋਰਟ ਤੋਂ ਬਾਅਦ 9 ਮਾਰਚ, 2010 ਨੂੰ ਰਾਜ ਸਭਾ ਵਿੱਚ ਇਸ ਨੂੰ ਪਾਸ ਕਰਕੇ ਲੋਕ ਸਭਾ ਨੂੰ ਭੇਜਿਆ ਗਿਆ। ਲੇਕਿਨ, 15ਵੀਂ ਲੋਕ ਸਭਾ ਦੇ ਭੰਗ ਹੋਣ ਦੇ ਨਾਲ ਹੀ ਇਹ ਬਿਲ ਵੀ ਖਤਮ ਹੋ ਗਿਆ ਸੀ। ਹੁਣ 17ਵੀਂ ਲੋਕ ਸਭਾ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਦੇ ਨਵੇਂ ਸਰੂਪ ਵਿੱਚ ਨਾਰੀ ਸ਼ਕਤੀ ਵੰਦਨ ਅਧਿਨਿਯਮ ਬਿਲ ਪੇਸ਼ ਕੀਤਾ, ਜਿਸ ਨੂੰ ਲਗਭਗ ਸਰਬ - ਸਹਿਮਤੀ ਨਾਲ ਸੰਸਦ ਦੇ ਦੋਵੇਂ ਸਦਨਾਂ ਵਿੱਚ ਪਾਸ ਕੀਤਾ ਗਿਆ। ਸਤੰਬਰ 2023 ਵਿੱਚ ਨਾਰੀ ਸ਼ਕਤੀ ਵੰਦਨ ਅਧਿਨਿਯਮ ਦੇ ਪਾਸ ਹੋਣ ਨਾਲ ਮਹਿਲਾਵਾਂ ਦੀ 33 ਪ੍ਰਤੀਸ਼ਤ ਭਾਗੀਦਾਰੀ ਯਕੀਨੀ ਹੋਈ। ਇੰਨਾ ਹੀ ਨਹੀਂ, ਪੰਚਾਇਤੀ ਰਾਜ ਸੰਸਥਾਵਾਂ ਵਿੱਚ 14.5 ਲੱਖ ਚੁਣੀਆਂ ਹੋਈਆਂ ਮਹਿਲਾ ਪ੍ਰਤੀਨਿਧੀ ਹਨ, ਜੋ ਕਿ ਕੁੱਲ ਪ੍ਰਤੀਨਿਧੀਆਂ ਦਾ ਲਗਭਗ 46% ਫੈਸਲਾ- ਨਿਰਮਾਣ ਵਿੱਚ ਮਹਿਲਾਵਾਂ ਦੀ ਮਜ਼ਬੂਤ ਭਾਗੀਦਾਰੀ ਅਤੇ ਮਜ਼ਬੂਤ ਲੋਕਤੰਤਰ ਦੀ ਮਿਸਾਲ ਹਨ।

**ਸਰਕਾਰੀ ਯੋਜਨਾਵਾਂ ਨਾਲ ਨਾਰੀ ਦੇ ਜੀਵਨ ਵਿੱਚ ਸੁਗਮਤਾ**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੀ ਸੋਚ ਹੈ ਕਿ ਮਹਿਲਾ ਸਸ਼ਕਤੀਕਰਣ ਹੁਣ ਸਿਰਫ਼ ਸਮਾਜਿਕ ਨਿਆਂ ਦਾ ਵਿਸ਼ਾ ਨਹੀਂ ਹੈ, ਸਗੋਂ ਸੰਵੇਦਨਸ਼ੀਲ ਸੋਚ ਅਤੇ ਆਰਥਿਕ ਵਿਕਾਸ ਦੇ ਲਈ ਵੀ ਬੇਹੱਦ ਮਹੱਤਵਪੂਰਨ ਹੈ। ਇਸ ਦਾ ਨਤੀਜਾ ਹੈ ਕਿ ਅੱਜ ਮਹਿਲਾਵਾਂ ਸਿੱਖਿਆ, ਪ੍ਰਸ਼ਾਸਨ, ਨਿਆਂਪਾਲਿਕਾ, ਸੈਨਾ, ਮੈਡੀਕਲ, ਵਿਗਿਆਨ, ਤਕਨੀਕ,

ਨਵਾਂ ਭਾਰਤ ਅਤੇ ਨਾਰੀ ਅਗਵਾਈ
ਕਵਰ ਸਟੋਰੀ

# ਨਿਆਂ ਅਤੇ ਸੁਰੱਖਿਆ

*ਸਮਾਜਿਕ ਬੁਰਾਈਆਂ 'ਤੇ ਚੋਟ ਹੋਵੇ ਜਾਂ ਫਿਰ ਕਾਰਜਸਥਲ 'ਤੇ ਸੁਰੱਖਿਅਤ ਵਾਤਾਵਰਣ, ਨਵਾਂ ਭਾਰਤ ਨਾਰੀ ਸ਼ਕਤੀ ਨੂੰ ਨਿਆਂ ਅਤੇ ਸੁਰੱਖਿਆ ਦਾ ਕਵਚ ਪ੍ਰਦਾਨ ਕਰ ਰਿਹਾ ਹੈ।*







## ਤਿੰਨ ਤਲਾਕ 'ਤੇ ਕਾਨੂੰਨ

- ਮੁਸਲਿਮ ਮਹਿਲਾਵਾਂ ਨੂੰ ਕਾਨੂੰਨੀ ਸੁਰੱਖਿਆ ਅਤੇ ਸਮਾਨਤਾ।
- ਇਸ ਨਾਲ ਤਿੰਨ ਤਲਾਕ ਦੀ ਕੁਪ੍ਰਥਾ ਨੂੰ ਭਾਰੀ ਝਟਕਾ ਲਗਿਆ।

## ਨਿਰਭਯਾ ਫੰਡ

**5,846.08**

ਕਰੋੜ ਰੁਪਏ ਦਾ ਉਪਯੋਗ ਨਿਰਭਯਾ ਫੰਡ ਤੋਂ ਮਹਿਲਾਵਾਂ ਦੀ ਸੁਰੱਖਿਆ ਦੇ ਲਈ ਕੀਤਾ ਗਿਆ ਹੈ।

**ਮਾਤ੍ਰਿਤਵ ਛੁੱਟੀ**
12 ਤੋਂ ਵਧਾ ਕੇ **26 ਹਫ਼ਤਿਆਂ ਤੱਕ**

## ਫਾਸਟ ਟ੍ਰੈਕ ਕੋਰਟ



**774**

ਫਾਸਟ ਟ੍ਰੈਕ ਸਪੈਸ਼ਲ ਕੋਰਟ, 398 ਸਪੈਸ਼ਲ ਪੋਕਸੋ ਕੋਰਟ ਸਮੇਤ 31 ਜਨਵਰੀ, 2026 ਤੱਕ ਕਾਰਜਸ਼ੀਲ।

- ਬਲਾਤਕਾਰ ਅਤੇ ਜਿਨਸੀ ਅਪਰਾਧ ਦੇ ਮਾਮਲੇ ਵਿੱਚ ਤੁਰੰਤ ਨਿਆਂ
- ਵੰਨ ਸਟੌਪ ਸੈਂਟਰ ਅਤੇ ਹੈਲਪਲਾਈਨ
- ਜ਼ਰੂਰਤਮੰਦ ਮਹਿਲਾਵਾਂ ਨੂੰ ਸਹਾਇਤਾ

## ਭਾਰਤੀਯ ਨਯਾਯ ਸੰਹਿਤਾ- 2023

- ਜਿਨਸੀ ਅਪਰਾਧਾਂ 'ਤੇ ਸਖ਼ਤ ਸਜ਼ਾ ਦਾ ਪ੍ਰਾਵਧਾਨ
- ਨਾਰੀ ਅਦਾਲਤ ਦੇ ਜ਼ਰੀਏ ਗ੍ਰਾਮੀਣ ਪੱਧਰ 'ਤੇ ਪਰਿਵਾਰਕ ਵਿਵਾਦਾਂ ਦਾ ਸਮਾਧਾਨ

## ਮਿਸ਼ਨ ਸ਼ਕਤੀ

**ਸੰਬਲ: ਸੁਰੱਖਿਆ ਅਤੇ ਸੰਭਾਲ 'ਤੇ ਕੇਂਦ੍ਰਿਤ**

**15,761** ਕਰੋੜ ਰੁਪਏ ਦਾ ਬਜਟ ਵਿੱਤੀ ਵਰ੍ਹੇ 2025-26 ਤੱਕ ਨਿਰਧਾਰਿਤ

13.37 ਲੱਖ ਮਹਿਲਾਵਾਂ ਨੂੰ 926 ਵੰਨ ਸਟੌਪ ਸੈਂਟਰ 'ਤੇ ਮਿਲੀ ਸਹਾਇਤਾ

**99.09** ਲੱਖ ਨੂੰ ਮਹਿਲਾ ਹੈਲਪਲਾਈਨ ਨੰਬਰ 'ਤੇ ਮਿਲੀ ਸਹਾਇਤਾ

**ਸਮਰੱਥ: ਆਰਥਿਕ ਅਤੇ ਸਮਾਜਿਕ ਸਸ਼ਕਤੀਕਰਣ 'ਤੇ ਕੇਂਦ੍ਰਿਤ**

**4.26** ਕਰੋੜ ਪ੍ਰਧਾਨ ਮੰਤਰੀ ਮਾਤ੍ਰਿ ਵੰਦਨਾ ਯੋਜਨਾ ਵਿੱਚ ਲਾਭਾਰਥੀ

**2,92,681** ਸ਼ਕਤੀ ਸਦਨ ਤੋਂ ਸਹਾਇਤਾ

**5,29,483** ਸ਼ਕਤੀ ਨਿਵਾਸ ਤੋਂ ਲਾਭ।

**1,64,730** ਪਾਲਣਾ ਤੋਂ ਮਦਦ

**4,15,174** ਸੰਕਲਪ ਤੋਂ ਮਦਦ (ਮਹਿਲਾਵਾਂ ਦੇ ਸਸ਼ਕਤੀਕਰਣ ਦਾ ਕੇਂਦਰ)

**ਮਹਿਲਾ ਵਿਆਹ ਉਮਰ** → 18 ਤੋਂ ਵਧਾ ਕੇ 21 ਵਰ੍ਹੇ ਕਰਨ ਦਾ ਪ੍ਰਸਤਾਵ



**2001 ਵਿੱਚ 84ਵਾਂ ਸੰਵਿਧਾਨ ਸੰਸ਼ੋਧਨ ਹੋਇਆ ਅਤੇ 2026 ਤੱਕ ਸੀਟਾਂ ਦੀ ਸੰਖਿਆ ਨੂੰ ਫ੍ਰੀਜ਼ ਕਰ ਦਿੱਤਾ ਗਿਆ। 1976 ਤੋਂ 2026 ਤੱਕ ਦੇ 50 ਵਰ੍ਹਿਆਂ ਤੱਕ ਦੇਸ਼ ਦੀ ਜਨਤਾ ਨੂੰ ਜਨਸੰਖਿਆ ਦੇ ਅਨੁਪਾਤ ਵਿੱਚ ਪ੍ਰਤੀਨਿਧਤਾ ਨਹੀਂ ਮਿਲੀ।**

ਕਲਾ ਅਤੇ ਉੱਦਮਤਾ, ਸਾਰੇ ਖੇਤਰਾਂ ਵਿੱਚ ਮੋਹਰੀ ਭੂਮਿਕਾ ਨਿਭਾ ਰਹੀਆਂ ਹਨ। ਗ੍ਰਾਮੀਣ ਖੇਤਰਾਂ ਦੀਆਂ ਮਹਿਲਾਵਾਂ ਸਵੈ ਸਹਾਇਤਾ ਸਮੂਹਾਂ ਰਾਹੀਂ ਆਰਥਿਕ ਤੌਰ 'ਤੇ ਆਤਮਨਿਰਭਰ ਬਣ ਰਹੀਆਂ ਹਨ। ਉਹ ਪੰਚਾਇਤਾਂ ਵਿੱਚ ਗ੍ਰਾਮੀਣ ਵਿਕਾਸ ਨੂੰ ਅਗਵਾਈ ਦੇ ਰਹੀਆਂ ਹਨ। ਕਈ ਮਹਿਲਾਵਾਂ ਉਦਯੋਗ, ਸਟਾਰਟਅੱਪ ਅਤੇ ਕਾਰਪੋਰੇਟ ਜਗਤ ਵਿੱਚ ਆਪਣੀ ਯੋਗਤਾ ਅਤੇ ਸਮਰੱਥਾ ਨਾਲ ਅਗਵਾਈ ਪ੍ਰਦਾਨ ਕਰ ਰਹੀਆਂ ਹਨ। ਖੇਡ ਜਗਤ ਵਿੱਚ ਮਹਿਲਾਵਾਂ ਸ਼ਾਨਦਾਰ ਪ੍ਰਦਰਸ਼ਨ ਕਰ ਰਹੀਆਂ ਹਨ। ਅਜਿਹੀਆਂ ਉਦਾਹਰਣਾਂ ਇਹ ਵਿਸ਼ਵਾਸ ਜਗਾਉਂਦੀਆਂ ਹਨ ਕਿ ਮੌਕਾ ਅਤੇ ਸਮਰਥਨ ਮਿਲਣ 'ਤੇ ਮਹਿਲਾਵਾਂ ਹਰ ਖੇਤਰ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਦੀਆਂ ਹਨ।

ਇਸੇ ਸੋਚ ਦੇ ਨਾਲ ਬੀਤੇ 12 ਵਰ੍ਹਿਆਂ ਵਿੱਚ ਮਾਵਾਂ-ਭੈਣਾਂ ਨਾਲ ਜੁੜੀਆਂ ਹਰ ਰੁਕਾਵਟਾਂ ਨੂੰ ਤੋੜਨ ਦਾ ਯਤਨ ਹੋਇਆ ਹੈ। ਕੇਂਦਰ ਸਰਕਾਰ ਨੇ ਇੱਕ ਤੋਂ ਬਾਅਦ ਇੱਕ ਅਜਿਹੀਆਂ ਯੋਜਨਾਵਾਂ ਬਣਾਈਆਂ ਹਨ, ਅਜਿਹੇ ਪ੍ਰੋਗਰਾਮ ਸ਼ੁਰੂ ਕੀਤੇ ਹਨ, ਜਿਸ ਨਾਲ ਮਹਿਲਾਵਾਂ ਨੂੰ ਸਨਮਾਨ, ਸੁਵਿਧਾ, ਸੁਰੱਖਿਆ ਅਤੇ ਸਮ੍ਰਿੱਧੀ ਦਾ ਜੀਵਨ ਮਿਲੇ। ਉਨ੍ਹਾਂ ਦੇ ਜੀਵਨ ਚਕ੍ਰ ਨਾਲ ਜੁੜੀ ਹਰ ਸਮੱਸਿਆ ਨੂੰ ਦੂਰ ਕਰਨ 'ਤੇ ਪੂਰੀ ਗੰਭੀਰਤਾ ਨਾਲ ਧਿਆਨ ਦਿੱਤਾ ਹੈ। ਕੇਂਦਰ ਸਰਕਾਰ ਵੱਲੋਂ ਜਿੰਨੀਆਂ ਵੀ ਕਲਿਆਣਕਾਰੀ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ, ਉਨ੍ਹਾਂ ਦੇ ਕੇਂਦਰ ਵਿੱਚ ਮਹਿਲਾਵਾਂ ਦਾ ਜੀਵਨ ਅਸਾਨ ਬਣਾਉਣਾ, ਮਹਿਲਾਵਾਂ

## ਕਿਰਤ ਸੁਰੱਖਿਆ

- ਮਹਿਲਾਵਾਂ ਦੇ ਲਈ ਖਣਨ ਸਮੇਤ ਸਾਰੇ ਖੇਤਰਾਂ ਵਿੱਚ ਨਾਈਟ ਸ਼ਿਫਟ ਦੀ ਇਜਾਜ਼ਤ।
- ਮਹਿਲਾਵਾਂ ਮਾਈਨਿੰਗ, ਮੈਟਲਸ ਅਤੇ ਮਸ਼ੀਨਰੀ ਜਿਹੇ ਕੋਰ ਉਦਯੋਗਿਕ ਖੇਤਰ ਵਿੱਚ ਕੰਮ ਕਰ ਰਹੀਆਂ ਹਨ।
- ਹੈਵੀ ਇੰਡਸਟ੍ਰੀ ਅਤੇ ਮਾਈਨਿੰਗ ਕੰਪਨੀਆਂ ਦਾ ਟੀਚਾ, 2030 ਤੱਕ 30 ਪ੍ਰਤੀਸ਼ਤ ਜੈਂਡਰ ਡਾਇਵਰਸਿਟੀ ਕਰਨ ਦਾ।
- ਨਾਲ ਹੀ, ਮਹਿਲਾਵਾਂ ਵਿੱਚ ਬੇਰੁਜ਼ਗਾਰੀ ਦੀ ਦਰ ਲਗਾਤਾਰ ਘਟ ਰਹੀ ਹੈ, ਜੋ ਇਹ ਦਰਸਾਉਂਦੀ ਹੈ ਕਿ ਮਹਿਲਾਵਾਂ ਦੇ ਲਈ ਨਵੇਂ ਮੌਕੇ ਬਣ ਰਹੇ ਹਨ ਅਤੇ ਸਮਾਵੇਸ਼ਿਤਾ ਵਧ ਰਹੀ ਹੈ।

**26.9**
ਲੱਖ ਮਹਿਲਾਵਾਂ
2024-25 ਵਿੱਚ
ਈਪੀਐੱਫਓ ਨਾਲ ਜੁੜੀਆਂ






**ਵਰ੍ਹੇ 2011 ਦੀ ਜਨਗਣਨਾ ਦਾ ਉਪਯੋਗ ਰੀ-ਐਡਜਸਟਮੈਂਟ ਜਾਂ ਡਿਵੀਜ਼ਨ ਆਫ ਟੈਰੀਟੋਰੀਅਲ ਕੌਸਟੀਚਿਊਏਂਸੀ ਅਤੇ ਐੱਸਸੀ-ਐੱਸਟੀ ਸੀਟਾਂ ਦੇ ਐਲੋਕੇਸ਼ਨ ਦੇ ਲਈ ਕੀਤਾ ਜਾਂਦਾ। ਇਹ ਸਰਕਾਰ ਨੇ ਸੰਸ਼ੋਧਨ ਬਿਲ ਦੇ ਉਦੇਸ਼ਾਂ ਵਿੱਚ ਲਿਖਿਆ ਵੀ ਸੀ।**

ਨੂੰ ਰੁਜ਼ਗਾਰ-ਸਵੈ-ਰੁਜ਼ਗਾਰ ਦੇ ਨਵੇਂ ਮੌਕੇ ਦੇਣਾ ਅਤੇ ਮਹਿਲਾ ਸਸ਼ਕਤੀਕਰਣ ਰਿਹਾ ਹੈ। ਬੇਟੀ ਬਚਾਓ-ਬੇਟੀ ਪੜ੍ਹਾਓ ਅਭਿਆਨ, ਬੇਟੀਆਂ ਦੇ ਜਨਮ, ਸਿੱਖਿਆ ਅਤੇ ਸੁਰੱਖਿਆ ਨੂੰ ਹੁਲਾਰਾ ਦੇ ਰਿਹਾ ਹੈ। ਸੁਕੰਨਿਆ ਸਮ੍ਰਿੱਧੀ ਯੋਜਨਾ, ਬੇਟੀਆਂ ਦੇ ਉੱਜਵਲ ਭਵਿੱਖ ਦੇ ਲਈ ਸੁਰੱਖਿਅਤ ਬੱਚਤ ਦਾ ਮੌਕਾ ਪ੍ਰਦਾਨ ਕਰ ਰਹੀ ਹੈ। ਪ੍ਰਧਾਨ ਮੰਤਰੀ ਉੱਜਵਲਾ ਯੋਜਨਾ ਰਸੋਈ ਘਰ ਨੂੰ ਧੂੰਏ ਤੋਂ ਮੁਕਤ ਕਰਦੇ

> “ਸਾਡੇ ਸੰਵਿਧਾਨ ਵਿੱਚ ਸਮੇਂ-ਸਮੇਂ ‘ਤੇ ਹੱਦਬੰਦੀ ਦਾ ਪ੍ਰਾਵਧਾਨ ਕੀਤਾ ਗਿਆ ਹੈ ਅਤੇ ਹੱਦਬੰਦੀ ਦੇ ਪ੍ਰਾਵਧਾਨ ਨਾਲ ਹੀ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੀ ਸੰਖਿਆ ਵਧਦੀ ਹੈ। ਹੱਦਬੰਦੀ ਦਾ ਵਿਰੋਧ ਕਰਨ ਵਾਲੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੀਆਂ ਸੀਟਾਂ ਵਿੱਚ ਵਾਧੇ ਦਾ ਵਿਰੋਧ ਕਰ ਰਹੇ ਹਾਂ।”

**ਅਮਿਤ ਸ਼ਾਹ, ਕੇਂਦਰੀ ਗ੍ਰਹਿ ਮੰਤਰੀ**

ਹੋਏ ਮਹਿਲਾਵਾਂ ਦੀ ਸਿਹਤ ਦੀ ਰੱਖਿਆ ਕਰ ਰਹੀ ਹੈ। ਪ੍ਰਧਾਨ ਮੰਤਰੀ ਮੁਦ੍ਰਾ ਯੋਜਨਾ ਮਹਿਲਾਵਾਂ ਨੂੰ ਆਰਥਿਕ ਤੌਰ ‘ਤੇ ਆਤਮਨਿਰਭਰ ਬਣਨ ਵਿੱਚ ਸਹਾਇਤਾ ਕਰ ਰਹੀ ਹੈ। ਮਿਸ਼ਨ ਸ਼ਕਤੀ ਦੇ ਤਹਿਤ ਮਹਿਲਾਵਾਂ ਦੀ ਸੁਰੱਖਿਆ ਅਤੇ ਸਸ਼ਕਤੀਕਰਣ ਨੂੰ ਨਵੇਂ ਆਯਾਮ ਮਿਲ ਰਹੇ ਹਨ। ਵਿਕਸਿਤ ਭਾਰਤ- ਰੁਜ਼ਗਾਰ ਅਤੇ ਆਜੀਵਿਕਾ ਮਿਸ਼ਨ (ਗ੍ਰਾਮੀਣ) ਵਿੱਚ ਕਈ ਮਹਿਲਾ ਕੇਂਦ੍ਰਿਤ ਪ੍ਰਾਵਧਾਨ ਕੀਤੇ ਗਏ ਹਨ। ਇੰਨਾ ਹੀ ਨਹੀਂ, ਪਹਿਲਾਂ ਮਹਿਲਾਵਾਂ ਦੇ ਨਾਂ ‘ਤੇ ਸੰਪੱਤੀ ਹੋਣ ਦੀ ਪਰੰਪਰਾ ਵੀ ਨਹੀਂ ਰਹੀ ਹੈ। ਪਰ ਜਦੋਂ ਪੀਐੱਮ ਆਵਾਸ ਯੋਜਨਾ ਸ਼ੁਰੂ ਹੋਈ, ਤਾਂ ਉਸ ਵਿੱਚ ਇਹ ਨਿਯਮ ਬਣਾਇਆ ਗਿਆ ਕਿ ਪੀਐੱਮ ਆਵਾਸ ਦੇ ਘਰਾਂ ਦੀਆਂ ਮਾਲਕ ਮਹਿਲਾਵਾਂ ਹੋਣਗੀਆਂ। ਮਹਿਲਾਵਾਂ ਦੀ ਸਿਹਤ ਦੀ ਚਿੰਤਾ ਦਾ ਵੀ ਸਮਾਧਾਨ ਹੋਇਆ ਆਯੁਸ਼ਮਾਨ ਭਾਰਤ ਯੋਜਨਾ ਨਾਲ ਕਰੋੜਾਂ ਮਹਿਲਾਵਾਂ ਨੂੰ 5 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲ ਰਿਹਾ ਹੈ। ਗਰਭਵਤੀ ਮਹਿਲਾਵਾਂ ਦੇ ਲਈ ਮਾਤ੍ਰਿ ਵੰਦਨਾ ਯੋਜਨਾ ਚਲ ਰਹੀ ਹੈ, ਉਸ ਵਿੱਚ ਮਹਿਲਾਵਾਂ ਦੇ ਖਾਤਿਆਂ ਵਿੱਚ ਸਿੱਧੇ ਪੈਸੇ ਜਾ ਰਹੇ ਹਨ, ਤਾਂ ਜੋ ਉਸ 9 ਮਹੀਨੇ ਦੇ ਕਾਲਖੰਡ ਵਿੱਚ, ਉਹ ਚੰਗਾ ਪੋਸ਼ਣ ਲੈ ਸਕਣ ਅਤੇ ਪੇਟ ਵਿੱਚ ਪਲ ਰਿਹਾ ਬੱਚਾ ਅਤੇ ਜੱਚਾ ਦੋਵੇਂ ਤੰਦਰੁਸਤ ਰਹਿਣ।

ਅੱਜ ਭਾਰਤ ਨਾਰੀ ਦੀ ਅਗਵਾਈ ਵਿੱਚ ਵਿਕਾਸ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਬੀਤੇ ਇੱਕ ਦਹਾਕੇ ਤੋਂ ਵੱਧ ਸਮੇਂ ਵਿੱਚ ਮਹਿਲਾਵਾਂ ਦੇ ਸਾਹਮਣੇ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਦੇ ਲਈ ਮਜ਼ਬੂਤ ਨੀਂਹ ਰੱਖੀ ਗਈ ਹੈ। ਭਾਰਤ ਵਿੱਚ ਸਕੂਲੀ ਸਿੱਖਿਆ ਵਿੱਚ ਜੈਂਡਰ ਸਮਾਨਤਾ ਹਾਸਲ ਕਰ ਲਈ ਹੈ। ਉੱਚ ਸਿੱਖਿਆ ਵਿੱਚ ਵੀ ਅਨੁਪਾਤ ਦੀ ਦ੍ਰਿਸ਼ਟੀ ਨਾਲ ਲੜਕੀਆਂ ਦੀ ਸੰਖਿਆ ਵੱਧ ਹੈ। ਸਾਇੰਸ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਮੈਥਮ ਯਾਨੀ ਸਟੈੱਮ ਸਿੱਖਿਆ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਤੇਜ਼ੀ ਨਾਲ ਵਧ ਰਹੀ ਹੈ। ਕੇਂਦਰੀ ਬਜਟ 2026-27 ਵਿੱਚ ਹਰੇਕ ਜ਼ਿਲ੍ਹੇ ਵਿੱਚ ਇੱਕ ਮਹਿਲਾ ਹੋਸਟਲ ਦੀ ਸਥਾਪਨਾ ਦਾ ਪ੍ਰਾਵਧਾਨ ਕੀਤਾ ਗਿਆ ਹੈ। ਲੜਕੀਆਂ ਗਿਆਨ ਅਰਥਵਿਵਸਥਾ ਵਿੱਚ ਅਗਵਾਈ ਦੀ ਭੂਮਿਕਾ ਦੇ ਲਈ ਤਿਆਰ ਹੋ ਰਹੀਆਂ ਹਨ। ਕਾਰਜਬਲ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਵਧ ਰਹੀ ਹੈ।

# ਆਤਮਨਿਰਭਰਤਾ ਅਤੇ ਸਸ਼ਕਤੀਕਰਣ

*ਦੇਸ਼ ਵਿੱਚ ਇੱਕ ਅਜਿਹਾ ਭਵਿੱਖ ਬਣਾਉਣ ਦੇ ਲਈ ਹਰ ਸੰਭਵ ਯਤਨ ਹੋ ਰਿਹਾ ਹੈ, ਜਿੱਥੇ ਆਤਮਨਿਰਭਰ ਬਣਦੇ ਹੋਏ ਸਸ਼ਕਤ ਮਹਿਲਾਵਾਂ ਪ੍ਰਗਤੀ ਨੂੰ ਗਤੀ ਦੇਣ, ਨੀਤੀਆਂ ਨੂੰ ਆਕਾਰ ਦੇਣ ਅਤੇ ਪੀੜ੍ਹੀਆਂ ਨੂੰ ਪ੍ਰੇਰਿਤ ਕਰਨ...*

## ਪੀਐੱਮ ਮੁਦ੍ਰਾ ਯੋਜਨਾ

**40.07**

ਲੱਖ ਕਰੋੜ ਰੁਪਏ ਦੇ 57.79 ਕਰੋੜ ਤੋਂ ਵੱਧ ਲੋਨ ਦਿੱਤੇ ਗਏ 31 ਮਾਰਚ, 2026 ਤੱਕ।

**16.33**

ਲੱਖ ਕਰੋੜ ਰੁਪਏ ਦੇ ਲੋਨ ਮਹਿਲਾਵਾਂ ਨੂੰ 31 ਮਾਰਚ, 2026 ਤੱਕ ਵੰਡੇ ਗਏ।

**67%**

ਤੋਂ ਵੱਧ ਲੋਨ ਮਹਿਲਾ ਉੱਦਮੀਆਂ ਨੂੰ ਦਿੱਤੇ ਗਏ।

## ਬੇਟੀ ਬਚਾਓ-ਬੇਟੀ ਪੜ੍ਹਾਓ



**19,500** ਤੋਂ ਵੱਧ ਪਿੰਡਾਂ ਨੂੰ 'ਸੰਪੂਰਨ ਸੁਕੰਨਿਆ ਗ੍ਰਾਮ' ਐਲਾਨ ਕੀਤਾ ਗਿਆ।

- ਬੇਟੀਆਂ ਦੀ ਜਨਮ ਦਰ ਦੇ ਨਾਲ ਸਿੱਖਿਆ ਅਤੇ ਸਿਹਤ ਦੇ ਪੱਧਰ ਵਿੱਚ ਮਹੱਤਵਪੂਰਨ ਸੁਧਾਰ।
- ਬੇਟੀ ਬਚਾਓ, ਬੇਟੀ ਪੜ੍ਹਾਓ: 10+ ਸਾਲ ਦੀ ਉਮਰ ਦੀਆਂ ਕੁੜੀਆਂ ਵਿੱਚ ਸਿੱਖਿਆ ਵਿੱਚ 15% ਵਾਧਾ ਅਤੇ ਲਗਭਗ 95% ਸੰਸਥਾਗਤ ਜਣੇਪੇ।
- **ਸੁਕੰਨਿਆ ਸਮ੍ਰਿੱਧੀ ਯੋਜਨਾ:** 3.40 ਲੱਖ ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਲਗਭਗ 4.61 ਕਰੋੜ ਸੁਕੰਨਿਆ ਖਾਤਿਆਂ ਵਿੱਚ 28 ਫਰਵਰੀ, 2026 ਤੱਕ ਜਮ੍ਹਾਂ ਹੈ। 8.2 ਪ੍ਰਤੀਸ਼ਤ ਪ੍ਰਤੀ ਵਰ੍ਹੇ ਵਿਆਜ ਮਿਲਦਾ ਹੈ।

## ਸਟਾਰਟਅੱਪ



**₹3100** ਕਰੋੜ ਤੋਂ ਵੱਧ ਦਾ ਨਿਵੇਸ਼ ਪਿਛਲੇ 6 ਵਰ੍ਹਿਆਂ ਵਿੱਚ ਸਰਕਾਰ ਨੇ ਨਾਰੀ ਸ਼ਕਤੀ ਦੀ ਅਗਵਾਈ ਵਾਲੇ ਸਟਾਰਟਅੱਪ ਵਿੱਚ ਕੀਤਾ ਹੈ।

- 1.02 ਲੱਖ ਯਾਨੀ ਲਗਭਗ 48% ਸਟਾਰਟਅੱਪ ਵਿੱਚ ਘੱਟ ਤੋਂ ਘੱਟ ਇੱਕ ਮਹਿਲਾ ਨਿਦੇਸ਼ਕ ਜਾਂ ਸਾਂਝੇਦਾਰ ਹਨ।

**2.12** ਲੱਖ ਸਟਾਰਟਅੱਪ ਨੂੰ 31 ਜਨਵਰੀ, 2026 ਤੱਕ ਮਾਨਤਾ ਦਿੱਤੀ ਗਈ।

**75%** ਦੇ ਲਗਭਗ ਲੋਨ ਮਹਿਲਾ ਉੱਦਮੀਆਂ ਦੇ ਮਨਜ਼ੂਰ ਕੀਤੇ ਗਏ ਹਨ।

## ਸਟੈਂਡ-ਅੱਪ ਇੰਡੀਆ

- ਯੋਜਨਾ ਦੇ ਤਹਿਤ ਮਹਿਲਾ ਲਾਭਪਾਤਰੀਆਂ ਨੂੰ ਦਸੰਬਰ 2025 ਤੱਕ 2.05 ਲੱਖ ਲੋਨ ਖਾਤਿਆਂ ਵਿੱਚ 48,000 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਪ੍ਰਾਪਤ ਹੋਈ; ਕੁੱਲ ਮਿਲਾ ਕੇ, ਇਸ ਯੋਜਨਾ ਦੇ ਤਹਿਤ 2.75 ਲੱਖ ਖਾਤਿਆਂ ਵਿੱਚ 62,790 ਕਰੋੜ ਰੁਪਏ ਵੰਡੇ ਗਏ।
- ਮਹਿਲਾ ਉੱਦਮੀਆਂ ਨੂੰ 10 ਲੱਖ ਰੁਪਏ ਤੋਂ 1 ਕਰੋੜ ਰੁਪਏ ਤੱਕ ਦੇ ਕਰਜ਼ੇ ਪ੍ਰਦਾਨ ਕੀਤੇ ਜਾਂਦੇ ਹਨ।

## ਉੱਦਮਤਾ ਵਿੱਚ ਵਧਦੀ ਭਾਗੀਦਾਰੀ

**7.83** ਕਰੋੜ ਰਜਿਸਟਰਡ ਐੱਮਐੱਸਐੱਮਈ ਵਿੱਚ 3.07 ਕਰੋੜ ਐੱਮਐੱਸਐੱਮਈ ਮਹਿਲਾਵਾਂ ਦੀ ਅਗਵਾਈ ਵਾਲੀਆਂ ਹਨ, 28 ਫਰਵਰੀ, 2026 ਤੱਕ।

- 2 ਲੱਖ ਮਹਿਲਾ ਅਗਵਾਈ ਵਾਲੇ MSEs ਜੈੱਮ ਰਾਹੀਂ 80,000 ਕਰੋੜ ਤੋਂ ਵੱਧ ਦੇ ਆਰਡਰ ਪ੍ਰਾਪਤ ਕਰ ਚੁੱਕੇ ਹਨ। ਅੱਜ ਮਹਿਲਾਵਾਂ ਵੱਡੇ ਬਿਜ਼ਨੇਸ ਖੜ੍ਹੇ ਕਰ ਰਹੀਆਂ ਹਨ।
- ਸਵੈ ਸਹਾਇਤਾ ਸਮੂਹ- ਮਹਿਲਾਵਾਂ ਦੀ ਆਮਦਨ ਵਿੱਚ ਵਾਧੇ ਦੇ ਨਾਲ ਉਨ੍ਹਾਂ ਨੂੰ ਉੱਦਮੀ ਬਣਾ ਰਹੇ ਹਨ।






# ਲਖਪਤੀ ਦੀਦੀ ਯੋਜਨਾ

**51,852** ਬੈਂਕ ਸਖੀਆਂ ਨੂੰ ਸਵੈ ਸਹਾਇਤਾ ਸਮੂਹਾਂ ਦਾ ਲੋਨ ਸੁਗਮ ਬਣਾਉਣ ਦੇ ਲਈ ਤੈਨਾਤ ਕੀਤਾ ਗਿਆ ਹੈ।

- ਸਰਕਾਰ ਨੇ ਮਾਰਚ 2027 ਦੀ ਤੈਅ ਸਮਾਂ-ਸੀਮਾ ਦੇ ਇੱਕ ਵਰ੍ਹੇ ਤੋਂ ਵੀ ਵੱਧ ਸਮੇਂ ਪਹਿਲਾਂ, 3 ਕਰੋੜ ਲਖਪਤੀ ਦੀਦੀਆਂ ਦਾ ਇਤਿਹਾਸਕ ਅੰਕੜਾ ਪਾਰ ਕਰ ਲਿਆ ਹੈ।
- ਹੁਣ ਮਹਿਲਾਵਾਂ ਆਰਥਿਕ ਵਿਕਾਸ ਦੀ ਮਜ਼ਬੂਤ ਭਾਗੀਦਾਰ ਹਨ। ਇਹ ਯੋਜਨਾ ਮਹਿਲਾਵਾਂ ਦੀ ਆਰਥਿਕ ਭਾਗੀਦਾਰੀ ਦੀ ਨਵੀਂ ਤਾਕਤ ਹੈ।
- ਸਵੈ ਸਹਾਇਤਾ ਸਮੂਹਾਂ ਰਾਹੀਂ ਮਹਿਲਾਵਾਂ ਦੀ ਆਮਦਨ ਵਧਾ ਕੇ ਉਨ੍ਹਾਂ ਨੂੰ ਆਤਮਨਿਰਭਰ ਬਣਾਇਆ ਜਾ ਰਿਹਾ ਹੈ।
- ਭਾਰਤ ਵਿੱਚ ਲਗਭਗ 1.2 ਕਰੋੜ ਸਵੈ ਸਹਾਇਤਾ ਸਮੂਹ ਹਨ ਜਿਨ੍ਹਾਂ ਵਿੱਚ 88 ਫੀਸਦੀ ਪੂਰੇ ਮਹਿਲਾ ਸਵੈ ਸਹਾਇਤਾ ਸਮੂਹ ਹਨ।
- ਦਸੰਬਰ, 2025 ਤੱਕ ਡੀਏਵਾਈ-ਐੱਨਆਰਐੱਲਐੱਮ ਵਿੱਚ 10.05 ਕਰੋੜ ਤੋਂ ਵੱਧ ਮਹਿਲਾਵਾਂ 90.91 ਲੱਖ ਐੱਸਐੱਚਜੀ ਵਿੱਚ ਸ਼ਾਮਲ।
- 11.86 ਲੱਖ ਕਰੋੜ ਰੁਪਏ ਇਨ੍ਹਾਂ ਸਵੈ ਸਹਾਇਤਾ ਸਮੂਹਾਂ ਨੂੰ ਲੋਨ ਉਪਲਬਧ ਕਰਵਾਏ ਗਏ ਹਨ।
- ਮਹਿਲਾ ਸਵੈ ਸਹਾਇਤਾ ਸਮੂਹਾਂ ਦੇ ਲਈ ਗਰੰਟੀ ਮੁਕਤ ਲੋਨ ਦੇਣ ਦੀ ਸੀਮਾ 10 ਲੱਖ ਰੁਪਏ ਤੋਂ ਵਧਾ ਕੇ 20 ਲੱਖ ਰੁਪਏ ਤੱਕ ਕੀਤੀ ਗਈ।
- ਹੁਣ ਮਾਰਚ 2029 ਤੱਕ 6 ਕਰੋੜ ਲਖਪਤੀ ਦੀਦੀਆਂ ਦਾ ਇੱਕ ਨਵਾਂ ਅਤੇ ਮਹੱਤਵਕਾਂਖੀ ਟੀਚਾ ਨਿਰਧਾਰਿਤ ਕੀਤਾ ਹੈ, ਜਿਸ ਨਾਲ ਇਸ ਪਹਿਲ ਦੇ ਪੈਮਾਨੇ ਅਤੇ ਉਮੀਦ, ਦੋਵਾਂ ਨੂੰ ਦੁੱਗਣਾ ਕਰ ਦਿੱਤਾ ਗਿਆ ਹੈ।

# ਪੀਐੱਮ ਉੱਜਵਲਾ

ਹੁਣ ਤੱਕ ਲਗਭਗ **11** ਕਰੋੜ ਮੁਫ਼ਤ ਐੱਲਪੀਜੀ ਕਨੈਕਸ਼ਨ ਦਿੱਤੇ ਗਏ। ਧੂੰਏ ਨਾਲ ਭਰੇ ਰਸੋਈ ਘਰ ਦੀਆਂ ਮੁਸ਼ਕਲਾਂ ਨੂੰ ਪਿੱਛੇ ਛੱਡਦੇ ਹੋਏ ਰੋਜ਼ਾਨਾ ਦੇ ਸੰਘਰਸ਼ ਤੋਂ ਰਾਹਤ ਦਿੱਤੀ ਹੈ।



- ਇਸ ਨਾਲ ਮਹਿਲਾਵਾਂ ਨੂੰ ਬਿਹਤਰ ਸਿਹਤ ਅਤੇ ਹਰ ਦਿਨ ਲਗਭਗ 3 ਘੰਟੇ ਦਾ ਵਾਧੂ ਸਮਾਂ ਦੇ ਕੇ ਜੀਵਨ ਨੂੰ ਅਸਾਨ ਬਣਾਇਆ ਹੈ।

# ਪੀਐੱਮ ਆਵਾਸ



**3** ਕਰੋੜ ਆਵਾਸਾਂ ਦਾ ਨਿਰਮਾਣ ਪੂਰਾ ਪ੍ਰਧਾਨ ਮੰਤਰੀ ਆਵਾਸ ਯੋਜਨਾ- ਗ੍ਰਾਮੀਣ ਦੇ ਤਹਿਤ 9 ਅਪ੍ਰੈਲ 2026 ਤੱਕ

- ਪੀਐੱਮ ਆਵਾਸ ਯੋਜਨਾ-ਗ੍ਰਾਮੀਣ ਵਿੱਚ 72 ਪ੍ਰਤੀਸ਼ਤ ਘਰ ਮਹਿਲਾਵਾਂ ਦੇ ਸਿੰਗਲ ਜਾਂ ਸੰਯੁਕਤ ਮਲਕੀਅਤ ਵਿੱਚ, ਜੋ ਉਨ੍ਹਾਂ ਨੂੰ ਸੁਰੱਖਿਅਤ ਆਵਾਸ ਦੇ ਨਾਲ ਆਰਥਿਕ ਅਤੇ ਸਮਾਜਿਕ ਸਸ਼ਕਤੀਕਰਣ ਦੀ ਮਜ਼ਬੂਤ ਨੀਂਹ ਦੇ ਰਹੇ ਹਨ।
- ਹੁਣ ਘਰ ਦੀ ਮਲਕੀਅਤ ਵਿੱਚ ਮਹਿਲਾਵਾਂ ਦੀ ਮਜ਼ਬੂਤ ਭਾਗੀਦਾਰੀ ਹੈ।
- ਪ੍ਰਧਾਨ ਮੰਤਰੀ ਆਵਾਸ ਯੋਜਨਾ- ਸ਼ਹਿਰੀ ਵਿੱਚ 2 ਮਾਰਚ, 2026 ਤੱਕ ਸੌਂਪੇ ਗਏ 97.3 ਲੱਖ ਆਵਾਸਾਂ ਵਿੱਚੋਂ 96 ਲੱਖ ਆਵਾਸ ਮਹਿਲਾਵਾਂ ਦੇ ਨਾਂ 'ਤੇ ਜਾਂ ਪਰਿਵਾਰ ਦੇ ਪੁਰਸ਼ ਮੈਂਬਰ ਦੇ ਨਾਲ ਸੰਯੁਕਤ ਮਲਕੀਅਤ ਵਿੱਚ ਹਨ।

# ਜਨਧਨ ਤੋਂ ਆਰਥਿਕ ਆਤਮਨਿਰਭਰਤਾ

**57.99** ਕਰੋੜ ਜਨਧਨ ਖਾਤੇ ਖੁੱਲ੍ਹੇ ਹਨ 1 ਅਪ੍ਰੈਲ, 2026 ਤੱਕ।



**56%** ਬੈਂਕ ਖਾਤੇ ਮਹਿਲਾਵਾਂ ਦੇ ਨਾਂ ਹਨ ਅਤੇ ਹੁਣ ਉਹ ਬੈਂਕਿੰਗ ਦੀ ਹੀਰੋ ਹਨ।

**32.33** ਕਰੋੜ ਤੋਂ ਵੱਧ ਜਨ-ਧਨ ਖਾਤੇ ਮਹਿਲਾਵਾਂ ਨੂੰ ਰਸਮੀ ਬੈਂਕਿੰਗ ਨਾਲ ਜੋੜ ਰਹੇ ਹਨ।

- ਹੁਣ ਬੈਂਕਿੰਗ ਦੀ ਤਾਕਤ ਮਹਿਲਾਵਾਂ ਦੇ ਆਪਣੇ ਹੱਥਾਂ ਵਿੱਚ ਹੈ।
- ਸੰਯੁਕਤ ਰਾਸ਼ਟਰ ਨੇ ਵੀ ਕਿਹਾ, ਭਾਰਤ ਦਾ ਇਹ ਮਾਡਲ ਦੁਨੀਆ ਦੇ ਲਈ ਪ੍ਰੇਰਣਾ ਹੈ। ਮਹਿਲਾਵਾਂ ਅਤੇ ਲੜਕੀਆਂ ਦੇ ਲਈ ਆਰਥਿਕ ਸਸ਼ਕਤੀਕਰਣ ਦਾ ਨਵਾਂ ਰਸਤਾ ਹੈ।

# ਸਵੱਛ ਭਾਰਤ ਮਿਸ਼ਨ

**12** ਕਰੋੜ ਤੋਂ ਵੱਧ ਪਖਾਨਿਆਂ ਦੇ ਨਿਰਮਾਣ ਦੇ ਨਾਲ ਮਹਿਲਾਵਾਂ ਦੀ ਸੁਰੱਖਿਆ, ਸਵੱਛਤਾ ਅਤੇ ਗਰਿਮਾ ਯਕੀਨੀ ਹੋ ਰਹੀ ਹੈ।

- ਇਸ ਨਾਲ ਗਰਿਮਾ ਅਤੇ ਸਨਮਾਨ ਦੀ ਨਵੀਂ ਸ਼ੁਰੂਆਤ ਹੋਈ ਹੈ। ਖੁੱਲ੍ਹੇ ਵਿੱਚ ਸ਼ੌਚ ਦੀ ਮਜ਼ਬੂਰੀ ਹੁਣ ਬੀਤੇ ਦਿਨਾਂ ਦੀ ਗੱਲ ਬਣ ਚੁੱਕੀ ਹੈ।





# ਤੰਦਰੁਸਤ ਮਹਿਲਾ ਸੁਰੱਖਿਆ ਦਾ ਅਧਾਰ

*ਮਾਂ ਦੀ ਸਿਹਤ ਕਿਸੇ ਵੀ ਸਮਾਜ ਦੀ ਸਮੁੱਚੀ ਸਿਹਤ ਅਤੇ ਇੱਕ ਸਮ੍ਰਿੱਧ ਰਾਸ਼ਟਰ ਦੇ ਲਈ ਬਹੁਤ ਮਹੱਤਵਪੂਰਨ ਹੈ। ਮਹਿਲਾਵਾਂ ਤੰਦਰੁਸਤ ਹੁੰਦੀਆਂ ਹਨ, ਤਾਂ ਇਸ ਦਾ ਸਿੱਧਾ ਅਸਰ ਪਰਿਵਾਰਾਂ ਅਤੇ ਭਾਈਚਾਰਿਆਂ ਦੇ ਸਰੀਰਕ, ਮਾਨਸਿਕ, ਸਮਾਜਿਕ ਅਤੇ ਆਰਥਿਕ ਵਿਕਾਸ 'ਤੇ ਪੈਂਦਾ ਹੈ। ਇਸ ਦਿਸ਼ਾ ਵਿੱਚ ਨਵਾਂ ਭਾਰਤ ਤੰਦਰੁਸਤ ਮਾਂ ਦੇ ਜ਼ਰੀਏ ਕਰ ਰਿਹਾ ਹੈ ਇੱਕ ਤੰਦਰੁਸਤ ਰਾਸ਼ਟਰ ਦਾ ਨਿਰਮਾਣ...*

## ਪੋਸ਼ਣ

- 9 ਤੋਂ 23 ਅਪ੍ਰੈਲ 2026 ਤੱਕ ਪੋਸ਼ਣ ਪਖਵਾੜੇ ਦਾ 8ਵਾਂ ਸੰਸਕਰਣ ਆਯੋਜਿਤ।
- ਪੋਸ਼ਣ ਪਖਵਾੜਾ 2026 ਦਾ ਵਿਸ਼ਾ ਜੀਵਨ ਦੇ ਪਹਿਲੇ ਛੇ ਵਰ੍ਹਿਆਂ ਵਿੱਚ ਦਿਮਾਗ ਦੇ ਵਿਕਾਸ ਨੂੰ ਵੱਧ ਤੋਂ ਵੱਧ ਕਰਨਾ ਰਿਹਾ।
- ਬਿਹਤਰ ਪੋਸ਼ਣ ਨਤੀਜਿਆਂ ਦੇ ਲਈ ਹੁਣ ਪੋਸ਼ਣ 2.0 ਸ਼ੁਰੂ ਕੀਤਾ ਗਿਆ।
- ਪਿਛਲੇ 4 ਵਰ੍ਹਿਆਂ ਵਿੱਚ 11 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਵੰਡ ਹੋਈ।
- **ਪੋਸ਼ਣ ਅਭਿਆਨ:** ਇਸ ਸਮੇਂ ਇਸ ਅਭਿਯਾਨ ਦੇ 10.09 ਕਰੋੜ ਲਾਭਾਰਥੀ ਹਨ। ਪ੍ਰੋਗਰਾਮ ਦੀ ਰੀਅਲ ਟਾਈਮ ਨਿਗਰਾਨੀ ਸੁਨਿਸ਼ਚਿਤ ਕਰਨ ਲਈ 'ਪੋਸ਼ਣ ਟ੍ਰੈਕਰ' ਦੀ ਸ਼ੁਰੂਆਤ ਕੀਤੀ ਗਈ ਹੈ। 100 ਪ੍ਰਤੀਸ਼ਤ ਮਜ਼ਬੂਤ ਚਾਵਲਾਂ ਦੀ ਵੰਡ ਵੀ ਸ਼ੁਰੂ ਹੋ ਗਈ ਹੈ।

## ਪ੍ਰਧਾਨ ਮੰਤਰੀ ਮਾਤ੍ਰਿ ਵੰਦਨਾ ਯੋਜਨਾ

**4.78** ਕਰੋੜ ਲਾਭਾਰਥੀ ਰਜਿਸਟਰਡ

**4.26** ਕਰੋੜ ਲਾਭਾਰਥੀਆਂ ਨੂੰ ਮਿਲਿਆ ਲਾਭ

**20,073** ਕਰੋੜ ਰੁਪਏ ਯੋਜਨਾ ਦੇ ਤਹਿਤ ਲਾਭਾਰਥੀਆਂ ਨੂੰ ਦਿੱਤੇ ਗਏ।

- 5,000 ਰੁਪਏ ਦੀ ਰਾਸ਼ੀ ਲਾਭਾਰਥੀ ਨੂੰ ਪਹਿਲੇ ਜੀਵਤ ਬੱਚੇ 'ਤੇ ਦੋ ਕਿਸ਼ਤਾਂ ਵਿੱਚ ਦਿੱਤੀ ਜਾਂਦੀ ਹੈ।
- 6,000 ਰੁਪਏ ਦੀ ਇੱਕਮੁਸ਼ਤ ਰਾਸ਼ੀ ਲਾਭਾਰਥੀ ਨੂੰ ਦੂਜੇ ਬੱਚੇ ਦੇ ਬਾਲਿਕਾ ਹੋਣ 'ਤੇ ਦਿੱਤੀ ਜਾਂਦੀ ਹੈ।



## ਸੈਨੇਟਰੀ ਪੈਡ

**15** ਹਜ਼ਾਰ ਤੋਂ ਵੱਧ ਪੀਐੱਮਬੀਜੇਪੀ ਕੇਂਦਰਾਂ ਰੁਪਏ ਵਿੱਚ ਸੈਨੇਟਰੀ ਪੈਡ ਦੀ ਵਿਕਰੀ।

- 72 ਕਰੋੜ ਰੁਪਏ ਦੇ ਸੈਨੇਟਰੀ ਪੈਡ ਦੀ ਵਿਕਰੀ 31 ਜਨਵਰੀ 2025 ਤੱਕ ਹੋ ਚੁੱਕੀ ਹੈ।

## ਗਰਭਪਾਤ ਦੀ ਸਮੇਂ ਸੀਮਾ

ਹਿੰਸਾ ਪੀੜ੍ਹਤ ਮਹਿਲਾਵਾਂ ਨੂੰ ਰਾਹਤ ਦੇਣ ਦੇ ਮਕਸਦ ਨਾਲ ਸਰਕਾਰ ਨੇ ਹਾਲ ਹੀ ਵਿੱਚ ਮੈਡੀਕਲ ਟਰਮੀਨੇਸ਼ਨ ਪ੍ਰੈਗਨੈਂਸੀ ਐਕਟ ਨੂੰ ਮਨਜ਼ੂਰੀ ਦਿੱਤੀ ਹੈ ਜਿਸ ਵਿੱਚ ਗਰਭਪਾਤ ਦੇ ਲਈ ਸਮੇਂ ਸੀਮਾ ਨੂੰ 20 ਹਫਤੇ ਤੋਂ ਵਧਾ ਕੇ 24 ਹਫਤੇ ਕਰ ਦਿੱਤਾ ਗਿਆ ਹੈ।

**1976 ਵਿੱਚ ਦੇਸ਼ ਦੀ ਆਬਾਦੀ 54.79 ਕਰੋੜ ਸੀ ਅਤੇ ਅੱਜ 140 ਕਰੋੜ ਹੈ। ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਜਦੋਂ ਸਦਨ ਦੇ ਮੈਂਬਰਾਂ ਦੀ ਗਿਣਤੀ ਵਧੇਗੀ ਤਾਂ ਸਰਕਾਰ ਸਦਨ ਦੇ ਕੰਮਕਾਜ ਦੇ ਦਿਨਾਂ ਦੀ ਸੰਖਿਆ ਵੀ ਵਧਾਵੇ।**

ਅੱਜ ਜਦੋਂ ਇੱਕ ਗ੍ਰਾਮੀਣ ਮਹਿਲਾ ਖੇਤਾਂ ਦੇ ਉੱਪਰ ਡ੍ਰੋਨ ਉਡਾਉਂਦੀ ਹੈ ਤਦ ਉਹ ਸਿਰਫ਼ ਫਸਲਾਂ 'ਤੇ ਛਿੜਕਾਅ ਨਹੀਂ ਕਰ ਰਹੀ ਹੁੰਦੀ ਹੈ, ਸਗੋਂ ਉਹ ਤਕਨੀਕ ਨਾਲ ਗ੍ਰਾਮੀਣ ਅਰਥਵਿਵਸਥਾ ਦੀ ਤਸਵੀਰ ਬਦਲ ਰਹੀ ਹੁੰਦੀ ਹੈ। ਜਦੋਂ ਇੱਕ ਮਹਿਲਾ ਆਪਣੀ ਉੱਦਮਸ਼ੀਲਤਾ ਦੇ ਬਲ 'ਤੇ ਲਖਪਤੀ ਦੀਦੀ ਬਣਦੀ ਹੈ ਤਾਂ ਉਹ ਆਪਣੀ ਆਲੇ-ਦੁਆਲੇ ਦੀਆਂ ਕਈ ਮਹਿਲਾਵਾਂ ਦੇ ਲਈ ਪ੍ਰੇਰਣਾ ਦਾ ਸਰੋਤ ਬਣਦੀ ਹੈ।

ਅਜਿਹੇ ਸਕਾਰਾਤਮਕ ਪਰਿਵਰਤਨਾਂ ਵਿੱਚ ਸਿੱਖਿਆ, ਹੁਨਰ ਵਿਕਾਸ, ਉੱਦਮਤਾ ਅਤੇ ਸੰਰਚਨਾਤਮਕ ਸੁਧਾਰਾਂ ਦਾ ਮਹੱਤਵਪੂਰਨ ਯੋਗਦਾਨ ਹੈ। ਸਕਿਲ ਇੰਡੀਆ ਮਿਸ਼ਨ ਮਹਿਲਾਵਾਂ ਨੂੰ ਗੈਰ ਪਰੰਪਰਾਗਤ ਖੇਤਰ ਵਿੱਚ ਕੁਸ਼ਲ ਬਣਾ ਰਿਹਾ ਹੈ। ਮਹਿਲਾਵਾਂ ਨੌਕਰੀ ਦੇਣ ਵਾਲੇ ਦੀ ਭੂਮਿਕਾ ਵਿੱਚ ਵੀ ਅੱਗੇ ਵਧ ਰਹੀਆਂ ਹਨ। ਦੇਸ਼ ਵਿੱਚ ਮਾਨਤਾ ਪ੍ਰਾਪਤ ਸਟਾਰਟਅੱਪ ਵਿੱਚ ਅੱਧੇ ਤੋਂ ਵੱਧ ਸਟਾਰਟਅੱਪ ਅਜਿਹੇ ਹਨ ਜਿਨ੍ਹਾਂ ਵਿੱਚ ਘੱਟ ਤੋਂ ਘੱਟ ਇੱਕ ਮਹਿਲਾ ਨਿਦੇਸ਼ਕ ਹੈ। ਜੈੱਮ 'ਤੇ ਵਰਤਮਾਨ ਵਿੱਚ ਦੋ ਲੱਖ ਤੋਂ ਵੱਧ ਮਹਿਲਾ ਮਲਕੀਅਤ ਵਾਲੇ ਐੱਮਐੱਸਐੱਮਈ ਸਰਗਰਮ ਹਨ। ਸਵੈ ਸਹਾਇਤਾ ਸਮੂਹਾਂ ਅਤੇ ਗ੍ਰਾਮੀਣ ਮਹਿਲਾਵਾਂ ਵੱਲੋਂ ਬਣਾਏ ਗਏ ਉਤਪਾਦਾਂ ਨੂੰ ਬਿਹਤਰ ਬਜ਼ਾਰ ਉਪਲਬਧ ਕਰਵਾਉਣ ਦੇ ਉਦੇਸ਼ ਨਾਲ ਕੇਂਦਰੀ ਬਜਟ 2026-27 ਵਿੱਚ ਸ਼ੀ-ਮਾਰਟ (SHE-Mart) ਪਹਿਲ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਦੇ ਤਹਿਤ ਹਰੇਕ ਜ਼ਿਲ੍ਹੇ ਵਿੱਚ ਭਾਈਚਾਰੇ ਵੱਲੋਂ ਸੰਚਾਲਿਤ ਰਿਟੇਲ

## ਜਣੇਪੇ ਤੋਂ ਪਹਿਲਾਂ ਦੇਖਭਾਲ-ਸੁਰੱਖਿਅਤ ਮਾਂ ਬਣਨ ਵੱਲ ਪਹਿਲਾ ਕਦਮ

- ਕੇਂਦਰ ਸਰਕਾਰ ਨੇ 2016 ਵਿੱਚ ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤ੍ਰਿਤਵ ਅਭਿਆਨ (PMMSA) ਦੀ ਸ਼ੁਰੂਆਤ ਕੀਤੀ, ਤਾਂ ਜੋ ਗਰਭਵਤੀ ਮਹਿਲਾਵਾਂ ਨੂੰ ਮੁਫ਼ਤ, ਭਰੋਸੇਮੰਦ, ਸਮੁੱਚੇ ਅਤੇ ਗੁਣਵੱਤਾਪੂਰਨ ਜਣੇਪੇ ਤੋਂ ਪਹਿਲਾਂ ਦੇਖਭਾਲ ਉਪਲਬਧ ਕਰਵਾਈ ਜਾ ਸਕੇ।
- 7 ਕਰੋੜ ਤੋਂ ਵੱਧ ਮਹਿਲਾਵਾਂ ਨੂੰ ਮਾਰਚ 2026 ਤੱਕ ਇਸ ਪਹਿਲ ਦਾ ਲਾਭ ਮਿਲ ਚੁੱਕਿਆ ਹੈ।
- 22,000 ਤੋਂ ਵੱਧ ਸਿਹਤ ਕੇਂਦਰ 'ਤੇ ਵਰਤਮਾਨ ਵਿੱਚ ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤ੍ਰਿਤਵ ਅਭਿਆਨ ਦੇ ਤਹਿਤ ਸੇਵਾਵਾਂ ਦਿੱਤੀਆਂ ਜਾਂ ਰਹੀਆਂ ਹਨ।

## ਜਲ ਜੀਵਨ ਮਿਸ਼ਨ



**15.84** ਕਰੋੜ (81.84%) ਘਰਾਂ ਵਿੱਚ ਪਹੁੰਚਣ ਲਗਿਆ ਨਲ ਰਾਹੀਂ ਪਾਣੀ, 20 ਅਪ੍ਰੈਲ 2026 ਤੱਕ।

- ਵਿਸ਼ਵ ਸਿਹਤ ਸੰਗਠਨ ਦਾ ਅਧਿਐਨ ਦੱਸਦਾ ਹੈ ਕਿ ਹਰੇਕ ਗ੍ਰਾਮੀਣ ਪਰਿਵਾਰ ਨੂੰ ਨਲ ਰਾਹੀਂ ਪਾਣੀ ਉਪਲਬਧ ਕਰਵਾਏ ਜਾਣ ਨਾਲ ਜਲ ਸੰਗ੍ਰਹਿ ਵਿੱਚ ਲਗਣ ਵਾਲੇ ਸਮੇਂ ਵਿੱਚ ਮਹੱਤਵਪੂਰਨ ਬੱਚਤ (ਪ੍ਰਤੀਦਿਨ 5.5 ਕਰੋੜ ਘੰਟੇ) ਹੋਵੇਗੀ, ਖਾਸ ਤੌਰ 'ਤੇ ਮਹਿਲਾਵਾਂ ਦੇ ਮਾਮਲੇ ਵਿੱਚ ਕਿਉਂਕਿ ਇਸ ਕੰਮ ਦਾ ਤਿੰਨ ਚੌਥਾਈ ਹਿੱਸਾ ਉਹੀ ਕਰਦੀਆਂ ਹਨ
- ਐੱਸਬੀਆਈ ਅਧਿਐਨ ਦੱਸਦਾ ਹੈ ਘਰਾਂ ਵਿੱਚ ਬਾਹਰ ਤੋਂ ਪਾਣੀ ਲਿਆਉਣ ਵਾਲਿਆਂ ਦੀ ਗਿਣਤੀ ਵਿੱਚ 8.3 ਪ੍ਰਤੀਸ਼ਤ ਗਿਰਾਵਟ ਆਈ ਹੈ। ਲਗਭਗ 9 ਕਰੋੜ ਮਹਿਲਾਵਾਂ ਨੂੰ ਹੁਣ ਪਾਣੀ ਲਿਆਉਣ ਦੀ ਜ਼ਰੂਰਤ ਨਹੀਂ ਹੁੰਦੀ। 7.4 ਪ੍ਰਤੀਸ਼ਤ ਮਹਿਲਾਵਾਂ ਦੀ ਭਾਗੀਦਾਰੀ ਖੇਤੀਬਾੜੀ ਅਤੇ ਸਬੰਧਿਤ ਕਾਰਜਾਂ ਵਿੱਚ ਵਧੀ ਹੈ।

## ਜਨਮ ਦੇ ਸਮੇਂ ਲਿੰਗ ਅਨੁਪਾਤ

(ਪ੍ਰਤੀ 1000 ਲੜਕੀਆਂ)



| 918 | 929 |
|---|---|
| 2014-15 | 2024-25 |

## ਟੀਕਾਕਰਣ: ਮਾਵਾਂ ਅਤੇ ਨਵਜੰਮੇ ਬੱਚਿਆਂ ਦੀ ਸੁਰੱਖਿਆ

- ਵਰ੍ਹੇ 2014 ਵਿੱਚ ਮਿਸ਼ਨ ਇੰਦ੍ਰਧਨੁਸ਼ ਦੀ ਸ਼ੁਰੂਆਤ ਕੀਤੀ ਗਈ।
- ਉਦੇਸ਼ ਗਰਭਵਤੀ ਮਹਿਲਾਵਾਂ ਸਮੇਤ ਸਾਰਿਆਂ ਲਈ ਸਰਵ ਵਿਆਪਕ ਟੀਕਾਕਰਣ ਕਵਰੇਜ ਯਕੀਨੀ ਬਣਾਉਣਾ ਹੈ।

**1.15** ਕਰੋੜ 14 ਵਰ੍ਹੇ ਦੀ ਉਮਰ ਦੀਆਂ ਲੜਕੀਆਂ ਦੇ ਲਈ 28 ਫਰਵਰੀ 2026 ਨੂੰ ਰਾਜਸਥਾਨ ਦੇ ਅਜਮੇਰ ਤੋਂ ਦੇਸ਼ ਭਰ ਵਿੱਚ ਮੁਫ਼ਤ ਐੱਚਪੀਵੀ ਟੀਕਾਕਰਣ ਅਭਿਆਨ ਸ਼ੁਰੂ ਕੀਤਾ ਗਿਆ।

- ਉਦੇਸ਼ ਸਰਵਾਈਕਲ ਕੈਂਸਰ ਨੂੰ ਰੋਕਣਾ ਹੈ, ਜੋ ਦੇਸ਼ ਵਿੱਚ ਮਹਿਲਾਵਾਂ ਵਿੱਚ ਦੂਜਾ ਸਭ ਤੋਂ ਆਮ ਕੈਂਸਰ ਹੈ।



ਆਉਟਲੇਟ ਸਥਾਪਿਤ ਕੀਤੇ ਜਾਣਗੇ। ਪਿਛਲੇ ਵਰ੍ਹੇ ਲਾਗੂ ਕੀਤੇ ਕਿਰਤ ਕੋਡਸ ਵਿੱਚ ਮਹਿਲਾ ਵਰਕਰਾਂ ਦੇ ਲਈ ਵੱਧ ਸਮਾਵੇਸ਼ੀ, ਸੁਰੱਖਿਅਤ ਅਤੇ ਸਸ਼ਕਤ ਕਾਰਜ ਵਾਤਾਵਰਣ ਦਾ ਪ੍ਰਾਵਧਾਨ ਕੀਤਾ ਗਿਆ ਹੈ।

**ਸਮਾਜਿਕ ਨਿਆਂ ਅਤੇ ਸੁਰੱਖਿਅਤ ਵਾਤਾਵਰਣ**

ਜਦੋਂ ਮਹਿਲਾਵਾਂ ਸੁਰੱਖਿਅਤ ਅਤੇ ਸਮ੍ਰਿੱਧ ਹੁੰਦੀਆਂ ਹਨ, ਤਾਂ ਦੁਨੀਆ ਵੀ ਸਮ੍ਰਿੱਧ ਹੁੰਦੀ ਹੈ। ਉਨ੍ਹਾਂ ਦਾ ਆਰਥਿਕ ਸਸ਼ਕਤੀਕਰਣ ਵਿਕਾਸ ਨੂੰ ਬਲ ਦਿੰਦਾ ਹੈ। ਸਿੱਖਿਆ ਤੱਕ ਉਨ੍ਹਾਂ ਦੀ ਪਹੁੰਚ ਆਲਮੀ ਪ੍ਰਗਤੀ ਨੂੰ ਪ੍ਰੇਰਿਤ ਕਰਦੀ ਹੈ। ਉਨ੍ਹਾਂ ਦੀ ਅਗਵਾਈ ਸਮਾਵੇਸ਼ਿਤਾ ਨੂੰ ਹੁਲਾਰਾ ਦਿੰਦੀ ਹੈ ਅਤੇ ਉਨ੍ਹਾਂ ਦੇ ਵਿਚਾਰ ਸਕਾਰਾਤਮਕ ਬਦਲਾਅ ਨੂੰ ਪ੍ਰੇਰਿਤ ਕਰਦੇ ਹਨ। ਮਹਿਲਾਵਾਂ ਨੂੰ ਸਸ਼ਕਤ ਬਣਾਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਮਹਿਲਾ-ਅਗਵਾਈ ਵਾਲਾ ਵਿਕਾਸ ਦ੍ਰਿਸ਼ਟੀਕੋਣ ਹੈ। ਭਾਰਤ ਨੇ ਇਸ ਦਿਸ਼ਾ ਵਿੱਚ ਨਿਰਣਾਇਕ ਕਦਮ ਵਧਾਇਆ ਹੈ। ਭਾਰਤ ਦੀ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਆਪਣੇ ਆਪ ਵਿੱਚ ਇੱਕ ਪ੍ਰੇਰਕ ਉਦਾਹਰਣ ਪੇਸ਼ ਕਰਦੇ ਹਨ। ਉਹ ਇੱਕ ਸਧਾਰਣ ਕਬਾਇਲੀ ਪਿਛੋਕੜ ਤੋਂ ਆਉਂਦੇ ਹਨ। ਪਰ ਹੁਣ ਉਹ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਅਗਵਾਈ ਕਰਦੇ ਹਨ। ਦੁਨੀਆ ਦੇ ਦੂਜੇ ਸਭ ਤੋਂ ਵੱਡੇ ਰੱਖਿਆ ਬਲ ਦੀ ਕਮਾਂਡਰ-ਇਨ-ਚੀਫ ਦੇ ਰੂਪ ਵਿੱਚ ਯੋਗਦਾਨ ਦੇ ਰਹੀਆਂ ਹਨ। ਮਹਿਲਾਵਾਂ ਨੂੰ ਸੁਰੱਖਿਅਤ ਵਾਤਾਵਰਣ ਉਪਲਬਧ ਕਰਵਾਉਣ ਅਤੇ ਵਿਕਾਸ ਵਿੱਚ ਬਰਾਬਰ ਤੌਰ 'ਤੇ ਸਹਿਭਾਗੀ ਬਣਾਉਣ ਦੇ ਉਦੇਸ਼ ਨਾਲ ਹੀ ਰਾਸ਼ਟਰੀ ਪੱਧਰ 'ਤੇ ਮਹਿਲਾ ਸੁਰੱਖਿਆ ਨਾਲ ਜੁੜੇ ਕਈ ਯਤਨ ਕੀਤੇ ਗਏ ਹਨ। ਅੱਜ ਦੇਸ਼ ਦੀ ਪ੍ਰਾਥਮਿਕਤਾ, ਮਹਿਲਾਵਾਂ ਦਾ ਜੀਵਨ ਬਿਹਤਰ ਬਣਾਉਣ ਅਤੇ ਭਾਰਤ ਦੀ ਵਿਕਾਸ ਯਾਤਰਾ ਵਿੱਚ ਮਹਿਲਾਵਾਂ ਦੀ ਸੰਪੂਰਨ ਭਾਗੀਦਾਰੀ ਵਿੱਚ ਹੈ। ਬੇਟਾ-

# ਅਗਵਾਈ ਅਤੇ ਸਨਮਾਨ

*ਜਦੋਂ ਦੋ ਮਹਿਲਾ ਅਧਿਕਾਰੀ ਕਰਨਲ ਸੋਫੀਆ ਕੁਰੈਸ਼ੀ ਅਤੇ ਵਿੰਗ ਕਮਾਂਡਰ ਵਯੋਮਿਕਾ ਸਿੰਘ ਨੇ ਆਪ੍ਰੇਸ਼ਨ ਸਿੰਦੂਰ ਬਾਰੇ ਰਾਸ਼ਟਰ ਨੂੰ ਸੰਬੋਧਨ ਕੀਤਾ, ਤਾਂ ਇਹ ਸਿਰਫ਼ ਇੱਕ ਮਿਸ਼ਨ ਨਹੀਂ ਸੀ, ਉਹ ਇੱਕ ਅਜਿਹਾ ਪਲ ਸੀ ਜਿਸ ਨੇ ਬਦਲਦੇ ਭਾਰਤ ਦੀ ਭਾਵਨਾ ਨੂੰ ਦਰਸਾਇਆ। ਇਹ ਪਲ ਪੂਰੇ ਦੇਸ਼ ਨੂੰ ਪ੍ਰੇਰਣਾ ਦੇਣ ਵਾਲਾ ਅਤੇ ਨਾਰੀ ਸ਼ਕਤੀ ਦੇ ਵਧਦੇ ਪ੍ਰਭਾਵ ਨੂੰ ਸਪਸ਼ਟ ਤਰੀਕੇ ਨਾਲ ਪ੍ਰਦਰਸ਼ਿਤ ਕਰਨ ਵਾਲਾ ਸੀ।*

## ਹਥਿਆਰਬੰਦ ਸੈਨਾਵਾਂ- ਸੈਨਿਕ ਸਕੂਲਾਂ ਵਿੱਚ ਹੁਣ ਲੜਕੀਆਂ ਦੇ ਲਈ ਵੀ ਪ੍ਰਵੇਸ਼

- 2022 ਤੋਂ ਨੈਸ਼ਨਲ ਡਿਫੈਂਸ ਅਕੈਡਮੀ (ਐੱਨਡੀਏ) ਵਿੱਚ ਮਹਿਲਾ ਕੈਡੇਟਸ ਦਾ ਪ੍ਰਵੇਸ਼ ਸ਼ੁਰੂ ਹੋ ਚੁੱਕਿਆ ਹੈ।
- ਮਹਿਲਾਵਾਂ ਹੁਣ ਭਾਰਤੀ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਵਿੱਚ ਸਥਾਈ ਕਮਿਸ਼ਨ ਦੇ ਲਈ ਯੋਗ ਹਨ।
- ਬੀਤੇ 10 ਵਰ੍ਹਿਆਂ ਵਿੱਚ ਭਾਰਤੀ ਸੈਨਾ ਵਿੱਚ ਮਹਿਲਾ ਅਧਿਕਾਰੀਆਂ ਦੀ ਗਿਣਤੀ 4 ਗੁਣਾ ਵਧੀ ਹੈ।

### ਭਾਰਤੀ ਸੈਨਾ ਵਿੱਚ ਮਹਿਲਾਵਾਂ ਦੀ ਗਿਣਤੀ

| ਸਾਲ | ਗਿਣਤੀ |
|---|---|
| 2026 | 11,000 |
| 2014 | 3,000 |



ਨਾਰੀ ਸ਼ਕਤੀ ਨਾਲ ਭਾਰਤੀ ਸੈਨਾ ਮਜ਼ਬੂਤ ਹੋ ਰਹੀ

- ਮਹਿਲਾ ਅਧਿਕਾਰੀ ਹੁਣ ਲੈਫਟੀਨੈਂਟ ਜਨਰਲ, ਫਾਈਟਰ ਪਾਇਲਟ ਅਤੇ ਯੂਨਿਟ ਕਮਾਂਡਰ ਜਿਹੇ ਮਹੱਤਵਪੂਰਨ ਅਗਵਾਈ ਵਾਲੇ ਅਹੁਦਿਆਂ 'ਤੇ ਕੰਮ ਕਰ ਰਹੇ ਹਨ।
- ਮਹਿਲਾਵਾਂ ਨੂੰ 12 ਵਿਭਾਗ ਅਤੇ ਸੇਵਾਵਾਂ ਵਿੱਚ ਸਥਾਈ ਕਮਿਸ਼ਨ ਦਿੱਤਾ ਜਾ ਰਿਹਾ ਹੈ।
- ਰਾਸ਼ਟਰੀ ਰੱਖਿਆ ਅਕਾਦਮੀ (ਐੱਨਡੀਏ) ਵਿੱਚ ਮਹਿਲਾਵਾਂ ਦੇ ਪ੍ਰਵੇਸ਼ ਵਿੱਚ ਤਰੱਕੀ ਹੋਈ ਹੈ, ਮਈ 2025 ਵਿੱਚ 17 ਮਹਿਲਾ ਕੈਡੇਟ ਅਤੇ ਨਵੰਬਰ 2025 ਵਿੱਚ 15 ਮਹਿਲਾ ਕੈਡੇਟ ਗ੍ਰੈਜੁਏਟ ਹੋਈਆਂ।
- ਪਹਿਲੀ ਵਾਰ, 75ਵੇਂ ਗਣਤੰਤਰ ਦਿਵਸ 'ਤੇ ਤਿੰਨੋਂ ਸੈਨਾਵਾਂ ਨੇ ਇੱਕ ਸੰਪੂਰਨ ਮਹਿਲਾ ਦਲ ਨੇ ਕਰਤਵਯ ਪਥ 'ਤੇ ਮਾਰਚ ਕੀਤਾ। ਇਸ ਤੋਂ ਇਲਾਵਾ, ਭਾਰਤ ਨੂੰ ਮਾਣ ਹੈ ਕਿ ਉਹ ਵਿਸ਼ਵ ਦਾ ਪਹਿਲਾ ਦੇਸ਼ ਹੈ ਜਿਸ ਨੇ ਪੂਰੀ ਮਹਿਲਾ ਪੁਲਿਸ ਯੂਨਿਟ ਨੂੰ ਸ਼ਾਂਤੀ ਸਥਾਪਨਾ ਦੇ ਤਹਿਤ 2007 ਤੋਂ 2016 ਤੱਕ ਸੰਯੁਕਤ ਰਾਸ਼ਟਰ ਮਿਸ਼ਨ ਇਨ ਲਾਇਬੇਰੀਆ (UNMIL) ਵਿੱਚ ਤੈਨਾਤ ਕੀਤਾ।

- ਸੰਯੁਕਤ ਰਾਸ਼ਟਰ ਜੈਂਡਰ ਸਮਾਨਤਾ ਰਣਨੀਤੀ ਦੇ ਅਨੁਰੂਪ, ਜਿਸ ਦਾ ਟੀਚਾ 2028 ਤੱਕ ਹਥਿਆਰਬੰਦ ਟੁਕੜੀਆਂ ਵਿੱਚ 15% ਮਹਿਲਾਵਾਂ ਅਤੇ ਸਟਾਫ ਅਧਿਕਾਰੀ ਜਾਂ ਓਬਜ਼ਰਵਰ ਦੇ ਰੂਪ ਵਿੱਚ 25% ਮਹਿਲਾਵਾਂ ਨੂੰ ਸ਼ਾਮਲ ਕਰਨਾ ਹੈ, ਭਾਰਤ ਨੇ ਸਟਾਫ ਅਧਿਕਾਰੀ ਅਤੇ ਓਬਜ਼ਰਵਰ ਸ਼੍ਰੇਣੀਆਂ ਵਿੱਚ ਪਹਿਲਾਂ ਹੀ 22% ਪ੍ਰਤੀਨਿਧਤਾ ਹਾਸਲ ਕਰ ਲਈ ਹੈ।



**154** ਤੋਂ ਵੱਧ ਭਾਰਤੀ ਮਹਿਲਾਵਾਂ 2025 ਤੱਕ ਛੇ ਸੰਯੁਕਤ ਰਾਸ਼ਟਰ ਸ਼ਾਂਤੀ ਰੱਖਿਆ ਅਭਿਆਨਾਂ ਵਿੱਚ ਕੰਮ ਕਰ ਰਹੀਆਂ ਹਨ।



26 ਜਨਵਰੀ 2026 ਨੂੰ ਗਣਤੰਤਰ ਦਿਵਸ ਪਰੇਡ ਵਿੱਚ ਸਹਾਇਕ ਕਮਾਂਡੈਂਟ ਸਿਮਰਨ ਬਾਲਾ ਨੇ ਪੁਰਸ਼ ਸੀਆਰਪੀਐੱਫ ਟੁਕੜੀ ਦੀ ਅਗਵਾਈ ਕਰ ਕੇ ਇਤਿਹਾਸ ਰਚਿਆ। ਪਹਿਲੀ ਵਾਰ ਕਿਸੇ ਮਹਿਲਾ ਅਧਿਕਾਰੀ ਨੇ ਸੀਆਰਪੀਐੱਫ ਦੀ ਪੁਰਸ਼ ਟੀਮ ਦੀ ਕਮਾਨ ਸੰਭਾਲੀ।

### ਮਹਿਲਾ ਪਾਇਲਟ

| | |
|---|---|
| ਭਾਰਤ | 15% |
| ਆਲਮੀ ਔਸਤ | 5% |

ਭਾਰਤ ਇਸ ਖੇਤਰ ਵਿੱਚ ਆਇਰਲੈਂਡ (9.9%) ਅਤੇ ਅਮਰੀਕਾ (5.5%) ਤੋਂ ਵੀ ਅੱਗੇ ਹੈ।



# ਵਿਗਿਆਨ-ਤਕਨੀਕ



**12.5** ਲੱਖ ਮਹਿਲਾਵਾਂ ਵਿਗਿਆਨ ਅਤੇ ਤਕਨੀਕੀ ਦੇ ਖੇਤਰ ਵਿੱਚ ਕਾਰਜਬਲ ਦੇ ਰੂਪ ਵਿੱਚ ਹਰ ਸਾਲ ਜੁੜ ਰਹੀਆਂ ਹਨ।

■ ਅੱਜ ਮਹਿਲਾਵਾਂ ਸਰਕਾਰੀ ਅਤੇ ਪ੍ਰਾਈਵੇਟ ਖੇਤਰ ਵਿੱਚ ਸੰਯੁਕਤ ਤੌਰ 'ਤੇ ਐੱਸਟੀਈਐੱਮ-ਸਬੰਧਿਤ ਖੇਤਰਾਂ ਵਿੱਚ ਕੰਮ ਕਰ ਰਹੇ ਕਾਰਜਬਲ ਦਾ ਲਗਭਗ 18.6 ਪ੍ਰਤੀਸ਼ਤ ਹਨ, ਇਹ ਹਿੱਸਾ ਲਗਾਤਾਰ ਵਧ ਰਿਹਾ ਹੈ ਕਿਉਂਕਿ ਵੱਧ ਮਹਿਲਾਵਾਂ, ਖੋਜ, ਨਵੀਨਤਾ ਅਤੇ ਉੱਚ-ਤਕਨਾਲੋਜੀ ਭੂਮਿਕਾਵਾਂ ਵਿੱਚ ਅੱਗੇ ਵਧ ਰਹੀਆਂ ਹਨ।

■ ਆਲ ਇੰਡੀਆ ਉੱਚ ਸਿੱਖਿਆ ਸਰਵੇਖਣ (ਏਆਈਐੱਸਐੱਚਈ) ਰਿਪੋਰਟ 2021-22 ਦੱਸਦੀ ਹੈ ਕਿ ਹੁਣ ਵਿਗਿਆਨ, ਇੰਜੀਨੀਅਰਿੰਗ ਅਤੇ ਤਕਨਾਲੋਜੀ ਵਿਸ਼ਿਆਂ ਵਿੱਚ ਕੁੱਲ ਪੀਐੱਚਡੀ ਨਾਮਾਂਕਣ ਵਿੱਚ ਮਹਿਲਾਵਾਂ ਦੀ ਹਿੱਸੇਦਾਰੀ 41% ਹੈ, ਜੋ ਵਿਗਿਆਨ ਅਤੇ ਤਕਨਾਲੋਜੀ ਵਿੱਚ ਮਹਿਲਾਵਾਂ ਦੀ ਵਧਦੀ ਦਿਲਚਸਪੀ ਅਤੇ ਜੁੜਾਅ ਨੂੰ ਦਰਸਾਉਂਦਾ ਹੈ।

■ ਆਲ ਇੰਡੀਆ ਉੱਚ ਸਿੱਖਿਆ ਸਰਵੇਖਣ (ਏਆਈਐੱਸਐੱਚਈ) 2021-22 ਮੁਤਾਬਕ ਦੇਸ਼ ਵਿੱਚ ਉੱਚ ਸਿੱਖਿਆ ਪੱਧਰ 'ਤੇ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (ਐੱਸਟੀਈਐੱਮ) ਵਿਸ਼ਿਆਂ ਵਿੱਚ ਕੁੱਲ ਨਾਮਾਂਕਣ ਵਿੱਚ ਮਹਿਲਾਵਾਂ ਦੀ ਹਿੱਸੇਦਾਰੀ 43% ਹੈ।

■ ਖੋਜ ਅਤੇ ਵਿਕਾਸ ਅੰਕੜੇ ਰਿਪੋਰਟ-2023 ਦੇ ਮੁਤਾਬਕ, ਦੇਸ਼ ਵਿੱਚ ਖੋਜ ਅਤੇ ਵਿਕਾਸ (ਆਰਐਂਡਡੀ) ਗਤੀਵਿਧੀਆਂ ਵਿੱਚ ਐੱਸਟੀਈਐੱਮ ਪੇਸ਼ੇਵਰਾਂ ਦੇ ਰੂਪ ਵਿੱਚ ਕੰਮ ਕਰ ਰਹੇ ਕੁਲ ਕਾਰਜਬਲ ਵਿੱਚ ਮਹਿਲਾਵਾਂ ਦੀ ਹਿੱਸੇਦਾਰੀ 18.6% ਹੈ।

■ ਭਾਰਤ ਦੇ ਆਦਿਤਯ-ਐੱਲ1 ਮਿਸ਼ਨ ਦੀ ਅਗਵਾਈ ਇੱਕ ਮਹਿਲਾ ਕਰ ਰਹੀ ਹੈ, ਵਿਗਿਆਨਕ ਅਤੇ ਉਦਯੋਗਿਕ ਖੋਜ ਪਰਿਸ਼ਦ (ਸੀਐੱਸਆਈਆਰ) ਅਤੇ ਇਸ ਦੀਆਂ ਛੇ ਲੈਬਾਂ ਦੀ ਅਗਵਾਈ ਮਹਿਲਾਵਾਂ ਕਰ ਰਹੀਆਂ ਹਨ ਅਤੇ ਚੰਦ੍ਰਯਾਨ-3 ਮਿਸ਼ਨ ਵਿੱਚ ਇੱਕ ਮਹਿਲਾ ਅਗਵਾਈ ਦੀ ਭੂਮਿਕਾ ਵਿੱਚ ਸੀ।

■ ਰਿਸਰਚ ਇਨੋਵੇਸ਼ਨ ਵਿੱਚ ਮਹਿਲਾ ਰਿਸਰਚਰ ਸਲਾਨਾ 5,000 ਤੋਂ ਵੱਧ ਪੇਟੈਂਟ ਫਾਈਲ ਕਰ ਰਹੀਆਂ ਹਨ। ਜਦਕਿ ਕੁਝ ਸਮੇਂ ਪਹਿਲਾਂ ਤੱਕ ਇਨ੍ਹਾਂ ਦੀ ਸੰਖਿਆ 100 ਤੋਂ ਵੀ ਘੱਟ ਸੀ।

**25%**

**25% ਸੈਮੀਕੰਡਕਟਰ ਵਰਕਫੋਰਸ ਵਿੱਚ ਮਹਿਲਾਵਾਂ ਦੀ ਭਾਗੀਦਾਰੀ**



"ਕਈ ਅਧਿਐਨਾਂ ਨੇ ਦਿਖਾਇਆ ਹੈ ਕਿ ਜਦੋਂ ਫੈਸਲਾ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਵਧਦੀ ਹੈ, ਤਾਂ ਇਹ ਪ੍ਰਣਾਲੀ ਨੂੰ ਵਧੇਰੇ ਸੰਵੇਦਨਸ਼ੀਲਤਾ ਪ੍ਰਦਾਨ ਕਰਦੀ ਹੈ ਅਤੇ ਇਹ ਬਹੁਤ ਵੱਡੀ ਤਾਕਤ ਹੁੰਦੀ ਹੈ, ਇਸ ਦਾ ਨਤੀਜਾ ਹੈ ਪਾਣੀ, ਸਿੱਖਿਆ, ਸਿਹਤ, ਪੋਸ਼ਣ, ਅਜਿਹੇ ਕਈ ਵਿਸ਼ਿਆਂ 'ਤੇ ਜ਼ਿਆਦਾ ਸਮਰਪਣ ਭਾਵ ਨਾਲ, ਜ਼ਿਆਦਾ ਸੰਵੇਦਨਸ਼ੀਲਤਾ ਨਾਲ,ਪ੍ਰਭਾਵਸ਼ਾਲੀ ਕੰਮ ਹੋਏ ਹਨ।"

**ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਬੇਟੀ ਨੂੰ ਇੱਕ ਬਰਾਬਰ ਮੰਨਦੇ ਹੋਏ ਬੇਟੀਆਂ ਦੇ ਵਿਆਹ ਦੀ ਉਮਰ ਨੂੰ ਵੀ 21 ਵਰ੍ਹੇ ਕਰਨ 'ਤੇ ਕੇਂਦਰ ਸਰਕਾਰ ਵਿਚਾਰ ਕਰ ਰਹੀ ਹੈ। ਅੱਜ ਦੇਸ਼ ਵਿੱਚ ਮਹਿਲਾਵਾਂ ਦੇ ਵਿਰੁੱਧ ਅਪਰਾਧ 'ਤੇ ਸਖ਼ਤ ਕਾਨੂੰਨ ਹਨ, ਬਲਾਤਕਾਰ ਜਿਹੇ ਘਿਨਾਉਣੇ ਮਾਮਲਿਆਂ ਵਿੱਚ ਫਾਂਸੀ ਦਾ ਵੀ ਪ੍ਰਾਵਧਾਨ ਕੀਤਾ ਗਿਆ ਹੈ। ਦੇਸ਼ ਭਰ ਵਿੱਚ ਵੱਡੀ ਸੰਖਿਆ ਵਿੱਚ ਫਾਸਟਟ੍ਰੈਕ ਕੋਰਟ ਬਣਾਈਆਂ ਜਾ ਰਹੀਆਂ ਹਨ ਅਤੇ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਉਣ ਦੇ ਲਈ ਵੀ ਵਿਵਸਥਾਵਾਂ ਨੂੰ ਸੁਧਾਰਿਆ ਜਾ ਰਿਹਾ ਹੈ। ਥਾਣਿਆਂ ਵਿੱਚ ਮਹਿਲਾ ਸਹਾਇਤਾ ਡੈਸਕ ਦੀ ਸੰਖਿਆ ਵਧਾਉਣਾ ਹੋਵੇ, ਚੌਵੀ ਘੰਟੇ ਉਪਲਬਧ ਰਹਿਣ ਵਾਲੀ ਹੈਲਪਲਾਈਨ ਹੋਵੇ, ਸਾਈਬਰ ਕ੍ਰਾਈਮ ਨਾਲ ਨਜਿੱਠਣ ਦੇ ਲਈ ਪੋਰਟਲ ਹੋਵੇ, ਅਜਿਹੇ ਕਈ ਯਤਨ ਮਹਿਲਾਵਾਂ ਦੀ ਸੁਰੱਖਿਆ ਦੇ ਕਵਚ ਬਣ ਰਹੇ ਹਨ। ਮੌਜੂਦਾ ਕੇਂਦਰ ਸਰਕਾਰ ਮਹਿਲਾਵਾਂ ਦੇ ਵਿਰੁੱਧ ਅਪਰਾਧ 'ਤੇ 'ਜ਼ੀਰੋ ਟੌਲਰੈਂਸ' ਦੀ ਨੀਤੀ ਨਾਲ ਕੰਮ ਕਰ ਰਹੀ ਹੈ।

ਸਿਰਫ਼ ਕਾਨੂੰਨੀ ਸੰਭਾਲ ਹੀ ਨਹੀਂ, ਮਹਿਲਾਵਾਂ ਦੇ ਆਤਮ-ਸਨਮਾਨ ਦੇ ਲਈ ਵੀ ਕੇਂਦਰ ਸਰਕਾਰ ਨੇ ਅਭਿਆਨ ਚਲਾ ਰੱਖਿਆ ਹੈ। ਕੇਂਦਰ ਸਰਕਾਰ ਦੀਆਂ ਜ਼ਿਆਦਾਤਰ ਯੋਜਨਾਵਾਂ ਦੇ ਜ਼ਰੀਏ ਪਰਿਵਾਰ ਦੀਆਂ ਮਹਿਲਾਵਾਂ ਨੂੰ ਹੀ ਕੇਂਦਰ ਵਿੱਚ ਰੱਖ ਕੇ ਦਸਤਾਵੇਜ਼ ਦਿੱਤੇ ਜਾਂਦੇ ਹਨ। ਇੰਨਾ ਹੀ ਨਹੀਂ, ਪਹਿਲਾਂ ਜੰਮੂ-ਕਸ਼ਮੀਰ ਵਿੱਚ ਗੈਰ ਕਸ਼ਮੀਰੀ ਨਾਲ ਵਿਆਹ ਕਰਨ 'ਤੇ ਮਹਿਲਾਵਾਂ ਅਤੇ ਉਸ ਦੇ ਬੱਚਿਆਂ ਨੂੰ ਜੱਦੀ ਜਾਇਦਾਦ ਦੇ ਹੱਕ ਤੋਂ ਵੰਚਿਤ ਕਰ ਦਿੱਤਾ ਜਾਂਦਾ ਸੀ। ਪਰ ਆਰਟੀਕਲ-370 ਅਤੇ 35ਏ ਨੂੰ ਰੱਦ ਕੀਤੇ ਜਾਣ ਤੋਂ ਬਾਅਦ ਇਸ ਖੇਤਰ ਦੀਆਂ ਮਹਿਲਾਵਾਂ ਨੂੰ ਉਨ੍ਹਾਂ ਦਾ ਹੱਕ ਮਿਲਿਆ ਹੈ। ਪ੍ਰਵਾਸੀ ਭਾਰਤੀਆਂ ਵੱਲੋਂ ਵਿਆਹ ਕਰਨ ਅਤੇ ਫਿਰ ਛੱਡ ਦੇਣ ਜਿਹੇ ਮਾਮਲਿਆਂ ਵਿੱਚ ਵੀ ਕਾਨੂੰਨ ਨੂੰ ਸਖ਼ਤ ਬਣਾਇਆ ਗਿਆ ਹੈ। ਸਮਾਜਿਕ ਪੱਧਰ 'ਤੇ ਵੀ ਤਿੰਨ ਤਲਾਕ ਜਿਹੀਆਂ ਜਿਨ੍ਹਾਂ ਬੁਰਾਈਆਂ ਕਾਰਨ ਮਹਿਲਾਵਾਂ 'ਤੇ ਅੱਤਿਆਚਾਰ ਹੁੰਦੇ ਸਨ, ਕਾਨੂੰਨ ਬਣਾ ਕੇ ਉਨ੍ਹਾਂ ਨੂੰ ਰੋਕਿਆ ਹੈ। ਕਰੋੜਾਂ ਮੁਸਲਿਮ ਮਹਿਲਾਵਾਂ ਨੂੰ ਅੱਜ ਤਿੰਨ ਤਲਾਕ ਦੀ ਅਣਮਨੁੱਖੀ



# ਉੱਚ ਸਿੱਖਿਆ ਤੱਕ ਨਾਰੀ ਸ਼ਕਤੀ ਦੀ ਪਹੁੰਚ

*ਸਿੱਖਿਆ ਤੱਕ ਨਾਰੀ ਸ਼ਕਤੀ ਦੀ ਪਹੁੰਚ ਆਲਮੀ ਤਰੱਕੀ ਨੂੰ ਪ੍ਰੇਰਿਤ ਕਰਦੀ ਹੈ। ਉਨ੍ਹਾਂ ਦੀ ਅਗਵਾਈ ਸਮਾਵੇਸ਼ਿਤਾ ਨੂੰ ਹੁਲਾਰਾ ਦਿੰਦੀ ਹੈ ਅਤੇ ਉਨ੍ਹਾਂ ਦੇ ਵਿਚਾਰ ਸਕਾਰਾਤਮਕ ਬਦਲਾਅ ਨੂੰ ਪ੍ਰੇਰਿਤ ਕਰਦੀ ਹੈ। ਇਸ ਲਈ ਬੀਤੇ 12 ਵਰ੍ਹਿਆਂ ਵਿੱਚ ਸਮੁੱਚੇ ਦ੍ਰਿਸ਼ਟੀਕੋਣ ਦੇ ਨਾਲ ਹੋਈ ਹੈ ਪਹਿਲ...*

ਉੱਚ ਸਿੱਖਿਆ ਵਿੱਚ ਮਹਿਲਾ ਸਕਲ ਨਾਮਾਂਕਣ ਅਨੁਪਾਤ (ਜੀਈਆਰ)

**22.9%** 2014-15

**30.2%** 2022-23



## ਪੀਐੱਚਡੀ. ਵਿੱਚ ਮਹਿਲਾ ਰਿਸਰਚਰ

**64,724**

ਮਹਿਲਾ ਰਿਸਰਚਰ ਦੀ ਸੰਖਿਆ ਵਧੀ, 2014 ਤੋਂ ਬਾਅਦ।

- ਨਾਮਾਂਕਣ ਵਿੱਚ 135.6% ਦਾ ਅਸਧਾਰਣ ਵਾਧਾ (2014-15 ਤੋਂ 2022-23 ਤੱਕ)

## ਏਆਈਸੀਟੀਈ

**35,998**

ਲੜਕੀਆਂ ਤੱਕ ਪਹੁੰਚੀ ਏਆਈਸੀਟੀਈ ਤਰੱਕੀ ਸਕੌਲਰਸ਼ਿਪ ਯੋਜਨਾ ਵਰ੍ਹੇ 2024-25 ਵਿੱਚ।

## ਪੋਸਟ ਗ੍ਰੈਜੂਏਟ ਅਧਿਐਨ ਲਈ ਨੈਸ਼ਨਲ ਸਕੌਲਰਸ਼ਿਪ

- ਕੇਂਦਰ ਸਰਕਾਰ ਵੱਲੋਂ ਯੋਜਨਾ ਦੀ ਸ਼ੁਰੂਆਤ 2023-24 ਵਿੱਚ ਕੀਤੀ ਗਈ।
- 30% ਸੀਟ ਲੜਕੀਆਂ ਦੇ ਲਈ ਰਿਜ਼ਰਵ।



## ਮਹਿਲਾਵਾਂ ਦੇ ਲਈ ਵਰਦਾਨ!

- 72 ਲੱਖ ਤੋਂ ਵੱਧ ਮਹਿਲਾਵਾਂ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਤੋਂ ਹੁਣ ਤੱਕ ਹੋਈਆਂ ਟ੍ਰੇਂਡ।

**45%** ਮਹਿਲਾਵਾਂ ਹਨ ਪੂਰੇ ਭਾਰਤ ਵਿੱਚ ਕੁੱਲ ਟ੍ਰੇਂਡ ਉਮੀਦਵਾਰਾਂ ਵਿੱਚ।

## ਵਿਗਿਆਨ ਜਯੋਤੀ ਯੋਜਨਾ

**300** ਜ਼ਿਲ੍ਹਿਆਂ ਵਿੱਚ 80,000 ਤੋਂ ਵੱਧ ਮੇਧਾਵੀ ਲੜਕੀਆਂ ਨੂੰ ਵਿਗਿਆਨ ਜਯੋਤੀ ਯੋਜਨਾ ਨਾਲ ਮਿਲਿਆ ਲਾਭ।

ਕੁਪ੍ਰਥਾ ਤੋਂ ਸੁਰੱਖਿਆ ਮਿਲੀ ਹੈ। ਇਸ ਕਾਨੂੰਨ ਦੇ ਲਾਗੂ ਹੋਣ ਨਾਲ ਕੁਝ ਹੀ ਵਰ੍ਹਿਆਂ ਵਿੱਚ ਤਿੰਨ ਤਲਾਕ ਦੇ ਮਾਮਲੇ ਵਿੱਚ 80-82 ਪ੍ਰਤੀਸ਼ਤ ਦੀ ਕਮੀ ਆਈ ਹੈ। ਭਾਰਤ ਦੀਆਂ ਮਹਿਲਾਵਾਂ ਅੱਜ ਸੁਤੰਤਰ ਹਨ, ਆਰਥਿਕ ਤੌਰ 'ਤੇ ਸਸ਼ਕਤ ਹਨ, ਦ੍ਰਿੜ੍ਹ ਸੰਕਲਪ ਨਾਲ ਲੈਸ ਹਨ, ਸੁਰੱਖਿਆ ਦਾ ਭਾਵ ਹੈ ਅਤੇ ਸਿਰਫ਼ ਸੁਪਨੇ ਦੇਖ ਨਹੀਂ ਰਹੀਆਂ, ਸਗੋਂ ਉਸ ਨੂੰ ਸਾਕਾਰ ਵੀ ਕਰ ਰਹੀਆਂ ਹਨ। ਉਸ ਦੀ ਵੱਡੀ ਵਜ੍ਹਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਦ੍ਰਿੜ੍ਹ ਨਿਸ਼ਚੈ ਸਰਕਾਰ ਦੇ ਯਤਨ ਹਨ। ਜਿਸ ਦੀ ਵਜ੍ਹਾ ਨਾਲ ਦਹਾਕਿਆਂ ਤੋਂ ਚਲੀ ਆ ਰਹੀ ਲੜਕੀ ਜਾਂ ਮਹਿਲਾ ਨੂੰ ਕਮਜ਼ੋਰ ਮੰਨਣ ਦੀ ਸੋਚ ਵਿੱਚ ਕ੍ਰਾਂਤੀਕਾਰੀ ਬਦਲਾਅ ਆਇਆ ਹੈ।

ਸਮੁੱਚੇ ਦ੍ਰਿਸ਼ਟੀਕੋਣ ਦੇ ਨਾਲ ਮਹਿਲਾ ਸ਼ਕਤੀ ਨੂੰ ਕੇਂਦਰੀ ਭੂਮਿਕਾ ਵਿੱਚ ਲਿਆਉਣ ਦੇ ਕੇਂਦਰ ਸਰਕਾਰ ਦੇ ਅਣਥੱਕ ਯਤਨਾਂ ਦਾ ਹੀ ਨਤੀਜਾ ਹੈ ਕਿ ਅੱਜ ਕਰਤਵਯ ਪੱਥ 'ਤੇ ਗਣਤੰਤਰ ਦਿਵਸ ਪਰੇਡ ਦੀ ਅਗਵਾਈ ਹੋਵੇ ਜਾਂ ਸਭ ਤੋਂ ਆਧੁਨਿਕ ਲੜਾਕੂ ਜਹਾਜ਼ ਰਾਫੇਲ ਉਡਾਉਣਾ ਜਾਂ ਮੋਰਚੇ 'ਤੇ ਦੁਸ਼ਮਣਾਂ ਨਾਲ ਮੁਕਾਬਲਾ ਕਰਨਾ ਜਾਂ ਖੇਡ ਜਗਤ ਦੇ ਖੇਤਰ ਵਿੱਚ ਦੇਸ਼ ਦਾ ਨਾਂ ਰੋਸ਼ਨ ਕਰਨਾ ਜਾਂ ਫਿਰ ਸਵੈ-ਰੁਜ਼ਗਾਰ ਦੇ ਮੌਕਿਆਂ ਦਾ ਲਾਭ ਉਠਾ ਕੇ ਬਰਾਬਰੀ ਦੇ ਨਾਲ ਦੇਸ਼ ਦੀ ਆਰਥਿਕ ਤਰੱਕੀ ਨੂੰ ਸੰਬਲ ਦੇਣਾ, ਮਹਿਲਾ ਸ਼ਕਤੀ ਪੁਰਸ਼ਾਂ ਦੇ ਨਾਲ ਸਿਰਫ਼ ਮੋਢੇ ਨਾਲ ਮੋਢਾ ਮਿਲ ਕੇ ਨਹੀਂ ਸਗੋਂ ਉਨ੍ਹਾਂ ਤੋਂ ਕਿਤੇ ਅੱਗੇ ਨਿਕਲ ਰਾਸ਼ਟਰ ਦਾ ਮਾਣ ਬਣ ਰਹੀਆਂ ਹਨ। ਮਹਿਲਾਵਾਂ ਨੇ ਆਪਣੀ ਅਦਭੁਤ ਸਮਰੱਥਾ ਨਾਲ ਇਹ ਸਾਬਤ ਕਰ ਦਿਖਾਇਆ ਹੈ ਕਿ ਜੇਕਰ ਉਨ੍ਹਾਂ ਨੂੰ ਬਰਾਬਰ ਮੌਕਾ ਮਿਲੇ ਤਾਂ ਸਿਰਫ਼ ਘਰ ਹੀ ਨਹੀਂ, ਇੱਕ ਸਮ੍ਰਿੱਧ, ਗੌਰਵਸ਼ਾਲੀ ਰਾਸ਼ਟਰ ਦਾ ਵੀ ਨਿਰਮਾਣ ਕਰ ਸਕਦੀਆਂ ਹਨ।

ਅੰਤਰਰਾਸ਼ਟਰੀ ਮੁਦ੍ਰਾ ਫੰਡ ਦੀ ਰਿਪੋਰਟ ਦੇ ਮੁਤਾਬਕ ਪੁਰਸ਼ਾਂ ਦੇ ਬਰਾਬਰ

# ਖੇਤੀਬਾੜੀ ਖੇਤਰ ਵਿੱਚ ਮਹਿਲਾ ਸ਼ਕਤੀ

*ਭਾਰਤ ਜਿਹੇ ਖੇਤੀਬਾੜੀ ਪ੍ਰਧਾਨ ਦੇਸ਼ ਵਿੱਚ ਗ੍ਰਾਮੀਣ ਅਰਥਵਿਵਸਥਾ ਦਾ ਵੱਡਾ ਹਿੱਸਾ ਮਹਿਲਾਵਾਂ ਦੇ ਕਿਰਤ, ਹੁਨਰ ਅਤੇ ਸਮਰਪਣ 'ਤੇ ਅਧਾਰਿਤ ਹੈ। ਖੇਤਾਂ ਵਿੱਚ ਬਿਜਾਈ, ਨਿਰਾਈ-ਗੁੜਾਈ, ਵਾਢੀ, ਪਸ਼ੂਪਾਲਣ, ਬੀਜ ਸੰਭਾਲ ਅਤੇ ਫੂਡ ਪ੍ਰੋਸੈੱਸਿੰਗ ਜਿਹੇ ਕਈ ਕਾਰਜਾਂ ਵਿੱਚ ਮਹਿਲਾਵਾਂ ਦੀ ਸਰਗਰਮ ਭੂਮਿਕਾ ਰਹਿੰਦੀ ਹੈ। ਇਸ ਲਈ ਤਕਨੀਕੀ ਟ੍ਰੇਨਿੰਗ ਨਾਲ ਮਹਿਲਾਵਾਂ ਦਾ ਵਿਸ਼ੇਸ਼ ਸਮੂਹ ਹੋ ਰਿਹਾ ਹੈ ਤਿਆਰ ਅਤੇ ਖੁੱਲ੍ਹ ਰਹੇ ਹਨ ਆਮਦਨ ਦੇ ਨਵੇਂ ਮੌਕੇ...*



## ਮੌਕੇ ਹੀ ਮੌਕੇ

- ਖੇਤ ਵਿੱਚ ਫਸਲ ਦਾ ਕੰਮ ਹੋਵੇ ਜਾਂ ਪਸ਼ੂ-ਪਾਲਣ, ਅੱਜ ਪਿੰਡ ਦੀਆਂ ਬੇਟੀਆਂ ਦੇ ਲਈ ਮੌਕਾ ਹੀ ਮੌਕਾ ਹੈ।
- ਪਿੰਡਾਂ ਵਿੱਚ ਨਮੋ ਡ੍ਰੋਨ ਦੀਦੀਆਂ ਖਾਦ ਅਤੇ ਕੀਟਨਾਸ਼ਕ ਦੇ ਛਿੜਕਾਅ ਦੇ ਆਧੁਨਿਕ ਤੌਰ ਤਰੀਕਿਆਂ ਦੀ ਅਗਵਾਈ ਕਰ ਰਹੀਆਂ ਹਨ।
- 70 ਹਜ਼ਾਰ ਖੇਤੀਬਾੜੀ ਸਖੀਆਂ ਕੁਦਰਤੀ ਖੇਤੀ ਦੇ ਸੰਦਰਭ ਵਿੱਚ ਕਿਸਾਨਾਂ ਨੂੰ ਟ੍ਰੇਨਿੰਗ ਦੇਣ ਦੇ ਲਈ ਤਿਆਰ ਹਨ।



**1,094**

1,094 ਡ੍ਰੋਨ ਮਹਿਲਾ ਸਵੈ ਸਹਾਇਤਾ ਸਮੂਹਾਂ ਨੂੰ ਵੰਡੇ ਗਏ, ਜਿਸ ਵਿੱਚ ਨਮੋ ਡ੍ਰੋਨ ਦੀਦੀ ਪਹਿਲ ਦੇ ਤਹਿਤ 500 ਡ੍ਰੋਨ ਵੰਡੇ ਗਏ।

## ਖੇਤੀਬਾੜੀ ਖੇਤਰ ਵਿੱਚ ਮਹਿਲਾ ਸ਼ਕਤੀ

**11.61** ਲੱਖ ਤੋਂ ਵੱਧ

ਮਹਿਲਾ ਕਿਸਾਨਾਂ ਨੂੰ ਫਰਵਰੀ 26 ਤੱਕ ਖੇਤੀਬਾੜੀ ਤਕਨਾਲੋਜੀ ਪ੍ਰਬੰਧਨ ਏਜੰਸੀ (ATMA) ਯੋਜਨਾ ਦੇ ਤਹਿਤ ਟ੍ਰੇਨਿੰਗ।

**2,377** ਕਰੋੜ ਰੁਪਏ

ਦਾ ਸਮਰਥਨ 8,190 ਮਹਿਲਾ-ਅਗਵਾਈ ਵਾਲੇ ਪ੍ਰੋਜੈਕਟਾਂ ਨੂੰ ਐਗਰੀਕਲਚਰ ਇਨਫ੍ਰਾਸਟ੍ਰਕਚਰ ਫੰਡ (ਏਆਈਐੱਫ) ਤੋਂ 28 ਫਰਵਰੀ 2025 ਤੱਕ ਮਿਲਿਆ।

### FPOs ਯੋਜਨਾ

- 10,000 **FPOs** ਯੋਜਨਾ ਦੇ ਤਹਿਤ (ਫਰਵਰੀ 2026 ਤੱਕ) ਹਰੇਕ **FPO** ਦੇ ਬੋਰਡ ਆਫ ਡਾਇਰੈਕਟਰਸ ਵਿੱਚ ਘੱਟ ਤੋਂ ਘੱਟ ਇੱਕ ਮਹਿਲਾ ਮੈਂਬਰ।
- 1,175 **FPOs** ਵਿੱਚ 100% ਮਹਿਲਾ ਸ਼ੇਅਰਧਾਰਕ ਅਤੇ 1,084 **FPOs** ਵਿੱਚ 50% ਤੋਂ 99% ਮਹਿਲਾ ਮੈਂਬਰ।

**1.01** ਲੱਖ ਕਰੋੜ

ਰੁਪਏ ਤੋਂ ਵੱਧ PM-KISAN ਯੋਜਨਾ ਦੀ ਸ਼ੁਰੂਆਤ ਤੋਂ ਹੁਣ ਤੱਕ ਮਹਿਲਾ ਲਾਭਾਰਥੀਆਂ ਨੂੰ ਵੰਡੇ ਗਏ ਹਨ।

**15,000** ਡ੍ਰੋਨ, ਮਹਿਲਾ ਸਵੈ ਸਹਾਇਤਾ ਸਮੂਹਾਂ ਨੂੰ ਕੁੱਲ 1,261 ਕਰੋੜ ਰੁਪਏ ਤੋਂ ਨਮੋ ਡ੍ਰੋਨ ਦੀਦੀ ਯੋਜਨਾ ਦੇ ਤਹਿਤ ਦਿੱਤੇ ਜਾਣ ਦਾ ਪ੍ਰਾਵਧਾਨ।

ਮਹਿਲਾਵਾਂ ਦੀ ਕਾਰਜਬਲ ਵਿੱਚ ਹਿੱਸੇਦਾਰੀ ਨਾਲ ਭਾਰਤ ਦੀ ਜੀਡੀਪੀ ਵਿੱਚ 27 ਪ੍ਰਤੀਸ਼ਤ ਦਾ ਵਾਧਾ ਹੋ ਸਕਦਾ ਹੈ। ਜੇਕਰ 50 ਪ੍ਰਤੀਸ਼ਤ ਕੁਸ਼ਲ ਮਹਿਲਾਵਾਂ ਕਾਰਜਬਲ ਵਿੱਚ ਸ਼ਾਮਲ ਹੁੰਦੀਆਂ ਹਨ ਤਾਂ ਵਿਕਾਸ ਦਰ 1.5 ਪ੍ਰਤੀਸ਼ਤ ਵਧ ਕੇ 9 ਪ੍ਰਤੀਸ਼ਤ ਪ੍ਰਤੀ ਵਰ੍ਹੇ ਹੋ ਸਕਦੀ ਹੈ। ਨਵੇਂ ਭਾਰਤ ਵਿੱਚ ਮਹਿਲਾਵਾਂ ਨੂੰ ਕਿਰਤ ਬਲ ਵਿੱਚ ਸ਼ਾਮਲ ਕੀਤੇ ਜਾਣ ਦੀ ਜ਼ਰੂਰਤ ਹੀ ਹੈ ਕਿ ਕੇਂਦਰ ਸਰਕਾਰ ਲਗਾਤਾਰ ਮਹਿਲਾਵਾਂ ਨੂੰ ਸਮਾਨਤਾ ਦੇ ਮੌਕੇ ਅਤੇ ਸੁਰੱਖਿਅਤ ਵਾਤਾਵਰਣ ਦੇਣ ਦੇ ਲਈ ਨਵੇਂ ਸੰਕਲਪਾਂ ਦੇ ਨਾਲ ਰੋਜ਼ ਨਵੀਆਂ-ਨਵੀਆਂ ਪਹਿਲਕਦਮੀਆਂ ਕਰ ਰਹੀ ਹੈ। ਕਿਸੇ ਵੀ ਸੰਕਲਪ ਦੇ ਨਾਲ ਸਾਧਨਾ ਜੁੜ ਜਾਂਦੀ ਹੈ ਅਤੇ ਮਨੁੱਖੀ ਮਾਤਰ ਦੇ ਨਾਲ ਮਮਭਾਵ ਜੁੜ ਜਾਂਦਾ ਹੈ ਤਾਂ ਇੱਕ ਨਵੇਂ ਕਾਲਖੰਡ ਦਾ ਜਨਮ ਹੁੰਦਾ ਹੈ, ਨਵਾਂ ਸਵੇਰਾ ਹੁੰਦਾ ਹੈ। 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਅਤੇ ਸਬਕਾ ਪ੍ਰਯਾਸ' ਇਹੀ ਅੰਮ੍ਰਿਤਭਾਵ ਅੱਜ ਅੰਮ੍ਰਿਤ ਕਾਲ ਵਿੱਚ ਨਵੇਂ ਭਾਰਤ ਦੇ ਲਈ ਉਮੜ ਰਿਹਾ ਹੈ।

ਇਹੀ ਕਾਰਨ ਹੈ ਕਿ ਅੱਜ ਭਾਰਤ ਵਿੱਚ ਲਗਭਗ ਇੱਕ-ਚੌਥਾਈ ਮਹਿਲਾ ਪੁਲਾੜ ਵਿਗਿਆਨੀਆਂ ਹਨ। ਚੰਦ੍ਰਯਾਨ, ਗਗਨਯਾਨ ਅਤੇ ਮਿਸ਼ਨ ਮੰਗਲ ਜਿਹੇ ਪ੍ਰਮੁੱਖ ਪ੍ਰੋਗਰਾਮਾਂ ਦੀ ਸਫਲਤਾ ਦੇ ਪਿੱਛੇ ਮਹਿਲਾ ਵਿਗਿਆਨੀਆਂ ਦੀ ਪ੍ਰਤਿਭਾ ਅਤੇ ਸਖ਼ਤ ਮਿਹਨਤ ਹੈ। ਨਾਗਰਿਕ ਹਵਾਬਾਜ਼ੀ ਖੇਤਰ ਵਿੱਚ ਮਹਿਲਾ ਪਾਇਲਟਾਂ ਦੇ ਮਾਮਲੇ ਵਿੱਚ ਭਾਰਤ ਉੱਚਤਮ ਪ੍ਰਤੀਸ਼ਤ ਵਾਲੇ ਦੇਸ਼ ਵਿੱਚ ਸ਼ਾਮਲ ਹਨ। ਨਾਲ ਹੀ, ਭਾਰਤੀ ਹਵਾਈ ਸੈਨਾ ਵਿੱਚ ਮਹਿਲਾ ਪਾਇਲਟ ਹੁਣ ਲੜਾਕੂ ਜਹਾਜ਼ ਉਡਾ ਰਹੀਆਂ ਹਨ। ਸਾਰੇ ਹਥਿਆਰਬੰਦ ਬਲਾਂ ਵਿੱਚ ਮਹਿਲਾ ਅਧਿਕਾਰੀਆਂ ਨੂੰ ਆਪ੍ਰੇਸ਼ਨਲ ਭੂਮਿਕਾਵਾਂ ਅਤੇ ਲੜਾਕੂ ਮੋਰਚਿਆਂ 'ਤੇ ਤੈਨਾਤ ਕੀਤਾ ਜਾ ਰਿਹਾ ਹੈ।

ਪਿਛਲੇ 10 ਵਰ੍ਹਿਆਂ ਵਿੱਚ ਭਾਰਤੀ ਸੈਨਾਵਾਂ ਵਿੱਚ ਮਹਿਲਾ ਅਧਿਕਾਰੀਆਂ ਦੀ ਗਿਣਤੀ ਲਗਭਗ 4 ਗੁਣਾ ਵਧ ਕੇ 3,000 ਤੋਂ 11,000 ਤੋਂ ਵੱਧ ਹੋ ਗਈ

# ਖੇਡ ਜਗਤ ਵਿੱਚ ਉਤਕ੍ਰਿਸ਼ਟ ਪ੍ਰਦਰਸਨ

*ਭਾਰਤ ਦੀਆਂ ਬੇਟੀਆਂ ਨੇ ਜਦੋਂ ਮਹਿਲਾ ਕ੍ਰਿਕਟ ਦੇ ਇਤਿਹਾਸ ਵਿੱਚ ਪਹਿਲੀ ਵਾਰ ਵਿਸ਼ਵ ਕੱਪ ਆਪਣੇ ਨਾਂ ਕੀਤਾ ਤਾਂ ਇਨ੍ਹਾਂ ਜੁਝਾਰੂ ਬੇਟੀਆਂ ਦਾ ਮੂੰਹ ਮਿੱਠਾ ਕਰਵਾਇਆ ਪ੍ਰਧਾਨ ਮੰਤਰੀ ਮੋਦੀ ਨੇ। ਇਹ ਗਵਾਹ ਹੈ ਕਿ ਨਵਾਂ ਭਾਰਤ ਨਾਰੀ ਸ਼ਕਤੀ ਨੂੰ ਸਾਰੇ ਖੇਤਰਾਂ ਵਿੱਚ ਅਗਵਾਈ ਦੇ ਰਿਹਾ ਹੈ ਅਤੇ ਭਾਰਤ ਦੀਆਂ ਮਹਿਲਾ ਐਥਲੀਟ ਦੇਸ਼ ਦੇ ਖੇਡ ਇਤਿਹਾਸ ਵਿੱਚ ਲਿਖ ਰਹੀਆਂ ਹਨ ਇੱਕ ਨਵਾਂ ਅਧਿਆਏ...*



### ਓਲੰਪਿਕ ਵਿੱਚ ਮਹਿਲਾ ਐਥਲੀਟਾਂ ਦਾ ਪ੍ਰਦਰਸ਼ਨ




- ਭਾਗੀਦਾਰਾਂ ਦੀ ਗਿਣਤੀ 2008 ਵਿੱਚ 25 ਸੀ, ਜੋ 2012 ਵਿੱਚ 23 ਰਹਿ ਗਈ ਸੀ।
- 2024 ਦੇ ਪੈਰਿਸ ਓਲੰਪਿਕ ਵਿੱਚ 47 ਮਹਿਲਾਵਾਂ ਨੇ ਲਈ ਹਿੱਸੇਦਾਰੀ।

### ਖੇਲੋ ਇੰਡੀਆ



**9.5** ਕਰੋੜ ਰੁਪਏ 'ਖੇਲੋ ਇੰਡੀਆ-ਸਪੋਰਟਸ ਫਾਰ ਵਿਮੇਨ' ਯੋਜਨਾ ਦੇ ਤਹਿਤ ਹੁਣ ਤੱਕ ਜਾਰੀ ਕੀਤੇ।

- ਯੋਜਨਾ ਦੇ ਤਹਿਤ 21 ਖੇਡਾਂ ਵਿੱਚ 575 ਮੁਕਾਬਲੇ ਆਯੋਜਿਤ ਕੀਤੇ ਗਏ।
- 60,000 ਤੋਂ ਵੱਧ ਮਹਿਲਾ ਐਥਲੀਟਾਂ ਨੇ ਫਰਵਰੀ 2024 ਤੱਕ ਹਿੱਸਾ ਲਿਆ।

**ਆਈਸੀਸੀ ਮਹਿਲਾ ਕ੍ਰਿਕੇਟ ਵਿਸ਼ਵ ਕੱਪ 2025 ਜਿੱਤ ਕੇ ਭਾਰਤੀ ਟੀਮ ਨੇ ਇਤਿਹਾਸ ਰਚ ਦਿੱਤਾ।**

### ਮਹਿਲਾ ਖਿਡਾਰੀਆਂ ਨੇ ਦਿਵਾਏ ਮੈਡਲ

**23** ਮੈਡਲ ਮਹਿਲਾ ਖਿਡਾਰੀਆਂ ਨੇ ਦਿਵਾਏ, ਵਰ੍ਹੇ 2022 ਦੀਆਂ ਕੌਮਨ ਵੈਲਥ ਗੇਮਸ ਵਿੱਚ ਭਾਰਤ ਦੇ ਕੁੱਲ 61 ਮੈਡਲਾਂ ਵਿੱਚੋਂ।

- ਏਸ਼ਿਆਈ ਪੈਰਾ ਖੇਡਾਂ ਵਿੱਚ 111 ਵਿੱਚੋਂ 40 ਮੈਡਲ ਖਿਡਾਰੀਆਂ ਨੇ ਜਿੱਤ ਕੇ ਰਚਿਆ ਇਤਿਹਾਸ।
- ਪੈਰਿਸ 2024 ਓਲੰਪਿਕ ਵਿੱਚ 6 ਵਿੱਚੋਂ ਦੋ ਮੈਡਲ ਅਤੇ ਪੈਰਾਲੰਪਿਕ ਵਿੱਚ 29 ਵਿੱਚੋਂ 11 ਮੈਡਲ ਜਿੱਤ ਕੇ ਚਮਕ ਵਿਖੇਰੀ।

### ਰਚਿਆ ਇਤਿਹਾਸ

- ਅਵਨੀ ਲੇਖਰਾ 2024 ਦੇ ਪੈਰਾਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਦੋ ਗੋਲਡ ਮੈਡਲ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ।
- ਵਰ੍ਹੇ 2025 ਵਿੱਚ ਭਾਰਤੀ ਨੇਤਰਹੀਣ ਮਹਿਲ ਕ੍ਰਿਕੇਟ ਟੀਮ ਨੇ ਪਹਿਲਾ ਨੇਤਰਹੀਣ ਮਹਿਲਾ ਟੀ20 ਵਰਲਡ ਕੱਪ ਜਿੱਤ ਕੇ ਇਤਿਹਾਸ ਰਚਿਆ।
- ਟੋਕਿਓ ਓਲੰਪਿਕ-2020 ਵਿੱਚ ਸ਼ਟਲਰ ਪੀਵੀ ਸਿੰਧੂ ਨੇ ਇਤਿਹਾਸ ਰਚਿਆ। ਬੈਡਮਿੰਟਨ ਇਤਿਹਾਸ ਵਿੱਚ ਭਾਰਤ ਦੇ ਲਈ ਦੋ ਮੈਡਲ ਜਿੱਤਣ ਵਾਲੀ ਪਹਿਲੀ ਸ਼ਟਲਰ ਬਣੀ, ਨਾਲ ਹੀ ਇੰਡੀਵਿਜੁਅਲ ਗੇਮ ਵਿੱਚ ਅਜਿਹਾ ਕਰਨ ਵਾਲੀ ਪਹਿਲੀ ਮਹਿਲਾ ਐਥਲੀਟ ਵੀ ਬਣੀ।
- ਪੈਰਿਸ ਓਲੰਪਿਕ 2024 ਵਿੱਚ ਦੋ ਕਾਂਸੀ ਦੇ ਮੈਡਲ ਜਿੱਤ ਕੇ ਇਤਿਹਾਸ ਰਚਣ ਵਾਲੀ ਮਨੁ ਭਾਕਰ ਭਾਰਤ ਦੀ ਪਹਿਲੀ ਮਹਿਲਾ ਨਿਸ਼ਾਨੇਬਾਜ਼ ਬਣੀ।

ਹੈ। ਅੱਜ ਮਹਿਲਾਵਾਂ ਫਾਈਟਰ ਪਾਇਲਟ, ਲੈਫਟੀਨੈਂਟ ਜਨਰਲ ਅਤੇ ਯੂਨਿਟ ਕਮਾਂਡਰ ਜਿਹੇ ਮਹੱਤਵਪੂਰਨ ਅਗਵਾਈ ਵਾਲੇ ਅਹੁਦਿਆਂ 'ਤੇ ਦੇਸ਼ ਦੀ ਸੇਵਾ ਕਰ ਰਹੀਆਂ ਹਨ। ਸੈਨਿਕ ਸਕੂਲਾਂ ਅਤੇ ਨੈਸ਼ਨਲ ਡਿਫੈਂਸ ਅਕੈਡਮੀ (NDA) ਦੇ ਦੁਆਰ ਲੜਕੀਆਂ ਦੇ ਲਈ ਖੁੱਲ੍ਹੇ, ਤਾਂ ਇਸ ਨਾਲ ਬਦਲਾਅ ਦੀ ਇੱਕ ਲਹਿਰ ਚੱਲੀ ਅਤੇ ਕਈ ਲੜਕੀਆਂ ਨੂੰ ਰੱਖਿਆ ਖੇਤਰ ਵਿੱਚ ਆਉਣ ਦਾ ਮੌਕਾ ਮਿਲਿਆ ਹੈ।

**...ਜਦੋਂ ਨਾਰੀ ਸਸ਼ਕਤੀਕਰਣ ਬਣਿਆ ਸੰਕਲਪ**

ਨਾਰੀ ਸ਼ਕਤੀ ਵੰਦਨ ਅਧਿਨਿਯਮ ਭਾਰਤ ਦੇ ਵਿਕਾਸ ਵਿੱਚ ਨਾਰੀ ਸ਼ਕਤੀ ਦੀ ਭੂਮਿਕਾ ਨੂੰ ਨਿਰਧਾਰਿਤ ਕਰੇਗਾ। ਵਰ੍ਹੇ 2047 ਤੱਕ ਦੇ ਅੰਮ੍ਰਿਤ ਕਾਲ ਵਿੱਚ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਮੀਲ ਪੱਥਰ ਸਿੱਧ ਹੋਵੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਾਰੀ ਦੀ ਅਗਵਾਈ ਵਿੱਚ ਵਿਕਾਸ ਦੀ ਗੱਲ ਸਮੁੱਚੇ ਵਿਸ਼ਵ ਦੇ ਸਾਹਮਣੇ ਰੱਖੀ।

ਜੀ-20 ਦੀ ਪ੍ਰਧਾਨਗੀ ਕਰਦੇ ਹੋਏ ਭਾਰਤ ਨੇ ਦੁਨੀਆ ਨੂੰ ਇਹ ਅਹਿਸਾਸ ਕਰਵਾਇਆ ਕਿ ਮਾਤ੍ਰਿ ਸ਼ਕਤੀ, ਬੇਟੀਆਂ ਨਾ ਸਿਰਫ਼ ਨੀਤੀਆਂ ਵਿੱਚ ਸ਼ਮੂਲੀਅਤ ਕਰ ਸਕਦੀਆਂ ਹਨ, ਸਗੋਂ ਨੀਤੀ-ਨਿਰਧਾਰਣ ਵਿੱਚ ਆਪਣੇ ਅਹੁਦੇ ਨੂੰ ਵੀ ਸੁਰੱਖਿਅਤ ਰੱਖਣ ਵਿੱਚ ਸਮਰੱਥ ਹਨ। ਇਸ ਦੀ ਵਜ੍ਹਾ ਹੈ ਕਿ ਮੌਜੂਦਾ ਕੇਂਦਰ ਸਰਕਾਰ ਦੇ ਲਈ ਮਹਿਲਾ ਸਸ਼ਕਤੀਕਰਣ ਰਾਜਨੀਤਿਕ ਮੁੱਦਾ ਨਹੀਂ, ਸਗੋਂ ਇੱਕ ਸੰਕਲਪ ਹੈ। ਇਸ ਦੀ ਇੱਕ ਉਦਾਹਰਣ ਇਹ ਵੀ ਹੈ ਕਿ ਪ੍ਰਧਾਨ ਮੰਤਰੀ ਮੋਦੀ ਜਦੋਂ ਗੁਜਰਾਤ ਦੇ ਮੁੱਖ ਮੰਤਰੀ ਸਨ, ਤਦ ਉਨ੍ਹਾਂ ਨੇ ਤਨਖਾਹ ਦੇ ਰੂਪ ਵਿੱਚ ਮਿਲੀ ਸਾਰੀ ਰਾਸ਼ੀ ਨੂੰ ਗੁਜਰਾਤ ਸਕੱਤਰੇਤ ਦੇ ਕਰਮਚਾਰੀਆਂ ਦੇ ਬੱਚਿਆਂ ਦੀ ਪੜ੍ਹਾਈ ਦੇ ਲਈ ਦੇ ਦਿੱਤੀ ਸੀ। ਇੰਨਾ ਹੀ ਨਹੀਂ, ਉਨ੍ਹਾਂ ਨੂੰ ਜਿੰਨੀ ਭੇਂਟ ਮਿਲੀ ਸੀ, ਉਸ ਦੀ ਨਿਲਾਮੀ ਤੋਂ ਮਿਲਣ ਵਾਲੀ

ਵੁਮਨੀਆ ਪਹਿਲ...

## ਮਹਿਲਾ ਉੱਦਮੀਆਂ ਦੀ ਬਜ਼ਾਰ ਤੱਕ ਅਸਾਨ ਪਹੁੰਚ

- ਵੁਮਨੀਆ ਇੱਕ ਸਮਾਵੇਸ਼ ਕੇਂਦ੍ਰਿਤ ਪਹਿਲ ਹੈ। ਮਹਿਲਾ-ਅਗਵਾਈ ਵਾਲੇ ਸੂਖਮ ਅਤੇ ਲਘੂ ਉੱਦਮਾਂ (ਐੱਮਐੱਸਈ) ਨੂੰ ਉੱਦਮ ਵੈਰੀਫਿਕੇਸ਼ਨ ਅਤੇ ਜ਼ਰੂਰੀ ਦਸਤਾਵੇਜ਼ਾਂ ਰਾਹੀਂ ਇੱਕ ਡਿਜੀਟਲ ਪ੍ਰਕਿਰਿਆ ਦੇ ਜ਼ਰੀਏ ਪਲੈਟਫਾਰਮ 'ਤੇ ਜੋੜਿਆ ਜਾਂਦਾ ਹੈ।
- ਇਹ ਮਹਿਲਾ ਉੱਦਮੀਆਂ ਅਤੇ ਸਵੈ ਸਹਾਇਤਾ ਸਮੂਹਾਂ ਨੂੰ ਜੈੱਮ ਪੋਰਟਲ ਰਾਹੀਂ ਆਪਣੇ ਉਤਪਾਦਾਂ ਨੂੰ ਸਿੱਧਾ ਸਰਕਾਰੀ ਖਰੀਦਦਾਰਾਂ ਨੂੰ ਵੇਚਣ ਵਿੱਚ ਸਮਰੱਥ ਬਣਾਉਂਦੀ ਹੈ।
- ਇਸ ਪਹਿਲ ਦੇ ਤਹਿਤ ਹੈਂਡੀਕ੍ਰਾਫਟ, ਹੈਂਡਲੂਮ, ਜੂਟ, ਨਾਰੀਅਲ ਰੇਸ਼ਾ, ਘਰਾਂ ਅਤੇ ਦਫਤਰਾਂ ਵਿੱਚ ਸਾਜ-ਸੱਜਾ ਜਿਹੀ ਨਿਰਧਾਰਤ ਸ਼੍ਰੇਣੀ ਦੇ ਉਤਪਾਦ ਸ਼ਾਮਲ ਕੀਤੇ ਗਏ ਹਨ।
- ਇਹ ਪਹਿਲ ਮਹਿਲਾ ਉੱਦਮੀਆਂ ਨੂੰ ਬਜ਼ਾਰ ਵਿੱਚ ਬਿਹਤਰ ਪਹਿਚਾਣ ਪ੍ਰਦਾਨ ਕਰਕੇ, ਖਰੀਦਾਰ ਅਤੇ ਵਿਕ੍ਰੇਤਾ ਦਰਮਿਆਨ ਪਾਰਦਰਸ਼ੀ ਸੰਵਾਦ ਯਕੀਨੀ ਬਣਾਉਂਦੀ ਹੈ ਜਿਸ ਨਾਲ ਵਿਚੌਲਿਆਂ 'ਤੇ ਨਿਰਭਰਤਾ ਘੱਟ ਹੁੰਦੀ ਹੈ।
- ਵਿੱਤ ਵਰ੍ਹੇ 2025-26 ਵਿੱਚ ਜੈੱਮ ਪੋਰਟਲ 'ਤੇ 2.1 ਲੱਖ ਤੋਂ ਵੱਧ ਮਹਿਲਾ ਸੂਖਮ ਉੱਦਮੀ ਰਜਿਸਟਰਡ ਹੋਏ, ਜਿਨ੍ਹਾਂ ਨੂੰ 13.7 ਲੱਖ ਆਰਡਰ ਪ੍ਰਾਪਤ ਹੋਏ।



ਰਾਸ਼ੀ ਵੀ ਬੱਚਿਆਂ ਦੀ ਪੜ੍ਹਾਈ ਦੇ ਲਈ ਦਾਨ ਦਿੱਤੀ ਸੀ। ਕਲਪਨਾ ਕਰੋ ਕਿ ਤੁਸੀਂ 140 ਕਰੋੜ ਦੇਸ਼ਵਾਸੀਆਂ ਦੇ ਚੁਣੇ ਨੇਤਾ ਹੋ, ਜਿਨ੍ਹਾਂ ਦੇ ਸੋਸ਼ਲ ਮੀਡੀਆ 'ਤੇ ਵੱਡੇ ਪ੍ਰਸ਼ੰਸਕ ਸਮੂਹ ਹਨ ਅਤੇ ਪੀਐੱਮ ਮੋਦੀ ਨੇ ਆਪਣਾ ਸੋਸ਼ਲ ਮੀਡੀਆ ਅਕਾਉਂਟ ਪੂਰੀ ਤਰ੍ਹਾਂ ਨਾਲ 7 ਮਹਿਲਾਵਾਂ ਨੂੰ ਪੂਰੇ ਦਿਨ ਦੇ ਲਈ ਸੌਂਪ ਦਿੱਤਾ ਸੀ। ਕਿਹੋ ਜਿਹਾ ਮਹਿਸੂਸ ਹੋਵੇਗਾ ਤੁਹਾਨੂੰ। ਜੀ ਹਾਂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2019 ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ 'ਤੇ ਆਪਣਾ ਟਵਿਟਰ ਅਕਾਉਂਟ 7 ਮਹਿਲਾਵਾਂ ਨੂੰ ਸੌਂਪ ਦਿੱਤਾ ਸੀ। ਵਰ੍ਹੇ 2025 ਵਿੱਚ ਵੀ ਇਸ ਮੌਕੇ 'ਤੇ ਉਨ੍ਹਾਂ ਨੇ ਆਪਣਾ ਸੋਸ਼ਲ ਮੀਡੀਆ ਅਕਾਉਂਟ ਨਾਰੀ ਸ਼ਕਤੀ ਨੂੰ ਸੌਂਪਿਆ ਸੀ। ਕਥਨੀ ਅਤੇ ਕਰਨੀ ਵਿੱਚ ਬਰਾਬਰੀ ਦੀ ਇਹ ਅਦਭੁਤ ਉਦਾਹਰਣ ਹੀ ਦਰਅਸਲ ਨਵੇਂ ਭਾਰਤ ਦੇ ਕੇਂਦਰ ਵਿੱਚ ਨਾਰੀ ਸ਼ਕਤੀ ਨੂੰ ਬਰਾਬਰ ਅਧਿਕਾਰ ਅਤੇ ਮੌਕਾ ਦੇ ਰਹੀ ਹੈ। ਯਕੀਨੀ ਤੌਰ 'ਤੇ ਦੇਸ਼ ਦੀ ਨਾਰੀ ਸ਼ਕਤੀ ਦਾ ਸਸ਼ਕਤੀਕਰਣ ਅੱਜ ਰਾਸ਼ਟਰ ਦੀ ਸਰਵਉੱਚ ਪ੍ਰਾਥਮਿਕਤਾ ਹੈ। ਇਸ ਲਈ ਅੱਜ ਭਾਰਤ ਵਿੱਚ ਨਾਰੀ ਸ਼ਕਤੀ ਦਾ ਲੋਹਾ ਹਰ ਕੋਈ ਮੰਨਣ ਲਗਿਆ ਹੈ। ਵਧਦੀ ਅਰਥਵਿਵਸਥਾ ਦੀ ਲਾਭਾਰਥੀ ਨਾਰੀ ਹੈ ਅਤੇ ਉਸ ਨੂੰ ਗਤੀ ਦੇਣ ਵਿੱਚ ਵੀ ਨਾਰੀ ਦਾ ਬਹੁਤ ਵੱਡਾ ਯੋਗਦਾਨ ਹੈ। ਸਟਾਰਟਅੱਪ ਤੋਂ ਲੈ ਕੇ ਸਪੇਸ ਸੈਕਟਰ ਤੱਕ ਬੇਟੀਆਂ ਛਾਈਆਂ ਹੋਈਆਂ ਹਨ। ਖੇਡ ਦੇ ਮੈਦਾਨ ਵਿੱਚ ਛਾਈਆਂ ਹੋਈਆਂ ਹਨ, ਫੌਜ ਵਿੱਚ ਚਮਕ ਰਹੀਆਂ ਹਨ, ਅੱਜ ਮਾਣ ਦੇ ਨਾਲ ਨਾਰੀ ਮੋਢੇ ਨਾਲ ਮੋਢਾ ਮਿਲਾ ਕੇ ਦੇਸ਼ ਦੀ ਵਿਕਾਸ ਯਾਤਰਾ ਵਿੱਚ ਭਾਗੀਦਾਰ ਬਣ ਰਹੀਆਂ ਹਨ। ਭਾਰਤ ਨੂੰ 2047 ਤੱਕ ਵਿਕਸਿਤ ਰਾਸ਼ਟਰ ਬਣਾਉਣ ਦੇ ਲਈ ਜ਼ਰੂਰੀ ਹੈ ਕਿ ਦੇਸ਼ ਤੇਜ਼ੀ ਨਾਲ ਤਰੱਕੀ ਕਰੇ ਅਤੇ ਨਾਗਰਿਕਾਂ ਦੀ ਪੂਰੀ ਸਮਰੱਥਾ ਦਾ ਰਾਸ਼ਟਰ ਹਿਤ ਵਿੱਚ ਉਪਯੋਗ ਹੋਵੇ। ਇਸ ਦੇ ਲਈ ਜ਼ਰੂਰੀ ਹੈ ਕਿ ਬੇਟੀਆਂ ਨੂੰ ਨਾ ਸਿਰਫ਼ ਉੱਚੇ ਸੁਪਨੇ ਦੇਖਣ ਦੇ ਲਈ ਪ੍ਰੇਰਿਤ ਕਰੋ, ਸਗੋਂ ਉਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਉਨ੍ਹਾਂ ਦਾ ਹਰ ਕਦਮ 'ਤੇ ਸਹਿਯੋਗ ਵੀ ਕਰੋ। ਡਰ ਅਤੇ ਭੇਦਭਾਵ ਮੁਕਤ ਵਾਤਾਵਰਣ ਵਿੱਚ ਮਹਿਲਾਵਾਂ ਰਾਸ਼ਟਰ ਨਿਰਮਾਣ ਵਿੱਚ ਆਪਣਾ ਸਰਵਸ਼੍ਰੇਸ਼ਠ ਯੋਗਦਾਨ ਦੇ ਸਕਦੀਆਂ ਹਨ। ਅੰਮ੍ਰਿਤ ਕਾਲ ਵਿੱਚ ਨਵੇਂ ਸੰਸਦ ਭਵਨ ਵਿੱਚ ਪਹਿਲਾ ਬਿਲ ਨਾਰੀ ਸ਼ਕਤੀ ਦੇ ਵੰਦਨ ਦਾ ਅਤੇ ਇਸੇ ਸੰਸਦ ਤੋਂ ਉਸ ਨੂੰ ਜ਼ਮੀਨ 'ਤੇ ਉਤਾਰਣ ਦੀ ਸਰਕਾਰ ਨੇ ਫਿਰ ਇਤਿਹਾਸਿਕ ਪਹਿਲ ਕਰਕੇ ਵਚਨਬੱਧਤਾ ਦਿਖਾਈ। ਭਾਰਤ ਦੇ ਪ੍ਰਧਾਨ ਸੇਵਕ, ਸੱਚੇ ਕਰਮਯੋਗੀ, ਸਾਧਕ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਲੋਕਤੰਤਰ ਦੀ ਯਾਤਰਾ ਵਿੱਚ ਨਵਾਂ ਇਤਿਹਾਸ ਰਚਣ ਨੂੰ ਪ੍ਰਤੀਬੱਧ ਹੈ ਕਿਉਂਕਿ ਭਾਰਤ ਦੇ ਗ੍ਰੰਥ, ਭਾਰਤ ਦਾ ਸੱਭਿਆਚਾਰ ਕਹਿੰਦਾ ਹੈ..

"यत्र नार्यस्तु पूज्यन्ते रमन्ते तत्र देवताः
यत्रैतास्तु न पूज्यन्ते सर्वास्तत्राफलाः क्रियाः



# ਮਹਿਲਾ ਰਾਖਵਾਂਕਰਨ

## ਤੁਹਾਡੇ ਹਰ ਸਵਾਲ ਦਾ ਜਵਾਬ

**Q 16 ਅਪ੍ਰੈਲ 2026 ਨੂੰ ਕੇਂਦਰ ਸਰਕਾਰ ਨੇ ਲੋਕ ਸਭਾ ਵਿੱਚ ਕਿਹੜੇ-ਕਿਹੜੇ ਬਿਲ ਪੇਸ਼ ਕੀਤੇ?**

A 16 ਅਪ੍ਰੈਲ 2026 ਨੂੰ ਕੇਂਦਰ ਸਰਕਾਰ ਨੇ ਲੋਕ ਸਭਾ ਵਿੱਚ ਤਿੰਨ ਪ੍ਰਮੁੱਖ ਬਿਲ ਪੇਸ਼ ਕੀਤੇ:

- ਸੰਵਿਧਾਨ (ਇੱਕ ਸੌ ਇਕੱਤੀਵਾਂ ਸੰਸ਼ੋਧਨ) ਬਿਲ, 2026
- ਹੱਦਬੰਦੀ ਬਿਲ, 2026
- ਕੇਂਦਰ ਸ਼ਾਸਿਤ ਪ੍ਰਦੇਸ਼ ਕਾਨੂੰਨ (ਸੋਧ) ਬਿਲ, 2026

**Q ਕੇਂਦਰ ਸਰਕਾਰ ਵੱਲੋਂ ਇਹ ਤਿੰਨੋਂ ਬਿਲ ਮੌਜੂਦਾ ਸਮੇਂ ਵਿੱਚ ਕਿਉਂ ਲਿਆਂਦੇ ਗਏ?**

A ਨਾਰੀ ਸ਼ਕਤੀ ਵੰਦਨ ਅਧਿਨਿਯਮ ਵਿੱਚ ਕਿਹਾ ਗਿਆ ਹੈ ਕਿ 2026 ਤੋਂ ਬਾਅਦ ਹੋਣ ਵਾਲੀ ਜਨਗਣਨਾ ਤੋਂ ਬਾਅਦ ਕੀਤੀ ਗਈ ਹੱਦਬੰਦੀ ਪ੍ਰਕਿਰਿਆ ਦੇ ਆਧਾਰ 'ਤੇ ਮਹਿਲਾਵਾਂ ਲਈ ਰਾਖਵਾਂਕਰਨ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਜੇਕਰ ਕੇਂਦਰ ਸਰਕਾਰ 2026 ਦੀ ਜਨਗਣਨਾ - ਅਤੇ ਇਸ ਦੇ ਅਧਾਰ 'ਤੇ ਕੀਤੀ ਗਈ ਹੱਦਬੰਦੀ - ਦੀ ਉਡੀਕ ਕਰਦੀ ਤਾਂ 2029 ਦੀਆਂ ਆਮ ਚੋਣਾਂ ਵਿੱਚ ਵੀ ਮਹਿਲਾਵਾਂ 33 ਪ੍ਰਤੀਸ਼ਤ ਰਾਖਵੇਂਕਰਨ ਦਾ ਲਾਭ ਪ੍ਰਾਪਤ ਨਹੀਂ ਕਰ ਸਕਦੀਆਂ। ਇਸ ਲਈ, ਇਹਨਾਂ ਲਾਭਾਂ ਨੂੰ ਦੇਸ਼ ਦੀ ਅੱਧੀ ਆਬਾਦੀ ਤੱਕ ਜਿੰਨੀ ਜਲਦੀ ਹੋ ਸਕੇ ਪਹੁੰਚਾਉਣ ਲਈ, 2026 ਦੀ ਜਨਗਣਨਾ ਦੇ ਅਧਾਰ 'ਤੇ ਕੀਤੀ ਜਾਣ ਵਾਲੀ ਹੱਦਬੰਦੀ ਪ੍ਰਕਿਰਿਆ ਤੋਂ ਇਸ ਪ੍ਰਕਿਰਿਆ ਨੂੰ ਵੱਖ ਕਰਨਾ ਜ਼ਰੂਰੀ ਸਮਝਿਆ ਗਿਆ।

**Q ਨਾਰੀ ਸ਼ਕਤੀ ਵੰਦਨ ਅਧਿਨਿਯਮ ਦੇ ਨਾਲ ਹੁਣ ਹੱਦਬੰਦੀ ਦੀ ਗੱਲ ਕਿਉਂ ਲਿਆਂਦੀ ਗਈ? ਸਰਕਾਰ ਇੰਨੀਆਂ ਜ਼ਿਆਦਾ ਸੀਟਾਂ ਕਿਉਂ ਵਧਾ ਰਹੀ ਸੀ?**

A ਹੱਦਬੰਦੀ ਦਾ ਅਰਥ ਹੈ ਕਿਸੇ ਚੋਣ ਖੇਤਰ ਦੀਆਂ ਸੀਮਾਵਾਂ ਵਿੱਚ ਤਬਦੀਲੀ। ਨਾਰੀ ਸ਼ਕਤੀ ਵੰਦਨ ਅਧਿਨਿਯਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਹੱਦਬੰਦੀ ਜ਼ਰੂਰੀ ਹੈ।

ਲੋਕ ਸਭਾ ਵਿੱਚ ਸੀਟਾਂ ਦੀ ਸੰਖਿਆ ਨੂੰ 1976 ਵਿੱਚ 550 ਨਿਰਧਾਰਿਤ ਕੀਤਾ ਗਿਆ ਸੀ। 1971 ਵਿੱਚ ਭਾਰਤ ਦੀ ਜਨਸੰਖਿਆ ਲਗਭਗ 54 ਕਰੋੜ ਸੀ। ਅੱਜ ਇਹ 140 ਕਰੋੜ ਹੈ। ਇਸ ਲਈ ਲੋਕ ਸਭਾ ਵਿੱਚ ਸੀਟਾਂ ਦੀ ਗਿਣਤੀ ਵਧਾ ਕੇ 850 ਕਰਨਾ ਮਹੱਤਵਪੂਰਨ ਹੈ। ਇਸ ਨਾਲ ਸੰਸਦ ਵਿੱਚ ਉਚਿਤ ਪ੍ਰਤੀਨਿਧਤਾ ਯਕੀਨੀ ਹੋ ਸਕੇਗੀ।

**Q ਜੇਕਰ ਇਹ ਤਿੰਨੋਂ ਬਿਲ ਸਦਨ ਤੋਂ ਪਾਸ ਹੋ ਜਾਂਦੇ ਤਾਂ ਇਸ ਨਾਲ ਦੇਸ਼ ਨੂੰ ਕੀ ਲਾਭ ਹੁੰਦਾ?**

A ਜੇਕਰ ਇਹ ਤਿੰਨੋਂ ਬਿਲ ਸਦਨ ਤੋਂ ਪਾਸ ਹੋ ਜਾਂਦੇ, ਤਾਂ ਰਾਸ਼ਟਰਪਤੀ ਜੀ ਦੀ ਮਨਜ਼ੂਰੀ ਤੋਂ ਬਾਅਦ ਇਹ ਕਾਨੂੰਨ ਬਣ ਜਾਂਦੇ ਅਤੇ ਦੇਸ਼ ਦੀਆਂ ਮਹਿਲਾਵਾਂ ਨੂੰ 2029 ਦੀਆਂ ਲੋਕ ਸਭਾ ਚੋਣਾਂ ਵਿੱਚ ਹੀ 33 ਪ੍ਰਤੀਸ਼ਤ ਰਾਖਵਾਂਕਰਨ ਦਾ ਲਾਭ ਮਿਲ ਸਕਦਾ ਸੀ, ਜਿਸ ਨਾਲ ਉਨ੍ਹਾਂ ਨੂੰ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਅਧਿਕਾਰ ਪ੍ਰਾਪਤ ਹੁੰਦਾ।

**Q ਕੀ ਕੇਂਦਰ ਸਰਕਾਰ Delimitation Commission Act ਵਿੱਚ ਬਦਲਾਅ ਕਰਕੇ ਸਿਆਸੀ ਲਾਭ ਲੈਣਾ ਚਾਹੁੰਦੀ ਸੀ? ਇਹ ਸਰਕਾਰ ਜਦੋਂ ਕੁਝ ਰਾਜਾਂ ਵਿੱਚ ਚੋਣਾਂ ਚੱਲ ਰਹੀਆਂ ਹਨ ਤਦ ਕਿਉਂ ਬਿਲ ਲਿਆਈ, ਕੀ ਇਸ ਦਾ ਤਮਿਲ ਨਾਡੂ ਜਾਂ ਪੱਛਮੀ ਬੰਗਾਲ ਵਰਗੇ ਰਾਜਾਂ ਵਿੱਚ ਹੋ ਰਹੀਆਂ ਚੋਣਾਂ 'ਤੇ ਅਸਰ ਹੋਵੇਗਾ?**

A ਕੇਂਦਰ ਸਰਕਾਰ ਨੇ Delimitation Commission Act ਵਿੱਚ ਕੋਈ ਤਬਦੀਲੀ ਨਹੀਂ ਕੀਤੀ, ਸਗੋਂ ਪੁਰਾਣੇ ਕਾਨੂੰਨ ਨੂੰ ਜਿਉਂ ਦਾ ਤਿਉਂ ਰੱਖਿਆ। ਹੱਦਬੰਦੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਉਦੋਂ ਹੀ ਲਾਗੂ ਹੁੰਦੀਆਂ ਜਦੋਂ ਸੰਸਦ ਉਨ੍ਹਾਂ ਨੂੰ ਮਨਜ਼ੂਰੀ ਦਿੰਦੀ ਅਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਮਿਲਦੀ। ਮੌਜੂਦਾ ਸਮੇਂ ਵਿੱਚ ਹੋ ਰਹੀਆਂ ਚੋਣਾਂ, ਜਿਵੇਂ ਕਿ ਤਮਿਲ ਨਾਡੂ ਜਾਂ ਪੱਛਮ ਬੰਗਾਲ, 'ਤੇ ਇਸ ਪ੍ਰਕਿਰਿਆ ਦਾ ਕੋਈ ਪ੍ਰਭਾਵ ਨਹੀਂ ਪੈਂਦਾ, ਕਿਉਂਕਿ 2029 ਤੱਕ ਸਾਰੀਆਂ ਚੋਣਾਂ ਮੌਜੂਦਾ ਵਿਵਸਥਾ ਅਤੇ ਮੌਜੂਦਾ ਚੋਣ ਖੇਤਰਾਂ ਦੇ ਅਧਾਰ 'ਤੇ ਹੀ ਕਰਵਾਈਆਂ ਜਾਣਗੀਆਂ।

**Q ਲੋਕ ਸਭਾ ਸੀਟਾਂ ਦੀ ਗਿਣਤੀ ਵਧਾ ਕੇ 850 ਕਰਨ ਦੇ ਪਿੱਛੇ ਮੁੱਖ ਕਾਰਨ ਅਤੇ ਤਰਕ ਕੀ ਸਨ?**

**A** ਇਹ ਪ੍ਰਸਤਾਵ ਜਨਸੰਖਿਆ ਦੇ ਅਨੁਪਾਤ ਵਿੱਚ ਸੀਟਾਂ ਦੇ ਵਿਸਤਾਰ 'ਤੇ ਅਧਾਰਿਤ ਸੀ। ਇੱਕ ਬਰਾਬਰ 50 ਪ੍ਰਤੀਸ਼ਤ ਵਾਧੇ ਨਾਲ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦਾ ਅਨੁਪਾਤ ਮੌਜੂਦਾ ਸਥਿਤੀ ਵਾਂਗ ਹੀ ਬਣਿਆ ਰਹਿੰਦਾ। ਇਸ ਸਿਧਾਂਤ ਦੇ ਅਧਾਰ 'ਤੇ ਲੋਕ ਸਭਾ ਦੀਆਂ ਸੀਟਾਂ ਦੀ ਗਿਣਤੀ ਮੌਜੂਦਾ 543 ਤੋਂ ਵਧ ਕੇ ਲਗਭਗ 815 ਹੋਈ। ਇਸ ਲਈ ਲੋਕ ਸਭਾ ਵਿੱਚ ਸੀਟਾਂ ਦੀ ਗਿਣਤੀ ਦੀ ਵਧੇਰੇ ਸੀਮਾ 550 ਤੋਂ ਵਧਾ ਕੇ 850 ਕੀਤੀ ਜਾ ਰਹੀ ਸੀ।



**Q ਕੀ ਨਵੇਂ ਹੱਦਬੰਦੀ ਪ੍ਰਸਤਾਵ ਨਾਲ ਜਨਸੰਖਿਆ ਨਿਯੰਤਰਣ ਕਰਨ ਵਾਲੇ ਰਾਜਾਂ ਨੂੰ ਨੁਕਸਾਨ ਹੁੰਦਾ?**

**A** ਨਹੀਂ, ਨਵੇਂ ਹੱਦਬੰਦੀ ਪ੍ਰਸਤਾਵ ਨਾਲ ਜਨਸੰਖਿਆ ਨਿਯੰਤਰਣ ਕਰਨ ਵਾਲੇ ਰਾਜਾਂ ਨੂੰ ਕੋਈ ਨੁਕਸਾਨ ਨਹੀਂ ਹੁੰਦਾ। ਪ੍ਰਸਤਾਵ ਦੇ ਤਹਿਤ ਸਾਰੇ ਰਾਜਾਂ ਦੀਆਂ ਸੀਟਾਂ ਵਿੱਚ ਬਰਾਬਰ ਅਨੁਪਾਤ ਵਿੱਚ ਵਾਧੇ (50%) ਦੀ ਗੱਲ ਸੀ, ਜਿਸ ਨਾਲ ਕਿਸੇ ਰਾਜ ਦੀ ਪ੍ਰਤੀਨਿਧਤਾ ਪ੍ਰਤੀਸ਼ਤ ਘਟਣ ਦੀ ਬਜਾਏ ਪਹਿਲਾਂ ਵਾਂਗ ਰਹਿੰਦੀ ਜਾਂ ਥੋੜ੍ਹੀ ਵਧ ਜਾਂਦੀ।ਸੀਟਾਂ ਵੀ ਇਸੇ ਅਨੁਪਾਤ ਵਿੱਚ ਵਧਦੀਆਂ ਅਤੇ ਰਾਜ ਨੂੰ ਕੋਈ ਨੁਕਸਾਨ ਨਹੀਂ ਹੁੰਦਾ।

**Q ਕੀ ਨਵੇਂ ਹੱਦਬੰਦੀ ਪ੍ਰਸਤਾਵ ਨਾਲ ਅਨੁਸੂਚਿਤ ਜਾਤੀ (SC) ਅਤੇ ਅਨੁਸੂਚਿਤ ਕਬੀਲੇ (ST) ਦੀ ਪ੍ਰਤੀਨਿਧਤਾ ਅਤੇ ਅਧਿਕਾਰਾਂ ਨੂੰ ਨੁਕਸਾਨ ਪਹੁੰਚਦਾ?**

**A** ਸਾਡੇ ਸੰਵਿਧਾਨ ਵਿੱਚ ਸਮੇਂ-ਸਮੇਂ 'ਤੇ ਹੱਦਬੰਦੀ ਦੀ ਵਿਵਸਥਾ ਹੈ, ਅਤੇ ਇਸੇ ਪ੍ਰਕਿਰਿਆ ਰਾਹੀਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਸਮੇਤ ਵੱਖ-ਵੱਖ ਵਰਗਾਂ ਲਈ ਸੀਟਾਂ ਦਾ ਮੁੜ-ਨਿਰਧਾਰਣ ਅਤੇ ਵਾਧਾ ਹੁੰਦਾ ਹੈ। ਜੇਕਰ ਇਹ ਤਿੰਨੋਂ ਬਿਲ ਪਾਸ ਹੋ ਜਾਂਦੇ, ਤਾਂ ਲਗਭਗ 850 ਸੀਟਾਂ ਵਾਲੇ ਸਦਨ ਵਿੱਚ ਰਾਖਵੀਆਂ ਸੀਟਾਂ ਦੀ ਗਿਣਤੀ 131 ਤੋਂ ਵਧ ਕੇ ਲਗਭਗ 205 ਹੋ ਜਾਂਦੀ, ਜਿਸ ਨਾਲ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਦੀ ਪ੍ਰਤੀਨਿਧਤਾ ਅਤੇ ਅਧਿਕਾਰਾਂ ਵਿੱਚ ਵਾਧਾ ਹੁੰਦਾ, ਕਿਸੇ ਕਿਸਮ ਦਾ ਨੁਕਸਾਨ ਨਹੀਂ।

**Q ਕੀ ਨਵੇਂ ਹੱਦਬੰਦੀ ਪ੍ਰਸਤਾਵ ਵਿੱਚ ਦੱਖਣੀ ਭਾਰਤੀ ਰਾਜਾਂ ਜਾਂ ਛੋਟੇ ਰਾਜਾਂ ਨੂੰ ਨੁਕਸਾਨ ਹੁੰਦਾ?**

**A** ਨਹੀਂ, ਸਾਰੇ ਰਾਜਾਂ ਦੀਆਂ ਸੀਟਾਂ ਵਿੱਚ ਇੱਕ ਬਰਾਬਰ 50 ਪ੍ਰਤੀਸ਼ਤ ਵਾਧਾ ਹੁੰਦਾ। ਦੱਖਣੀ ਰਾਜਾਂ ਦੀ ਪ੍ਰਤੀਨਿਧਤਾ ਵਿੱਚ ਕੋਈ ਕਮੀ ਨਹੀਂ ਆਉਂਦੀ। ਜਿਵੇਂ ਕਿ ਹੇਠਾਂ ਦਿੱਤੀ ਸਾਰਣੀ ਵਿੱਚ ਦਿਖਾਇਆ ਗਿਆ ਹੈ, ਦੱਖਣੀ ਰਾਜਾਂ ਕੋਲ ਮੌਜੂਦਾ ਸਮੇਂ ਵਿੱਚ ਲੋਕ ਸਭਾ ਵਿੱਚ 23.76 ਪ੍ਰਤੀਸ਼ਤ ਸੀਟਾਂ ਹਨ। ਬਿੱਲਾਂ ਦੇ ਪਾਸ ਹੋਣ ਤੋਂ ਬਾਅਦ ਇਹ ਵਧ ਕੇ ਲਗਭਗ 23.87 ਪ੍ਰਤੀਸ਼ਤ ਹੋ ਜਾਂਦੀਆਂ। ਉਦਾਹਰਣ ਵਜੋਂ ਤਮਿਲ ਨਾਡੂ ਦੀਆਂ ਸੀਟਾਂ ਵੀ ਇਸੇ ਅਨੁਪਾਤ ਵਿੱਚ ਵਧਦੀਆਂ ਅਤੇ ਰਾਜ ਨੂੰ ਕੋਈ ਨੁਕਸਾਨ ਨਹੀਂ ਹੁੰਦਾ।











**Q ਵਿਰੋਧੀ ਧਿਰ ਦੀ ਲਗਾਤਾਰ ਮੰਗ ਦੇ ਬਾਵਜੂਦ ਮਹਿਲਾ ਰਾਖਵਾਂਕਰਨ ਦੇ ਅੰਦਰ ਮੁਸਲਿਮ ਮਹਿਲਾਵਾਂ ਲਈ ਵੱਖਰਾ ਕੋਟਾ ਕਿਉਂ ਨਹੀਂ ਦਿੱਤਾ ਗਿਆ?**

**A** ਭਾਰਤ ਦੇ ਸੰਵਿਧਾਨ ਵਿੱਚ ਧਰਮ ਦੇ ਅਧਾਰ 'ਤੇ ਰਾਖਵਾਂਕਰਨ ਦੀ ਕੋਈ ਵਿਵਸਥਾ ਨਹੀਂ ਹੈ। ਰਾਖਵਾਂਕਰਨ ਦੀਆਂ ਨੀਤੀਆਂ ਸੰਵਿਧਾਨ ਵਿੱਚ ਨਿਰਧਾਰਿਤ ਸਮਾਜਿਕ ਅਤੇ ਆਰਥਿਕ ਪਿਛੜੇਪਣ'ਤੇ ਅਧਾਰਿਤ ਹਨ।



**Q ਸਰਕਾਰ ਨੇ ਮਹਿਲਾ ਰਾਖਵਾਂਕਰਨ ਨੂੰ ਸਾਲ 2029 ਤੱਕ ਟਾਲਣ ਦੀ ਬਜਾਏ 2024 ਦੀਆਂ ਆਮ ਚੋਣਾਂ ਵਿੱਚ ਹੀ ਇਸ ਨੂੰ ਤੁਰੰਤ ਲਾਗੂ ਕਿਉਂ ਨਹੀਂ ਕਰ ਦਿੱਤਾ, ਇਸ ਨੂੰ 2011 ਦੇ ਅਧਾਰ 'ਤੇ ਹੀ ਕਿਉਂ ਨਹੀਂ ਲਾਗੂ ਕੀਤਾ ਗਿਆ?**

**A** ਰਾਖਵਾਂਕਰਨ ਨੂੰ ਲਾਗੂ ਕਰਨ ਲਈ ਹੱਦਬੰਦੀ ਜ਼ਰੂਰੀ ਹੈ। ਹੱਦਬੰਦੀ ਇੱਕ ਵਿਆਪਕ ਚਰਚਾ ਅਧਾਰਿਤ ਪ੍ਰਕਿਰਿਆ ਹੈ। ਹੱਦਬੰਦੀ ਪੂਰੀ ਕਰਨ ਵਿੱਚ ਲਗਭਗ ਦੋ ਸਾਲ ਲੱਗਦੇ ਹਨ। ਇਸ ਲਈ ਮਹਿਲਾ ਰਾਖਵਾਂਕਰਨ ਨੂੰ ਲਾਗੂ ਕਰਨ ਲਈ ਹੱਦਬੰਦੀ ਬਿਲ ਦੇ ਨਾਲ ਇਹ ਤਿੰਨੋਂ ਬਿਲ ਲਿਆਂਦੇ ਗਏ ਸਨ।

**Q ਜਦੋਂ 2024 ਦੀਆਂ ਆਮ ਚੋਣਾਂ ਵਿੱਚ ਮਹਿਲਾ ਰਾਖਵਾਂਕਰਨ ਲਾਗੂ ਨਹੀਂ ਹੋਣਾ ਸੀ, ਤਾਂ 2023 ਵਿੱਚ ਮਹਿਲਾ ਰਾਖਵਾਂਕਰਨ ਬਿਲ ਕਿਉਂ ਲਿਆਂਦਾ ਗਿਆ?**

**A** 2023 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਮਹਿਲਾ ਰਾਖਵਾਂਕਰਨ ਬਿਲ ਲੈ ਕੇ ਆਈ। ਨਵੇਂ ਸੰਸਦ ਭਵਨ ਵਿੱਚ ਇਹ ਬਿਲ ਸਰਵਸੰਮਤੀ ਨਾਲ ਪਾਸ ਹੋਇਆ ਅਤੇ ਰਾਜ ਸਭਾ ਤੋਂ ਵੀ ਇਸ ਨੂੰ ਮਨਜ਼ੂਰੀ ਮਿਲੀ। ਸਾਰਿਆਂ ਨੇ ਮਹਿਲਾ ਰਾਖਵਾਂਕਰਨ ਬਿਲ ਦਾ ਸਮਰਥਨ ਕੀਤਾ ਅਤੇ ਇਸ ਤਰ੍ਹਾਂ ਨਾਰੀ ਸ਼ਕਤੀ ਵੰਦਨ ਬਿਲ ਤੋਂ ਅਧਿਨਿਯਮ ਬਣ ਗਿਆ।

**Q ਜਾਤੀ ਜਨਗਣਨਾ ਨੂੰ ਟਾਲਣ ਲਈ ਸਰਕਾਰ ਇਹ ਸੰਵਿਧਾਨ ਸੋਧ ਬਿਲ ਲੈ ਕੇ ਆਈ ਸੀ?**

**A** ਕੇਂਦਰ ਸਰਕਾਰ ਤਿੰਨ ਮਹੀਨੇ ਪਹਿਲਾਂ ਹੀ ਜਾਤੀ ਜਨਗਣਨਾ ਦੀ ਸਮਾਂਬੱਧ ਪ੍ਰਕਿਰਿਆ ਸ਼ੁਰੂ ਕਰ ਚੁੱਕੀ ਹੈ, ਇਸ ਲਈ ਇਸ ਨੂੰ ਟਾਲਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਮੌਜੂਦਾ ਜਨਗਣਨਾ ਪ੍ਰਕਿਰਿਆ ਵਿੱਚ ਪਹਿਲਾਂ ਘਰਾਂ ਦੀ ਗਿਣਤੀ ਕੀਤੀ ਜਾ ਰਹੀ ਹੈ ਅਤੇ ਇਸ ਤੋਂ ਬਾਅਦ ਜਦੋਂ ਵਿਅਕਤੀਆਂ ਦੀ ਗਿਣਤੀ ਹੋਵੇਗੀ, ਤਦ ਜਾਤੀ ਨਾਲ ਸਬੰਧਿਤ ਜਾਣਕਾਰੀ ਵੀ ਪੂਰੀ ਤਰ੍ਹਾਂ ਦਰਜ ਕੀਤੀ ਜਾਵੇਗੀ।

**Q ਮਹਿਲਾ ਰਾਖਵਾਂਕਰਨ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਜਿਵੇਂ ਕਿ ਜੰਮੂ-ਕਸ਼ਮੀਰ, ਦਿੱਲੀ ਅਤੇ ਪੁਡੂਚੇਰੀ ਵਿੱਚ ਲਾਗੂ ਕਰਨ ਲਈ ਵੱਖਰਾ 'ਕੇਂਦਰ ਸ਼ਾਸਿਤ ਪ੍ਰਦੇਸ਼ ਬਿਲ' ਕਿਉਂ ਲਿਆਂਦਾ ਗਿਆ ਸੀ?**

**A** ਜੰਮੂ-ਕਸ਼ਮੀਰ, ਦਿੱਲੀ ਅਤੇ ਪੁਡੂਚੇਰੀ ਦੀਆਂ ਵਿਧਾਨ ਸਭਾਵਾਂ ਵੱਖਰੇ 'UT Act' ਰਾਹੀਂ ਚਲਦੀਆਂ ਹਨ। ਇਨ੍ਹਾਂ ਵਿਧਾਨ ਸਭਾਵਾਂ ਵਿੱਚ ਵੀ ਮਹਿਲਾਵਾਂ ਲਈ ਕ੍ਰਮਵਾਰ ਲਗਭਗ 38, 23 ਅਤੇ 10 ਸੀਟਾਂ ਰਾਖਵੀਆਂ ਕਰਨ ਲਈ ਇਹ ਤਕਨੀਕੀ ਸੋਧ ਲਾਜ਼ਮੀ ਸੀ, ਇਸੇ ਲਈ ਵੱਖਰੇ ਤੌਰ 'ਤੇ 'ਕੇਂਦਰ ਸ਼ਾਸਿਤ ਪ੍ਰਦੇਸ਼ ਬਿਲ' ਲਿਆਂਦਾ ਗਿਆ ਸੀ।



ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਰਾਸ਼ਟਰ ਦੇ ਨਾਮ ਸੰਬੋਧਨ

# "ਮੈਂ ਦੇਸ਼ ਦੀ ਹਰ ਨਾਰੀ ਨੂੰ ਵਿਸ਼ਵਾਸ ਦਿਵਾਉਂਦਾ ਹਾਂ,

## ਅਸੀਂ ਮਹਿਲਾ ਰਾਖਵਾਂਕਰਨ ਦੇ ਰਸਤੇ ਵਿੱਚ ਆਉਣ ਵਾਲੀ ਹਰ ਰੁਕਾਵਟ ਨੂੰ ਖ਼ਤਮ ਕਰਕੇ ਰਹਾਂਗੇ"

*ਨਾਰੀ ਸ਼ਕਤੀ ਵੰਦਨ ਅਧਿਨਿਯਮ ਸੰਸ਼ੋਧਨ ਕਿਸੇ ਤੋਂ ਕੁਝ ਖੋਹਣ ਦਾ ਨਹੀਂ, ਸਗੋਂ ਦੇਸ਼ ਦੀ ਨਾਰੀ ਨੂੰ ਉਸ ਦਾ ਅਧਿਕਾਰ ਦੇਣ ਦਾ ਇੱਕ ਮਹਾਯੱਗ ਸੀ। ਇਹ ਨਾ ਸਿਰਫ਼ ਸਮੇਂ ਦੀ ਮੰਗ ਹੈ, ਸਗੋਂ ਵਿਕਸਿਤ ਭਾਰਤ ਦੀ ਯਾਤਰਾ ਵਿੱਚ ਨਾਰੀ ਦੀ ਅਗਵਾਈ ਰਾਸ਼ਟਰ ਨੂੰ ਨਵੀਂ ਉਚਾਈ ਦੇਣ ਦਾ ਇੱਕ ਸਸ਼ਕਤ ਅਧਾਰ ਹੈ। ਇਹ ਰਾਜਨੀਤੀ ਨਹੀਂ, ਰਾਸ਼ਟਰਹਿਤ ਦਾ ਫੈਸਲਾ ਸੀ, ਜਿਸ 'ਤੇ ਲੋਕ ਸਭਾ ਵਿੱਚ ਅੰਕੜਿਆਂ ਨੇ ਬ੍ਰੇਕ ਲਗਾਈ। ਰਾਸ਼ਟਰਨੀਤੀ 'ਤੇ ਰਾਜਨੀਤੀ ਦੇ ਹਾਵੀ ਹੋਣ ਨਾਲ ਦੁਖੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 18 ਅਪ੍ਰੈਲ 2026 ਨੂੰ ਰਾਸ਼ਟਰ ਨੂੰ ਸੰਬੋਧਨ ਕਰਦੇ ਹੋਏ ਆਪਣੇ ਭਾਵੁਕ ਮਨ ਦੇ ਵਿਚਾਰ ਰਾਸ਼ਟਰ ਅਤੇ ਨਾਰੀ ਸ਼ਕਤੀ ਦੇ ਸਾਹਮਣੇ ਰੱਖੇ। ਨਾਲ ਹੀ, ਭਰੋਸਾ ਦਿਵਾਇਆ ਕਿ ਮਹਿਲਾ ਰਾਖਵਾਂਕਰਨ ਦੇ ਰਸਤੇ ਵਿੱਚ ਆਉਣ ਵਾਲੀ ਹਰ ਰੁਕਾਵਟ ਨੂੰ ਖ਼ਤਮ ਕਰਾਂਗੇ... ਪੜ੍ਹੋ ਰਾਸ਼ਟਰ ਦੇ ਨਾਮ ਸੰਬੋਧਨ ਦੇ ਸੰਪਾਦਿਤ ਅੰਸ਼:*

**ਪਾਰਟੀ ਹਿਤ ਤੋਂ ਵੱਡੇ ਦੇਸ਼ ਹਿਤ:** ਸਾਡੇ ਲਈ ਦੇਸ਼ ਦਾ ਹਿੱਤ ਸਭ ਤੋਂ ਉੱਪਰ ਹੈ, ਪਰ ਜਦੋਂ ਕੁਝ ਲੋਕਾਂ ਲਈ ਪਾਰਟੀ ਦਾ ਹਿੱਤ ਹੀ ਸਭ ਕੁਝ ਹੋ ਜਾਂਦਾ ਹੈ, ਪਾਰਟੀ ਦਾ ਹਿੱਤ, ਦੇਸ਼ ਦੇ ਹਿੱਤ ਤੋਂ ਵੱਡਾ ਹੋ ਜਾਂਦਾ ਹੈ, ਤਾਂ ਨਾਰੀ ਸ਼ਕਤੀ ਨੂੰ, ਦੇਸ਼ ਦੇ ਹਿੱਤ ਨੂੰ, ਇਸ ਦਾ ਖਮਿਆਜ਼ਾ ਭੁਗਤਨਾ ਪੈਂਦਾ ਹੈ। ਇਸ ਵਾਰ ਵੀ ਇਹੀ ਹੋਇਆ ਹੈ। ਕਾਂਗਰਸ, ਡੀਐੱਮਕੇ, ਟੀਐੱਮਸੀ ਅਤੇ ਸਮਾਜਵਾਦੀ ਪਾਰਟੀ ਵਰਗੀਆਂ ਪਾਰਟੀਆਂ ਦੀ ਸੁਆਰਥੀ ਰਾਜਨੀਤੀ ਦਾ ਨੁਕਸਾਨ ਦੇਸ਼ ਦੀ ਨਾਰੀ ਸ਼ਕਤੀ ਨੂੰ ਚੁੱਕਣਾ ਪਿਆ ਹੈ।

**ਨਾਰੀ ਨਹੀਂ ਭੁੱਲਦੀ ਅਪਮਾਨ:** ਜਦੋਂ ਇਹ ਨਾਰੀ ਹਿੱਤ ਦਾ ਪ੍ਰਸਤਾਵ ਡਿੱਗਿਆ, ਤਾਂ ਕਾਂਗਰਸ, ਡੀਐੱਮਕੇ, ਟੀਐੱਮਸੀ, ਸਪਾ, ਵਰਗੀਆਂ ਪਰਿਵਾਰਵਾਦੀ ਪਾਰਟੀਆਂ ਖੁਸ਼ੀ ਨਾਲ ਤਾੜੀਆਂ ਵਜਾ ਰਹੀਆਂ ਸਨ। ਮਹਿਲਾਵਾਂ ਤੋਂ ਉਨ੍ਹਾਂ ਦੇ ਹੱਕ ਖੋਹ ਕੇ ਇਹ ਲੋਕ ਮੇਜ਼ ਖੜਕਾ ਰਹੇ ਸਨ। ਉਨ੍ਹਾਂ ਨੇ ਜੋ ਕੀਤਾ, ਉਹ ਸਿਰਫ਼ ਮੇਜ਼ਾਂ 'ਤੇ ਥਾਪ ਨਹੀਂ ਸੀ, ਉਹ ਨਾਰੀ ਦੇ ਸਵੈਮਾਣ 'ਤੇ, ਉਸ ਦੇ ਆਤਮ-ਸਨਮਾਨ 'ਤੇ ਸੱਟ ਸੀ ਅਤੇ ਨਾਰੀ ਸਭ ਕੁਝ ਭੁੱਲ ਜਾਂਦੀ ਹੈ, ਪਰ ਆਪਣਾ ਅਪਮਾਨ ਕਦੇ ਨਹੀਂ ਭੁੱਲਦੀ। ਇਸ ਲਈ ਸੰਸਦ ਵਿੱਚ ਕਾਂਗਰਸ ਅਤੇ ਉਸ ਦੇ ਸਹਿਯੋਗੀਆਂ ਦੇ ਵਿਵਹਾਰ ਦੀ ਚੀਸ ਹਰ ਨਾਰੀ ਦੇ ਮਨ ਵਿੱਚ ਹਮੇਸ਼ਾ ਰਹੇਗੀ।

**ਵਿਰੋਧ ਸੰਵਿਧਾਨ ਨਿਰਮਾਤਾਵਾਂ ਦਾ ਅਪਮਾਨ:** ਸੰਸਦ ਵਿੱਚ 'ਨਾਰੀ ਸ਼ਕਤੀ ਵੰਦਨ ਸੋਧ' ਦਾ ਜਿਨ੍ਹਾਂ ਪਾਰਟੀਆਂ ਨੇ ਵਿਰੋਧ ਕੀਤਾ ਹੈ, ਉਨ੍ਹਾਂ ਨੂੰ ਮੈਂ ਦੋ-ਟੁੱਕ ਕਹਾਂਗਾ, ਇਹ ਲੋਕ ਨਾਰੀ ਸ਼ਕਤੀ ਨੂੰ ਹਲਕੇ ਵਿੱਚ ਲੈ ਰਹੇ ਹਨ, ਉਹ ਇਹ ਭੁੱਲ ਰਹੇ ਹਨ, ਕਿ 21ਵੀਂ ਸਦੀ ਦੀ ਨਾਰੀ ਦੇਸ਼ ਦੀ ਹਰ ਘਟਨਾ 'ਤੇ ਨਜ਼ਰ ਰੱਖ ਰਹੀ ਹੈ, ਉਹ ਉਨ੍ਹਾਂ ਦੀ ਮਨਸ਼ਾ ਨੂੰ ਸਮਝ ਰਹੀ ਹੈ ਅਤੇ ਸੱਚਾਈ ਵੀ ਚੰਗੀ ਤਰ੍ਹਾਂ ਜਾਣ ਚੁੱਕੀ ਹੈ। ਇਸ ਲਈ ਮਹਿਲਾ ਰਾਖਵਾਂਕਰਨ ਦਾ ਵਿਰੋਧ ਕਰਕੇ ਵਿਰੋਧੀ ਧਿਰ ਨੇ ਜੋ ਪਾਪ ਕੀਤਾ ਹੈ, ਇਸ ਦੀ ਉਨ੍ਹਾਂ ਨੂੰ ਸਜ਼ਾ ਜ਼ਰੂਰ ਮਿਲੇਗੀ। ਇਨ੍ਹਾਂ ਪਾਰਟੀਆਂ ਨੇ ਸੰਵਿਧਾਨ ਨਿਰਮਾਤਾਵਾਂ ਦੀਆਂ ਭਾਵਨਾਵਾਂ ਦਾ ਵੀ ਅਪਮਾਨ ਕੀਤਾ ਹੈ ਅਤੇ ਜਨਤਾ ਵੱਲੋਂ ਇਸ ਦੀ ਸਜ਼ਾ ਤੋਂ ਵੀ ਉਹ ਬਚ ਨਹੀਂ ਸਕਣਗੇ।

**ਖੋਹਣਾ ਨਹੀਂ, ਸਭ ਨੂੰ ਕੁਝ ਦੇਣ ਦਾ ਬਿਲ ਸੀ:** ਸਦਨ ਵਿੱਚ 'ਨਾਰੀ ਸ਼ਕਤੀ ਵੰਦਨ ਸੋਧ' ਕਿਸੇ ਤੋਂ ਵੀ ਕੁਝ ਖੋਹਣ ਲਈ ਨਹੀਂ ਸੀ। 'ਨਾਰੀ ਸ਼ਕਤੀ ਵੰਦਨ ਸੋਧ' ਹਰ ਕਿਸੇ ਨੂੰ ਕੁਝ ਨਾ ਕੁਝ ਦੇਣ ਲਈ ਸੀ, ਦੇਣ ਵਾਸਤੇ ਸੋਧ ਸੀ। ਇਹ 40 ਵਰ੍ਹਿਆਂ ਤੋਂ ਲਟਕੇ ਹੋਏ ਨਾਰੀ ਦੇ ਹੱਕ ਨੂੰ, 2029 ਦੀਆਂ ਅਗਲੀਆਂ ਲੋਕ ਸਭਾ ਚੋਣਾਂ ਤੋਂ ਉਸ ਦਾ ਹੱਕ ਦੇਣ ਦੀ ਸੋਧ ਸੀ। 'ਨਾਰੀ ਸ਼ਕਤੀ ਵੰਦਨ ਸੋਧ' 21ਵੀਂ ਸਦੀ ਦੇ ਭਾਰਤ ਦੀ ਨਾਰੀ ਨੂੰ ਨਵੇਂ



ਮੌਕੇ ਦੇਣ, ਨਵੀਂ ਉਡਾਣ ਦੇਣ, ਉਸ ਦੇ ਸਾਹਮਣੇ ਰੁਕਾਵਟਾਂ ਹਟਾਉਣ ਦਾ ਮਹਾਯੱਗ ਸੀ।

**ਨਾਰੀ ਸ਼ਕਤੀ ਵੰਦਨ ਸੰਸ਼ੋਧਨ ਸਮੇਂ ਦੀ ਮੰਗ:** 'ਨਾਰੀ ਸ਼ਕਤੀ ਵੰਦਨ ਸੋਧ' ਉੱਤਰ, ਦੱਖਣ, ਪੂਰਬ, ਪੱਛਮ, ਸਾਰੇ ਸੂਬਿਆਂ ਦੀ, ਹਰ ਸੂਬੇ ਦੀ ਸ਼ਕਤੀ ਵਿੱਚ ਬਰਾਬਰ ਵਾਧਾ ਕਰਨ ਦਾ ਯਤਨ ਸੀ। ਇਹ ਸੰਸਦ ਵਿੱਚ ਸਾਰੇ ਸੂਬਿਆਂ ਦੀ ਆਵਾਜ਼ ਨੂੰ ਹੋਰ ਤਾਕਤ ਦੇਣ ਦਾ ਯਤਨ ਸੀ। ਸੂਬਾ ਛੋਟਾ ਹੋਵੇ, ਸੂਬਾ ਵੱਡਾ ਹੋਵੇ, ਸੂਬੇ ਦੀ ਆਬਾਦੀ ਘੱਟ ਹੋਵੇ ਜਾਂ ਸੂਬੇ ਦੀ ਆਬਾਦੀ ਜ਼ਿਆਦਾ ਹੋਵੇ। ਸਭ ਦੀ ਬਰਾਬਰ ਅਨੁਪਾਤ ਵਿੱਚ ਸ਼ਕਤੀ ਵਧਾਉਣ ਦੀ ਕੋਸ਼ਿਸ਼ ਸੀ। ਪਰ ਇਸ ਇਮਾਨਦਾਰ ਕੋਸ਼ਿਸ਼ ਦੀ ਕਾਂਗਰਸ ਅਤੇ ਉਸ ਦੇ ਸਹਿਯੋਗੀਆਂ ਨੇ ਸਦਨ ਵਿੱਚ ਪੂਰੇ ਦੇਸ਼ ਦੇ ਸਾਹਮਣੇ ਭਰੂਣ ਹੱਤਿਆ ਕਰ ਦਿੱਤੀ ਹੈ, ਭਰੂਣ ਹੱਤਿਆ ਕਰ ਦਿੱਤੀ ਹੈ। ਇਹ ਕਾਂਗਰਸ, ਟੀਐੱਮਸੀ, ਸਮਾਜਵਾਦੀ ਪਾਰਟੀ, ਡੀਐੱਮਕੇ ਵਰਗੀਆਂ ਪਾਰਟੀਆਂ, ਇਸ ਭਰੂਣ ਹੱਤਿਆ ਦੀਆਂ ਗੁਨਾਹਗਾਰ ਹਨ।

**ਮਹਿਲਾਵਾਂ ਦੇ ਪੱਖ ਵਿੱਚ ਖੜ੍ਹੇ ਹੋਣ ਦਾ ਮੌਕਾ ਗੁਆਇਆ:** ਮੈਨੂੰ ਨਿਜੀ ਤੌਰ 'ਤੇ ਆਸ ਸੀ ਕਿ ਕਾਂਗਰਸ ਆਪਣੀ ਦਹਾਕਿਆਂ ਪੁਰਾਣੀ ਗਲਤੀ ਸੁਧਾਰੇਗੀ। ਕਾਂਗਰਸ ਆਪਣੇ ਪਾਪਾਂ ਦਾ ਪਛਤਾਵਾ ਕਰੇਗੀ, ਪਰ ਕਾਂਗਰਸ ਨੇ ਇਤਿਹਾਸ ਰਚਣ ਦਾ, ਮਹਿਲਾਵਾਂ ਦੇ ਪੱਖ ਵਿੱਚ ਖੜ੍ਹੇ ਹੋਣ ਦਾ ਮੌਕਾ ਗੁਆ ਦਿੱਤਾ। ਕਾਂਗਰਸ ਖੁਦ ਦੇਸ਼ ਦੇ ਜ਼ਿਆਦਾਤਰ ਹਿੱਸਿਆਂ

ਵਿੱਚ ਆਪਣੀ ਹੋਂਦ ਗੁਆ ਚੁੱਕੀ ਹੈ। ਕਾਂਗਰਸ ਦੂਜਿਆਂ 'ਤੇ ਨਿਰਭਰ ਰਹਿਣ ਵਾਲੇ ਇੱਕ ਜੀਵ ਵਾਂਗ ਖੇਤਰੀ ਪਾਰਟੀਆਂ ਦੀ ਪਿੱਠ 'ਤੇ ਸਵਾਰ ਹੋ ਕੇ ਖ਼ੁਦ ਨੂੰ ਜਿਉਂਦਾ ਰੱਖ ਰਹੀ ਹੈ। ਪਰ ਕਾਂਗਰਸ, ਇਹ ਵੀ ਨਹੀਂ ਚਾਹੁੰਦੀ ਕਿ ਖੇਤਰੀ ਪਾਰਟੀਆਂ ਦੀ ਤਾਕਤ ਵਧੇ, ਇਸ ਲਈ ਕਾਂਗਰਸ ਨੇ ਇਸ ਸੋਧ ਦਾ ਵਿਰੋਧ ਕਰਵਾ ਕੇ ਅਨੇਕਾਂ ਖੇਤਰੀ ਪਾਰਟੀਆਂ ਦੇ ਭਵਿੱਖ ਨੂੰ ਹਨੇਰੇ ਵਿੱਚ ਧੱਕਣ ਦੀ ਰਾਜਨੀਤਿਕ ਸਾਜ਼ਿਸ਼ ਰਚੀ ਹੈ।

**ਪਰਿਵਾਰਵਾਦੀਆਂ ਦੇ ਮਨ ਵਿੱਚ ਅਸੁਰੱਖਿਆ:** ਨਾਰੀ ਸ਼ਕਤੀ ਵੰਦਨ ਐਕਟ ਦੇ ਵਿਰੋਧ ਦੀ ਇੱਕ ਵੱਡੀ ਵਜ੍ਹਾ ਹੈ, ਇਨ੍ਹਾਂ ਪਰਿਵਾਰਵਾਦੀ ਪਾਰਟੀਆਂ ਦਾ ਡਰ। ਇਨ੍ਹਾਂ ਨੂੰ ਡਰ ਹੈ, ਜੇ ਮਹਿਲਾਵਾਂ ਤਾਕਤਵਰ ਹੋ ਗਈਆਂ, ਤਾਂ ਇਨ੍ਹਾਂ ਪਰਿਵਾਰਵਾਦੀ ਪਾਰਟੀਆਂ ਦੀ ਅਗਵਾਈ ਖ਼ਤਰੇ ਵਿੱਚ ਪੈ ਜਾਵੇਗੀ। ਇਹ ਕਦੇ ਨਹੀਂ ਚਾਹੁਣਗੇ ਕਿ ਉਨ੍ਹਾਂ ਦੇ ਪਰਿਵਾਰ ਤੋਂ ਬਾਹਰ ਦੀਆਂ ਮਹਿਲਾਵਾਂ ਅੱਗੇ ਵਧਣ। ਪਰਿਵਾਰਵਾਦੀਆਂ ਦੇ ਮਨ ਅੰਦਰ ਉਨ੍ਹਾਂ ਤੋਂ ਅਸੁਰੱਖਿਆ ਦੀ ਭਾਵਨਾ ਬੈਠੀ ਹੋਈ ਹੈ। ਹੱਦਬੰਦੀ ਤੋਂ ਬਾਅਦ ਮਹਿਲਾਵਾਂ ਲਈ ਕਿਤੇ ਵੱਧ ਸੀਟਾਂ ਹੋਣਗੀਆਂ, ਮਹਿਲਾਵਾਂ ਦਾ ਕੱਦ ਵਧੇਗਾ, ਇਸੇ ਲਈ, ਇਨ੍ਹਾਂ ਲੋਕਾਂ ਨੇ 'ਨਾਰੀ ਸ਼ਕਤੀ ਵੰਦਨ ਸੋਧ' ਦਾ ਵਿਰੋਧ ਕੀਤਾ ਹੈ। ਦੇਸ਼ ਦੀ ਨਾਰੀ ਸ਼ਕਤੀ ਕਾਂਗਰਸ ਅਤੇ ਉਸ ਦੇ ਸਹਿਯੋਗੀਆਂ ਨੂੰ ਇਸ ਪਾਪ ਲਈ ਕਦੇ ਮੁਆਫ਼ ਨਹੀਂ ਕਰੇਗੀ।

**ਹੱਦਬੰਦੀ 'ਤੇ ਫੈਲਾਇਆ ਗਿਆ ਝੂਠ:** ਕਾਂਗਰਸ ਅਤੇ ਉਸ ਦੀਆਂ ਸਾਥੀ ਪਾਰਟੀਆਂ, ਹੱਦਬੰਦੀ 'ਤੇ ਲਗਾਤਾਰ, ਲਗਾਤਾਰ ਝੂਠ ਬੋਲ ਰਹੇ ਹਨ। ਇਹ ਇਸ ਬਹਾਨੇ ਵੰਡ ਦੀ ਅੱਗ ਨੂੰ ਭੜਕਾਉਣਾ ਚਾਹੁੰਦੇ ਹਨ। ਕਿਉਂਕਿ, 'ਵੰਡੋ ਅਤੇ ਰਾਜ ਕਰੋ', ਕਾਂਗਰਸ ਇਹ ਰਾਜਨੀਤੀ ਅੰਗਰੇਜ਼ਾਂ ਤੋਂ ਵਿਰਾਸਤ ਵਿੱਚ ਸਿੱਖ ਕੇ ਆਈ ਹੈ। ਅਤੇ ਕਾਂਗਰਸ ਅੱਜ ਵੀ ਉਸੇ ਦੇ ਸਹਾਰੇ ਚੱਲ ਰਹੀ ਹੈ। ਕਾਂਗਰਸ ਨੇ ਹਮੇਸ਼ਾ ਦੇਸ਼ ਵਿੱਚ ਤਰੇੜ ਪਾਉਣ ਵਾਲੀਆਂ ਭਾਵਨਾਵਾਂ ਨੂੰ ਹਵਾ ਦਿੱਤੀ ਹੈ। ਇਸ ਲਈ, ਇਹ ਝੂਠ ਫੈਲਾਇਆ ਗਿਆ ਕਿ ਡੀਲਿਮਿਟੇਸ਼ਨ ਭਾਵ ਹੱਦਬੰਦੀ ਨਾਲ ਕੁਝ ਸੂਬਿਆਂ ਨੂੰ ਨੁਕਸਾਨ ਹੋਵੇਗਾ! ਜਦਕਿ, ਸਰਕਾਰ ਨੇ ਪਹਿਲੇ ਦਿਨ ਤੋਂ ਸਪਸ਼ਟ ਕੀਤਾ ਹੈ, ਕਿ ਨਾ ਕਿਸੇ ਸੂਬੇ ਦੀ ਭਾਗੀਦਾਰੀ ਦਾ ਅਨੁਪਾਤ ਬਦਲੇਗਾ, ਨਾ ਕਿਸੇ ਦੀ ਪ੍ਰਤੀਨਿਧਤਾ ਘੱਟ ਹੋਵੇਗੀ। ਸਗੋਂ, ਸਾਰੇ ਸੂਬਿਆਂ ਦੀਆਂ ਸੀਟਾਂ ਬਰਾਬਰ ਅਨੁਪਾਤ ਵਿੱਚ ਹੀ ਵਧਣਗੀਆਂ।

**ਨਕਾਰਾਤਮਕ ਰਾਜਨੀਤੀ:** ਮਹਿਲਾਵਾਂ ਦੇ ਰਾਖਵਾਂਕਰਨ ਦਾ ਵਿਰੋਧ ਕਰਕੇ, ਕਾਂਗਰਸ ਨੇ ਫਿਰ ਇੱਕ ਗੱਲ ਸਿੱਧ ਕਰ ਦਿੱਤੀ ਹੈ ਹੈ ਕਿ ਕਾਂਗਰਸ, ਇੱਕ ਸੁਧਾਰ-ਵਿਰੋਧੀ ਪਾਰਟੀ ਹੈ। 21ਵੀਂ ਸਦੀ ਦੇ ਵਿਕਸਿਤ ਭਾਰਤ ਲਈ, ਜੋ ਵੀ ਫ਼ੈਸਲੇ, ਜੋ ਵੀ ਸੁਧਾਰ ਜ਼ਰੂਰੀ ਹਨ, ਜੋ ਵੀ ਫ਼ੈਸਲਾ ਦੇਸ਼ ਲੈ ਰਿਹਾ ਹੈ, ਕਾਂਗਰਸ ਉਨ੍ਹਾਂ ਸਭ ਦਾ ਵਿਰੋਧ ਕਰਦੀ ਹੈ, ਉਸ ਨੂੰ ਖਾਰਜ ਕਰ ਦਿੰਦੀ ਹੈ, ਉਸ ਕੰਮ ਵਿੱਚ ਵਿਘਨ ਪਾਉਂਦੀ ਹੈ। ਇਹੀ ਕਾਂਗਰਸ ਦਾ ਇਤਿਹਾਸ ਹੈ ਅਤੇ ਇਹੀ ਕਾਂਗਰਸ ਦੀ ਨਾਂਹ-ਪੱਖੀ ਰਾਜਨੀਤੀ ਹੈ।

**ਹਰ ਸੁਧਾਰ ਦਾ ਵਿਰੋਧ ਕਰਨਾ ਹੀ ਵਿਰੋਧੀ ਧਿਰ ਦੀ ਨੀਤੀ:** ਇਹ ਉਹੀ ਕਾਂਗਰਸ ਹੈ, ਜਿਸ ਨੇ ਜਨ-ਧਨ, ਆਧਾਰ ਅਤੇ ਮੋਬਾਈਲ ਦੀ ਤ੍ਰੀ-ਸ਼ਕਤੀ ਦਾ ਵਿਰੋਧ ਕੀਤਾ। ਕਾਂਗਰਸ ਨੇ, ਡਿਜੀਟਲ ਪੇਮੈਂਟਸ,ਜੀਐੱਸਟੀ, ਆਮ ਵਰਗ ਦੇ ਗਰੀਬਾਂ ਨੂੰ ਰਾਖਵਾਂਕਰਨ, ਤਿੰਨ ਤਲਾਕ ਦੇ ਵਿਰੁੱਧ ਕਾਨੂੰਨ ,ਧਾਰਾ 370 ਦਾ ਵਿਰੋਧ ਕੀਤਾ। ਸਾਡਾ ਸੰਵਿਧਾਨ, ਸਾਡੀਆਂ ਅਦਾਲਤਾਂ, ਜਿਸ ਯੂਨੀਫੌਰਮ ਸਿਵਿਲ ਕੋਡ, ਇੱਕਸਾਰ ਸਿਵਿਲ ਕੋਡ (ਯੂਸੀਸੀ) ਨੂੰ ਜ਼ਰੂਰੀ ਦੱਸਦੇ ਹਨ, ਕਾਂਗਰਸ ਉਸ ਦਾ ਵੀ ਵਿਰੋਧ ਕਰਦੀ ਹੈ। ਸੁਧਾਰ ਦਾ ਨਾਮ ਸੁਣਦਿਆਂ ਹੀ ਕਾਂਗਰਸ, ਵਿਰੋਧ ਦੀ ਤਖ਼ਤੀ ਲੈ ਕੇ ਦੌੜ ਪੈਂਦੀ ਹੈ। ਅਜਿਹਾ ਕੋਈ ਵੀ ਕੰਮ ਜਿਸ ਨਾਲ ਦੇਸ਼ ਮਜ਼ਬੂਤ ਹੁੰਦਾ ਹੈ, ਕਾਂਗਰਸ ਉਸ ਵਿੱਚ ਰੁਕਾਵਟਾਂ ਖੜ੍ਹੀਆਂ ਕਰਨ ਲਈ ਪੂਰੀ



## 100% ਨਾਰੀ ਸ਼ਕਤੀ ਦਾ ਅਸ਼ੀਰਵਾਦ

ਅੱਜ ਭਾਵੇਂ, ਬਿਲ ਪਾਸ ਕਰਵਾਉਣ ਲਈ ਲੋੜੀਂਦੀਆਂ 66 ਫੀਸਦੀ ਵੋਟਾਂ ਸਾਨੂੰ ਨਾ ਮਿਲੀਆਂ ਹੋਣ, ਪਰ ਮੈਂ ਜਾਣਦਾ ਹਾਂ, ਦੇਸ਼ ਦੀ 100 ਫੀਸਦੀ ਨਾਰੀ ਸ਼ਕਤੀ ਦਾ ਅਸ਼ੀਰਵਾਦ ਸਾਡੇ ਨਾਲ ਹੈ। ਮੈਂ ਦੇਸ਼ ਦੀ ਹਰ ਨਾਰੀ ਨੂੰ ਵਿਸ਼ਵਾਸ ਦਿਵਾਉਂਦਾ ਹਾਂ, ਅਸੀਂ ਮਹਿਲਾ ਰਾਖਵਾਂਕਰਨ ਦੇ ਰਾਹ ਵਿੱਚ ਆਉਣ ਵਾਲੀ ਹਰ ਰੁਕਾਵਟ ਨੂੰ ਖ਼ਤਮ ਕਰਕੇ ਰਹਾਂਗੇ, ਹਟਾ ਕੇ ਰਹਾਂਗੇ। ਸਾਡਾ ਹੌਂਸਲਾ ਵੀ ਬੁਲੰਦ ਹੈ, ਸਾਡੀ ਹਿੰਮਤ ਵੀ ਅਟੁੱਟ ਹੈ ਅਤੇ ਸਾਡਾ ਇਰਾਦਾ ਵੀ ਅਡੋਲ ਹੈ।

ਤਾਕਤ ਲਾ ਦਿੰਦੀ ਹੈ। ਕਾਂਗਰਸ, 'ਵੰਨ ਨੇਸ਼ਨ, ਵੰਨ ਇਲੈਕਸ਼ਨ' ਦਾ ਵਿਰੋਧ ਕਰਦੀ ਹੈ, ਕਾਂਗਰਸ ਦੇਸ਼ ਵਿੱਚੋਂ ਘੁਸਪੈਠੀਆਂ ਨੂੰ ਭਜਾਉਣ ਦਾ ਵਿਰੋਧ ਕਰਦੀ ਹੈ, ਕਾਂਗਰਸ ਵੋਟਰ ਸੂਚੀ ਦੇ ਸੁਧਾਰ -ਐੱਸਆਈਆਰ ਦਾ ਵਿਰੋਧ ਕਰਦੀ ਹੈ, ਕਾਂਗਰਸ ਵਕਫ਼ ਬੋਰਡ ਵਿੱਚ ਸੁਧਾਰ ਦਾ ਵਿਰੋਧ ਕਰਦੀ ਹੈ। ਸੀਏਏ ਕਾਨੂੰਨ ਤੱਕ ਦਾ ਵਿਰੋਧ ਕੀਤਾ, ਨਕਸਲੀ ਹਿੰਸਾ ਨੂੰ ਖ਼ਤਮ ਕਰਨ ਦੇ ਦੇਸ਼ ਦੇ ਯਤਨਾਂ ਵਿੱਚ ਵੀ ਰੁਕਾਵਟਾਂ ਪਾਈਆਂ। ਕਾਂਗਰਸ ਦਾ ਇੱਕੋ ਹੀ ਤਰੀਕਾ ਰਿਹਾ ਹੈ, ਕੋਈ ਵੀ ਸੁਧਾਰ ਆਵੇ ਤਾਂ ਝੂਠ ਬੋਲੋ, ਭਰਮ ਫੈਲਾਓ। ਇਤਿਹਾਸ ਗਵਾਹ ਹੈ, ਕਾਂਗਰਸ ਨੇ ਹਮੇਸ਼ਾ ਇਹੀ ਨਾਂਹ-ਪੱਖੀ ਰਸਤਾ ਚੁਣਿਆ ਹੈ।

**ਲਟਕਾਉਣ-ਭਟਕਾਉਣ-ਅਟਕਾਉਣ ਦੀ ਸੋਚ ਸੀ:** ਜੋ ਵੀ ਕੰਮ ਦੇਸ਼ ਲਈ ਜ਼ਰੂਰੀ ਫ਼ੈਸਲਾ ਹੁੰਦਾ ਹੈ, ਕਾਂਗਰਸ ਉਸ ਨੂੰ ਦੱਬ ਦਿੰਦੀ ਹੈ। ਕਾਂਗਰਸ ਦੇ ਇਸੇ ਰਵੱਈਏ ਕਾਰਨ ਭਾਰਤ ਵਿਕਾਸ ਦੀ ਉਸ ਉਚਾਈ 'ਤੇ ਨਹੀਂ ਪਹੁੰਚ ਸਕਿਆ, ਜਿਸ ਦਾ ਭਾਰਤ ਹੱਕਦਾਰ ਹੈ। ਆਜ਼ਾਦੀ ਵੇਲੇ, ਉਸ ਦੌਰ ਵਿੱਚ ਸਾਡੇ ਨਾਲ ਹੋਰ ਵੀ ਕਈ ਦੇਸ਼ ਆਜ਼ਾਦ ਹੋਏ ਸਨ। ਜ਼ਿਆਦਾਤਰ ਦੇਸ਼ ਸਾਡੇ ਤੋਂ ਬਹੁਤ ਅੱਗੇ ਨਿਕਲ ਗਏ, ਅਤੇ ਇਸ ਦੀ ਵਜ੍ਹਾ ਸੀ ਕਿ ਕਾਂਗਰਸ ਹਰ ਸੁਧਾਰ ਨੂੰ ਰੋਕ ਕੇ ਬੈਠੀ ਰਹੀ। ਲਟਕਾਉਣਾ, ਭਟਕਾਉਣਾ ਅਤੇ ਅਟਕਾਉਣਾ ਹੀ ਕਾਂਗਰਸ ਦਾ ਅਸੂਲ ਰਿਹਾ ਹੈ, ਇਹੀ ਕਾਂਗਰਸ ਦੇ ਕੰਮ-ਕਾਜ ਦਾ ਸੱਭਿਆਚਾਰ ਰਿਹਾ ਹੈ। ਕਾਂਗਰਸ ਨੇ ਗੁਆਂਢੀ ਦੇਸ਼ਾਂ ਨਾਲ ਸਰਹੱਦੀ ਵਿਵਾਦਾਂ ਨੂੰ ਲਟਕਾਇਆ, ਕਾਂਗਰਸ ਨੇ ਪਾਕਿਸਤਾਨ ਨਾਲ ਪਾਣੀ ਦੀ ਵੰਡ ਨਾਲ ਜੁੜੇ ਵਿਵਾਦਾਂ ਨੂੰ ਲਟਕਾਇਆ, ਕਾਂਗਰਸ ਨੇ ਓਬੀਸੀ ਰਾਖਵਾਂਕਰਨ ਦੇ ਫ਼ੈਸਲੇ ਨੂੰ 40 ਸਾਲ ਤੱਕ ਲਟਕਾਈ ਰੱਖਿਆ। ਕਾਂਗਰਸ ਨੇ ਫੌਜੀਆਂ ਲਈ 'ਵੰਨ ਰੈਂਕ, ਵੰਨ ਪੈਨਸ਼ਨ' ਨੂੰ 40 ਸਾਲ ਤੱਕ ਰੋਕੀ ਰੱਖਿਆ।

**ਮਹਿਲਾ ਰਾਖਵਾਂਕਰਨ ਦਾ ਸੰਕਲਪ ਪੂਰਾ ਕਰਾਂਗੇ:** ਮਹਿਲਾ ਰਾਖਵਾਂਕਰਨ ਦਾ ਵਿਰੋਧ ਕਰਨ ਵਾਲੀਆਂ ਪਾਰਟੀਆਂ, ਇਹ ਦੇਸ਼ ਦੀ ਨਾਰੀ ਸ਼ਕਤੀ ਨੂੰ ਸੰਸਦ ਅਤੇ ਵਿਧਾਨ ਸਭਾਵਾਂ ਵਿੱਚ ਉਨ੍ਹਾਂ ਦੀ ਹਿੱਸੇਦਾਰੀ ਵਧਾਉਣ ਤੋਂ ਕਦੇ ਵੀ ਰੋਕ ਨਹੀਂ ਸਕਣਗੀਆਂ, ਸਿਰਫ਼ ਸਮੇਂ ਦਾ ਇੰਤਜ਼ਾਰ ਹੈ। ਕੱਲ੍ਹ ਸਾਡੇ ਕੋਲ ਗਿਣਤੀ ਪੂਰੀ ਨਹੀਂ ਸੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਹਾਰ ਗਏ। ਸਾਡਾ ਆਤਮ-ਵਿਸ਼ਵਾਸ ਅਜਿੱਤ ਹੈ। ਸਾਡੀ ਕੋਸ਼ਿਸ਼ ਰੁਕੇਗੀ ਨਹੀਂ, ਸਾਡੀ ਕੋਸ਼ਿਸ਼ ਥੰਮੇਗੀ ਨਹੀਂ। ਸਾਡੇ ਕੋਲ ਅੱਗੇ ਹਾਲੇ ਹੋਰ ਮੌਕੇ ਆਉਣਗੇ, ਸਾਨੂੰ ਅੱਧੀ ਆਬਾਦੀ ਦੇ ਸੁਪਨਿਆਂ ਲਈ, ਦੇਸ਼ ਦੇ ਭਵਿੱਖ ਲਈ, ਇਸ ਸੰਕਲਪ ਨੂੰ ਪੂਰਾ ਕਰਨਾ ਹੀ ਹੈ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# ਖਰੀਫ ਸੀਜ਼ਨ 2026 ਦੇ ਲਈ ਖਾਦ ਸਬਸਿਡੀ ਜੈਪੁਰ ਮੈਟਰੋ ਦੇ ਵਿਸਥਾਰ ਨੂੰ ਮਨਜ਼ੂਰੀ

*ਕੇਂਦਰੀ ਕੈਬਨਿਟ ਨੇ ਕਿਸਾਨਾਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਖਰੀਫ ਸੀਜ਼ਨ 2026 ਦੇ ਲਈ ਫਾਸਫੇਟ ਅਤੇ ਪੋਟਾਸ਼ੀਅਮ ਖਾਦਾਂ 'ਤੇ ਪੋਸ਼ਕ ਤੱਤ ਅਧਾਰਿਤ ਸਬਸਿਡੀ ਦਰਾਂ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਫ਼ੈਸਲਾ ਕਿਸਾਨਾਂ ਨੂੰ ਸਸਤੀਆਂ ਦਰਾਂ 'ਤੇ ਖਾਦ ਉਪਲਬਧ ਕਰਵਾਉਣ ਅਤੇ ਖੇਤੀਬਾੜੀ ਨੂੰ ਮਜ਼ਬੂਤ ਬਣਾਉਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਹੈ। ਨਾਲ ਹੀ, ਜੈਪੁਰ ਵਿੱਚ ਮੈਟਰੋ ਪ੍ਰੋਜੈਕਟ ਦੇ ਦੂਜੇ ਪੜਾਅ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਨਾਲ ਸ਼ਹਿਰ ਵਿੱਚ ਆਵਾਜਾਈ ਅਤੇ ਟੂਰਿਜ਼ਮ ਨੂੰ ਨਵੀਂ ਗਤੀ ਮਿਲੇਗੀ ਅਤੇ ਰੁਜ਼ਗਾਰ ਅਤੇ ਵਪਾਰ ਨੂੰ ਵੀ ਹੁਲਾਰਾ ਮਿਲੇਗਾ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ-III ਨੂੰ ਮਾਰਚ 2028 ਤੱਕ ਜਾਰੀ ਰੱਖਣ ਦੀ ਮਨਜ਼ੂਰੀ ਸਮੇਤ ਕਈ ਹੋਰ ਮਹੱਤਵਪੂਰਨ ਪ੍ਰਸਤਾਵਾਂ ਨੂੰ ਵੀ ਦਿੱਤੀ ਗਈ ਮਨਜ਼ੂਰੀ ...*



*ਵਿਸ਼ਵਵਿਆਪੀ ਚੁਣੌਤੀਆਂ ਦੇ ਦਰਮਿਆਨ ਵੀ ਕਿਸਾਨ ਭਰਾਵਾਂ ਅਤੇ ਭੈਣਾਂ ਦਾ ਹਿਤ ਹਮੇਸ਼ਾ ਸਾਡੀ ਸਰਕਾਰ ਦੀ ਤਰਜੀਹ ਰਹੀ ਹੈ। ਇਸ ਦਿਸ਼ਾ ਵਿੱਚ ਵਰ੍ਹੇ 2026 ਦੇ ਖਰੀਫ ਸੀਜ਼ਨ ਦੇ ਲਈ ਨਿਊਟ੍ਰੀਐਂਟ ਬੇਸਡ ਸਬਸਿਡੀ ਦੇ ਵਾਧੇ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਨਾਲ ਅੰਨਦਾਤਾਵਾਂ ਨੂੰ ਪਹਿਲਾਂ ਦੀ ਤਰ੍ਹਾਂ ਕਿਫਾਇਤੀ ਦਰਾਂ 'ਤੇ ਖਾਦਾਂ ਮਿਲਦੀਆਂ ਰਹਿਣਗੀਆਂ।*— **ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

**ਫ਼ੈਸਲਾ : ਖਰੀਫ ਸੀਜ਼ਨ 2026 ਲਈ ਫਾਸਫੇਟ ਅਤੇ ਪੋਟਾਸ਼ੀਅਮ ਖਾਦਾਂ 'ਤੇ ਪੋਸ਼ਕ ਤੱਤ ਅਧਾਰਿਤ ਸਬਸਿਡੀ ਦਰਾਂ ਨੂੰ ਮਨਜ਼ੂਰੀ।**

ਪ੍ਰਭਾਵ : ਕਿਸਾਨਾਂ ਨੂੰ ਰਿਆਇਤੀ, ਕਿਫਾਇਤੀ ਅਤੇ ਉਚਿਤ ਕੀਮਤਾਂ 'ਤੇ ਖਾਦਾਂ ਉਪਲਬਧ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ।

- ਡੀਏਪੀ ਅਤੇ ਐੱਨਪੀਕੇਐੱਸ ਗ੍ਰੇਡ ਸਮੇਤ ਫਾਸਫੇਟ ਅਤੇ ਪੋਟਾਸ਼ੀਅਮ ਖਾਦਾਂ ਕਿਸਾਨਾਂ ਨੂੰ ਉੱਚਿਤ ਕੀਮਤਾਂ 'ਤੇ ਮਿਲਦੀਆਂ ਰਹਿਣਗੀਆਂ ।
- ਖਰੀਫ ਸੀਜ਼ਨ 2026 ਦੇ ਲਈ ਅਨੁਮਾਨਿਤ ਬਜਟ ਜ਼ਰੂਰਤ ਲਗਭਗ 41,533.81 ਕਰੋੜ ਰੁਪਏ ਹੋਵੇਗੀ, ਜੋ ਕਿ ਖਰੀਫ ਸੀਜ਼ਨ 2025 ਦੀਆਂ ਬਜਟ ਜ਼ਰੂਰਤਾਂ ਨਾਲੋਂ ਲਗਭਗ 4,317 ਕਰੋੜ ਰੁਪਏ ਵੱਧ ਹੈ।

**ਫ਼ੈਸਲਾ: ਜੈਪੁਰ ਮੈਟਰੋ ਦੇ ਦੂਜੇ ਪੜਾਅ ਨੂੰ ਪ੍ਰਵਾਨਗੀ। ਇਸ ਪੜਾਅ ਵਿੱਚ 13,037.66 ਕਰੋੜ ਰੁਪਏ ਦੀ ਲਾਗਤ ਨਾਲ 41 ਕਿਲੋਮੀਟਰ ਲੰਬੇ ਉੱਤਰ-ਦੱਖਣ ਮੈਟਰੋ ਕੋਰੀਡੋਰ ਦਾ ਨਿਰਮਾਣ ਕੀਤਾ ਜਾਵੇਗਾ।**

ਪ੍ਰਭਾਵ: ਦੂਜੇ ਪੜਾਅ ਦਾ ਸੰਚਾਲਨ ਸ਼ੁਰੂ ਹੋਣ ਨਾਲ ਮੈਟਰੋ ਨੈੱਟਵਰਕ ਵਿੱਚ ਯਾਤਰੀਆਂ ਦੀ ਗਿਣਤੀ ਵਿੱਚ ਕਈ ਗੁਣਾ ਵਾਧਾ ਹੋਣ ਦੀ ਸੰਭਾਵਨਾ ਹੈ। ਇਸ ਨਾਲ ਜੈਪੁਰ ਦੀ ਜਨਤਕ ਆਵਾਜਾਈ ਵਿੱਚ ਮੈਟਰੋ ਦੀ ਹਿੱਸੇਦਾਰੀ ਬਹੁਤ ਵਧੇਗੀ ਅਤੇ ਨਿਜੀ ਵਾਹਨਾਂ 'ਤੇ ਨਿਰਭਰਤਾ ਘੱਟ ਹੋਵੇਗੀ।

- ਟ੍ਰੈਫਿਕ ਜਾਮ ਘੱਟ ਹੋਣ ਦੇ ਨਾਲ ਹੀ ਵਾਹਨਾਂ ਦੁਆਰਾ ਹੋਣ ਵਾਲੇ ਪ੍ਰਦੂਸ਼ਣ ਵਿੱਚ ਕਮੀ ਆਵੇਗੀ ਅਤੇ ਸ਼ਹਿਰਵਾਸੀਆਂ, ਕੰਮਕਾਜੀ ਲੋਕਾਂ ਅਤੇ ਟੂਰਿਸਟਾਂ ਦੇ ਲਈ ਆਉਣ-ਜਾਣ ਵਿੱਚ ਅਸਾਨੀ ਹੋਵੇਗੀ। ਇਸ ਨਾਲ ਆਧੁਨਿਕ ਅਤੇ ਭਵਿੱਖ ਦੇ ਲਈ ਤਿਆਰ ਸ਼ਹਿਰ ਦੇ ਤੌਰ 'ਤੇ ਜੈਪੁਰ ਦੀ ਸਥਿਤੀ ਚੰਗੀ ਹੋਵੇਗੀ। ਵਿਕਸਿਤ ਭਾਰਤ ਅਤੇ ਵਿਕਸਿਤ

ਰਾਜਸਥਾਨ ਦੀ ਦਿਸ਼ਾ ਵਿੱਚ ਇਹ ਇੱਕ ਮਹੱਤਵਪੂਰਨ ਕਦਮ ਹੋਵੇਗਾ।

- ਪ੍ਰਹਿਲਾਦਪੁਰਾ ਤੋਂ ਤੋੜੀ ਮੋੜ ਤੱਕ ਦੇ ਇਸ ਮਾਰਗ ਵਿੱਚ 36 ਸਟੇਸ਼ਨ ਹੋਣਗੇ। ਜੈਪੁਰ ਮੈਟਰੋ ਦੇ ਪਹਿਲੇ ਪੜਾਅ ਦਾ ਹੁਣ ਵੀ ਹਰ ਦਿਨ ਔਸਤਨ 60 ਹਜ਼ਾਰ ਯਾਤਰੀ ਲਾਭ ਲੈ ਰਹੇ ਹਨ।

**ਫ਼ੈਸਲਾ:** ਮੰਤਰੀ ਮੰਡਲ ਨੇ ਐੱਚਪੀਸੀਐੱਲ ਰਾਜਸਥਾਨ ਰਿਫਾਇਨਰੀ ਲਿਮਿਟੇਡ (ਐੱਚਆਰਆਰਐੱਲ) ਪ੍ਰੋਜੈਕਟ ਲਾਗਤ ਨੂੰ 43,129 ਕਰੋੜ ਰੁਪਏ ਤੋਂ ਵਧਾ ਕੇ 79,459 ਕਰੋੜ ਰੁਪਏ ਕਰਨ ਅਤੇ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਿਟੇਡ (ਐੱਚਪੀਸੀਐੱਲ) ਦੁਆਰਾ 8,962 ਕਰੋੜ ਰੁਪਏ ਦੇ ਵਾਧੂ ਇਕੁਵਿਟੀ ਨਿਵੇਸ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

**ਪ੍ਰਭਾਵ :** ਦੇਸ਼ ਵਿੱਚ ਊਰਜਾ ਦੀਆਂ ਵਧ ਰਹੀਆਂ ਜ਼ਰੂਰਤਾਂ, ਪੈਟਰੋਕੈਮੀਕਲ ਦੀਆਂ ਜ਼ਰੂਰਤਾਂ ਅਤੇ ਵਿਸ਼ੇਸ਼ ਉਤਪਾਦਾਂ ਦੀ ਮੈਨੂਫੈਕਚਰਿੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਐੱਚਆਰਐੱਲ ਇੱਕ ਮਹੱਤਵਪੂਰਨ ਪ੍ਰੋਜੈਕਟ ਹੈ। ਇਸ ਨਾਲ ਆਯਾਤ 'ਤੇ ਦੇਸ਼ ਦੀ ਨਿਰਭਰਤਾ ਘੱਟ ਹੋਵੇਗੀ ਅਤੇ ਵਿਦੇਸ਼ੀ ਮੁਦਰਾ ਦੀ ਬੱਚਤ ਹੋਵੇਗੀ। ਇਸ ਤੋਂ ਇਲਾਵਾ, ਇਹ ਪ੍ਰੋਜੈਕਟ ਪਿਛੜੇ ਖੇਤਰ ਦੇ ਉਦਯੋਗੀਕਰਣ, ਸਥਾਨਕ ਪੱਧਰ 'ਤੇ ਉਪਲਬਧ ਮੰਗਲਾ ਕੱਚੇ ਤੇਲ ਦੀ ਵਰਤੋਂ ਅਤੇ ਭਾਰਤ ਨੂੰ ਇੱਕ ਰਿਫਾਇਨਿੰਗ ਹੱਬ ਦੇ ਰੂਪ ਵਿੱਚ ਹੁਲਾਰਾ ਦੇਣ ਵਿੱਚ ਵੀ ਯੋਗਦਾਨ ਦੇਵੇਗਾ।

- ਇਸ ਪ੍ਰੋਜੈਕਟ ਦੇ ਲਾਗੂਕਰਨ ਦੌਰਾਨ, ਐੱਚਆਰਐੱਲ ਨੇ ਰਿਫਾਇਨਰੀ ਯੂਨਿਟਾਂ ਦੇ ਨਿਰਮਾਣ ਵਿੱਚ ਲਗੇ ਵੱਖ-ਵੱਖ ਹਿਤਧਾਰਕਾਂ ਦੁਆਰਾ ਲਗਭਗ 25,000 ਵਰਕਰਾਂ ਦੇ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ।



**ਫ਼ੈਸਲਾ: ਅਰੁਣਾਚਲ ਪ੍ਰਦੇਸ਼ ਦੇ ਕਾਮਲੇ, ਕ੍ਰਾ ਦਾਦੀ ਅਤੇ ਕੁਰੁੰਗ ਕੁਮੇ ਜ਼ਿਲ੍ਹਿਆਂ ਵਿੱਚ ਕਮਲਾ ਹਾਈਡ੍ਰੋ ਇਲੈਕਟ੍ਰਿਕ ਪ੍ਰੋਜੈਕਟ (ਐੱਚਈਪੀ) ਦੇ ਨਿਰਮਾਣ ਦੇ ਲਈ 26,069.50 ਕਰੋੜ ਰੁਪਏ ਦੇ ਨਿਵੇਸ਼ ਨੂੰ ਮਨਜ਼ੂਰੀ।**

**ਪ੍ਰਭਾਵ: 1,720 ਮੈਗਾਵਾਟ ਦੀ ਸਥਾਪਿਤ ਸਮਰੱਥਾ ਵਾਲੇ ਇਸ ਪ੍ਰੋਜੈਕਟ ਨਾਲ 6,870 ਮਿਲੀਅਨ ਯੂਨਿਟ ਊਰਜਾ ਪੈਦਾ ਹੋਣ ਦੀ ਉਮੀਦ ਹੈ। ਇਸ ਪ੍ਰੋਜੈਕਟ ਨਾਲ ਪੈਦਾ ਬਿਜਲੀ ਰਾਜ ਵਿੱਚ ਬਿਜਲੀ ਦੀ ਸਪਲਾਈ ਦੀ ਸਥਿਤੀ ਨੂੰ ਮਜ਼ਬੂਤ ਕਰੇਗੀ। ਬਿਜਲੀ ਦੀ ਉੱਚ ਮੰਗ ਪ੍ਰਬੰਧਨ ਵਿੱਚ ਸਹਾਇਤਾ ਮਿਲੇਗੀ, ਰਾਸ਼ਟਰੀ ਗਰਿੱਡ ਸੰਤੁਲਨ ਵਿੱਚ ਯੋਗਦਾਨ ਪਏਗਾ ਅਤੇ ਬ੍ਰਹਮਪੁੱਤਰ ਘਾਟੀ ਵਿੱਚ ਹੜ੍ਹ ਦੇ ਹਿਸਾਬ ਨਾਲ ਲਾਭ ਪ੍ਰਦਾਨ ਕੀਤੇ ਜਾਣਗੇ। ਪ੍ਰੋਜੈਕਟ ਨੂੰ ਪੂਰਾ ਕਰਨ ਲਈ ਸਮਾਂ ਸੀਮਾ 96 ਮਹੀਨੇ ਹੈ।**

- ਇਹ ਪ੍ਰੋਜੈਕਟ ਅਰੁਣਾਚਲ ਪ੍ਰਦੇਸ਼ ਦੇ ਕਾਮਲੇ, ਕਰ ਦਾਦੀ ਅਤੇ ਕੁਰੁੰਗ ਕੁਮੇ ਜ਼ਿਲ੍ਹਿਆਂ ਦੇ ਬੁਨਿਆਦੀ ਢਾਂਚੇ ਵਿੱਚ ਮਹੱਤਵਪੂਰਨ ਸੁਧਾਰ ਲਿਆਵੇਗਾ ਜਿਸ ਵਿੱਚ ਲਗਭਗ 196 ਕਿਲੋਮੀਟਰ ਸੜਕਾਂ ਅਤੇ ਪੁਲਾਂ ਦਾ ਵਿਕਾਸ ਸ਼ਾਮਲ ਹੈ।
- ਜ਼ਿਲ੍ਹੇ ਨੂੰ ਹਸਪਤਾਲਾਂ, ਸਕੂਲਾਂ ਅਤੇ ਬਜ਼ਾਰਾਂ ਵਰਗੇ ਜ਼ਰੂਰੀ ਬੁਨਿਆਦੀ ਢਾਂਚਿਆਂ ਦੇ ਨਿਰਮਾਣ ਨਾਲ ਵੀ ਲਾਭ ਹੋਵੇਗਾ।
- ਸਥਾਨਕ ਆਬਾਦੀ ਨੂੰ ਮੁਆਵਜ਼ੇ, ਰੁਜ਼ਗਾਰ ਅਤੇ ਸੀਐੱਸਆਰ ਗਤੀਵਿਧੀਆਂ ਤੋਂ ਵੀ ਲਾਭ ਮਿਲੇਗਾ।

**ਫ਼ੈਸਲਾ :** ਅਰੁਣਾਚਲ ਪ੍ਰਦੇਸ਼ ਦੇ ਅੰਜਾਓ ਜ਼ਿਲ੍ਹੇ ਵਿੱਚ 1,200 ਮੈਗਾਵਾਟ ਦੀ ਸਮਰੱਥਾ ਵਾਲੇ ਕਲਾਈ-II ਹਾਈਡ੍ਰੋ ਇਲੈਕਟ੍ਰਿਕ ਪ੍ਰੋਜੈਕਟ ਦੇ ਨਿਰਮਾਣ ਲਈ ਨਿਵੇਸ਼ ਪ੍ਰਸਤਾਵ ਨੂੰ ਮਨਜ਼ੂਰੀ ।

**ਪ੍ਰਭਾਵ: ਉਮੀਦ ਹੈ ਕਿ ਇਸ ਪ੍ਰੋਜੈਕਟ ਨਾਲ ਹਰ ਸਾਲ 4,852.95 ਮਿਲੀਅਨ ਯੂਨਿਟ ਬਿਜਲੀ ਦਾ ਉਤਪਾਦਨ ਹੋਵੇਗਾ। ਲੋਹਿਤ ਬੇਸਿਨ ਦੇ ਪਹਿਲੇ ਹਾਈਡ੍ਰੋ ਇਲੈਕਟ੍ਰਿਕ (ਪਣਬਿਜਲੀ) ਪ੍ਰੋਜੈਕਟ ਦੇ ਰੂਪ ਵਿੱਚ, ਇਹ ਰਾਜ ਦੇ ਅੰਦਰ ਬਿਜਲੀ ਸਪਲਾਈ ਨੂੰ ਮਜ਼ਬੂਤ ਕਰੇਗਾ, ਪੀਕ-ਡਿਮਾਂਡ ਪੀਰੀਅਡਾਂ ਦੇ ਪ੍ਰਬੰਧਨ ਵਿੱਚ ਸਹਾਇਤਾ ਕਰੇਗਾ, ਅਤੇ ਰਾਸ਼ਟਰੀ ਗਰਿੱਡ ਨੂੰ ਸੰਤੁਲਿਤ ਕਰਨ ਵਿੱਚ ਯੋਗਦਾਨ ਪਾਵੇਗਾ।**

- ਪ੍ਰੋਜੈਕਟ ਦੀ ਅਨੁਮਾਨਿਤ ਲਾਗਤ ਲਗਭਗ 14,105.83 ਕਰੋੜ ਰੁਪਏ ਹੈ। ਇਸ ਦੇ ਪੂਰਾ ਹੋਣ ਦੀ ਅਨੁਮਾਨਿਤ ਮਿਆਦ 78 ਮਹੀਨੇ ਹੈ।
- ਰਾਜ ਦੇ ਨਾਮਸਾਈ ਅਤੇ ਅੰਜਾਓ ਜ਼ਿਲ੍ਹਿਆਂ ਦੇ ਬੁਨਿਆਦੀ ਢਾਂਚੇ ਵਿੱਚ ਮਹੱਤਵਪੂਰਨ ਸੁਧਾਰ ਹੋਵੇਗਾ। ਇਸ ਪ੍ਰੋਜੈਕਟ ਦੇ ਤਹਿਤ ਲਗਭਗ 29 ਕਿਲੋਮੀਟਰ ਸੜਕਾਂ ਅਤੇ ਪੁਲਾਂ ਦਾ ਨਿਰਮਾਣ ਕੀਤਾ ਜਾਵੇਗਾ।
- ਸਥਾਨਕ ਲੋਕਾਂ ਨੂੰ ਵੱਖ-ਵੱਖ ਤਰ੍ਹਾਂ ਦੇ ਮੁਆਵਜ਼ੇ, ਰੁਜ਼ਗਾਰ ਦੇ ਮੌਕੇ ਅਤੇ ਸੀਐੱਸਆਰ ਗਤੀਵਿਧੀਆਂ ਦੇ ਰਾਹੀਂ ਵੀ ਲਾਭ ਮਿਲੇਗਾ।

ਕੈਬਨਿਟ ਦੇ ਫ਼ੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।

**ਫ਼ੈਸਲਾ: ਕੇਂਦਰੀ ਕਰਮਚਾਰੀਆਂ ਲਈ ਮਹਿੰਗਾਈ ਭੱਤਾ ਅਤੇ ਪੈਨਸ਼ਨਰਜ਼ ਲਈ ਮਹਿੰਗਾਈ ਰਾਹਤ (ਡੀਆਰ) ਦੀ ਮਨਜ਼ੂਰੀ।**

**ਪ੍ਰਭਾਵ:** ਇਹ ਇੱਕ ਜਨਵਰੀ 2026 ਤੋਂ ਲਾਗੂ ਹੋਵੇਗੀ। ਮੂਲ ਤਨਖਾਹ/ਪੈਨਸ਼ਨ ਦੇ 58 ਪ੍ਰਤੀਸ਼ਤ ਦੀ ਮੌਜੂਦਾ ਦਰ ਵਿੱਚ ਦੋ ਪ੍ਰਤੀਸ਼ਤ ਦਾ ਵਾਧਾ ਹੋਵੇਗਾ। ਮਹਿੰਗਾਈ ਭੱਤਾ ਅਤੇ ਮਹਿੰਗਾਈ ਰਾਹਤ ਦੋਵਾਂ ਵਿੱਚ ਵਾਧੇ ਦੇ ਕਾਰਨ ਸਰਕਾਰੀ ਖਜਾਨੇ 'ਤੇ ਕੁੱਲ ਮਿਲਾ ਕੇ 6791.24 ਕਰੋੜ ਰੁਪਏ ਦਾ ਪ੍ਰਤੀ ਵਰ੍ਹੇ ਭਾਰ ਵਧੇਗਾ। ਇਸ ਨਾਲ ਲਗਭਗ 50.46 ਲੱਖ ਕੇਂਦਰੀ ਸਰਕਾਰੀ ਕਰਮਚਾਰੀਆਂ ਅਤੇ 68.27 ਲੱਖ ਪੈਨਸ਼ਨਰਜ਼ ਨੂੰ ਲਾਭ ਹੋਵੇਗਾ।

**ਫ਼ੈਸਲਾ: 'ਭਾਰਤ ਮਰੀਨ ਇੰਸ਼ੋਰੈਂਸ ਪੂਲ' (ਬੀਐੱਮਆਈ ਪੂਲ) ਦੇ ਨਿਰਮਾਣ ਪ੍ਰਸਤਾਵ ਨੂੰ ਮਨਜ਼ੂਰੀ)**

**ਪ੍ਰਭਾਵ:** ਟਿਕਾਊ ਮਰੀਨ ਇੰਸ਼ੋਰੈਂਸ ਕਵਰੇਜ ਦੀ ਸੁਵਿਧਾ ਦੇ ਲਈ 12,980 ਕਰੋੜ ਰੁਪਏ ਦੀ ਸੌਵਰੇਨ ਗਰੰਟੀ ਦਿੱਤੀ ਗਈ ਹੈ। ਘਰੇਲੂ ਬੀਮਾ ਪੂਲ ਵਿਸ਼ਵਵਿਆਪੀ ਉਥਲ-ਪੁਥਲ, ਭੂ-ਰਾਜਨੀਤਿਕ ਅਸਥਿਰਤਾ ਦਾ ਸਮਾਧਾਨ ਕਰਦਾ ਹੈ ਅਤੇ ਬਾਹਰੀ ਇੰਸ਼ੋਰੈਂਸ 'ਤੇ ਭਾਰਤੀ ਜਹਾਜ਼ਾਂ ਦੀ ਨਿਰਭਰਤਾ ਨੂੰ ਘੱਟ ਕਰਦਾ ਹੈ। ਇਸ ਪੂਲ ਵਿੱਚ ਸਾਰੇ ਸਮੁੰਦਰੀ ਜੋਖਮ ਸ਼ਾਮਲ ਹਨ, ਜਿਵੇਂ ਜਹਾਜ਼ ਅਤੇ ਮਸ਼ੀਨਰੀ, ਕਾਰਗੋ, ਪੀ ਐਂਡ ਆਈ ਅਤੇ ਯੁੱਧ ਜੋਖਮ। ਇਹ ਉਨ੍ਹਾਂ ਜਹਾਜ਼ਾਂ ਨੂੰ ਵੀ ਸ਼ਾਮਲ ਕਰਦਾ ਹੈ ਜੋ ਕਿਸੇ ਵੀ ਅੰਤਰਰਾਸ਼ਟਰੀ ਮੂਲ ਤੋਂ ਭਾਰਤੀ ਬੰਦਰਗਾਹਾਂ ਤੱਕ ਜਾਂ ਇਸ ਦੇ ਉਲਟ ਮਾਰਗ 'ਤੇ ਕਾਰਗੋ ਲੈ ਜਾ ਰਹੇ ਹਨ, ਭਾਵੇਂ ਹੀ ਉਹ ਅਸਥਿਰ ਸਮੁੰਦਰੀ ਮਾਰਗ ਤੋਂ ਲੰਘ ਰਹੇ ਹੋਣ।

ਫ਼ੈਸਲਾ: ਉੱਤਰ ਪ੍ਰਦੇਸ਼ ਅਤੇ ਆਂਧਰ ਪ੍ਰਦੇਸ਼ ਦੇ 15 ਜ਼ਿਲ੍ਹਿਆਂ ਨੂੰ ਕਵਰ ਕਰਨ ਵਾਲੇ ਦੋ ਮਲਟੀ ਟ੍ਰੈਕਿੰਗ ਪ੍ਰੋਜੈਕਟਾਂ ਨੂੰ ਮਨਜ਼ੂਰੀ।

ਪ੍ਰਭਾਵ: ਭਾਰਤੀ ਰੇਲਵੇ ਦੇ ਮੌਜੂਦਾ ਨੈੱਟਵਰਕ ਵਿੱਚ ਲਗਭਗ 601 ਕਿਲੋਮੀਟਰ ਦਾ ਵਾਧਾ ਹੋਵੇਗਾ। ਇਨ੍ਹਾਂ ਪ੍ਰੋਜੈਕਟਾਂ ਵਿੱਚ ਅਨੁਮਾਨਿਤ ਲਾਗਤ 24,815 ਕਰੋੜ ਰੁਪਏ ਹੈ। ਇਨ੍ਹਾਂ ਨੂੰ 2030-31 ਤੱਕ ਪੂਰਾ ਕੀਤਾ ਜਾਣਾ ਹੈ। ਇਸ ਨਾਲ ਭਾਰਤੀ ਰੇਲਵੇ ਦੀ ਸੰਚਾਲਨ ਕੁਸ਼ਲਤਾ ਅਤੇ ਸੇਵਾ ਭਰੋਸੇਯੋਗਤਾ ਵਿੱਚ ਵਾਧਾ ਹੋਵੇਗਾ। ਇਸ ਦਾ ਉਦੇਸ਼ ਖੇਤਰ ਦੇ ਵਿਆਪਕ ਵਿਕਾਸ ਦੇ ਜ਼ਰੀਏ ਨਾਲ ਇਸ ਖੇਤਰ ਦੇ ਲੋਕਾਂ ਨੂੰ ਆਤਮਨਿਰਭਰ ਬਣਾਉਣਾ ਹੈ, ਜਿਸ ਨਾਲ ਉਨ੍ਹਾਂ ਦੇ ਰੁਜ਼ਗਾਰ/ਸਵੈ-ਰੁਜ਼ਗਾਰ ਦੇ ਮੌਕੇ ਵਧਣਗੇ। ਇਨ੍ਹਾਂ ਪ੍ਰੋਜੈਕਟਾਂ ਨਾਲ ਲੋਕਾਂ, ਵਸਤੂਆਂ ਅਤੇ ਸੇਵਾਵਾਂ ਦੀ ਨਿਰਵਿਘਨ ਆਵਾਜਾਈ ਨੂੰ ਯਕੀਨੀ ਬਣਾਇਆ ਜਾਵੇਗਾ।






**ਫ਼ੈਸਲਾ: ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ -III (ਪੀਐੱਮਜੀਐੱਸਵਾਈ-III ) ਨੂੰ ਮਾਰਚ 2025 ਤੋਂ ਅੱਗੇ ਵਧਾ ਕੇ ਮਾਰਚ 2028 ਤੱਕ ਜਾਰੀ ਰੱਖਣ ਦੀ ਮਨਜ਼ੂਰੀ।**

**ਪ੍ਰਭਾਵ:** ਪੀਐੱਮਜੀਐੱਸਵਾਈ–III ਦੀ ਸਮਾਂ-ਸੀਮਾ ਵਧਾਏ ਜਾਣ ਨਾਲ ਗ੍ਰਾਮੀਣ ਸੜਕਾਂ ਦੇ ਯੋਜਨਾਬੱਧ ਸੁਧਾਰ ਦਾ ਕਾਰਜ ਪੂਰਾ ਹੋ ਸਕੇਗਾ। ਇਸ ਨਾਲ ਖੇਤੀਬਾੜੀ ਅਤੇ ਗੈਰ-ਖੇਤੀਬਾੜੀ ਉਤਪਾਦਾਂ ਲਈ ਬਜ਼ਾਰ ਤੱਕ ਪਹੁੰਚ ਅਸਾਨ ਹੋਵੇਗੀ, ਜਿਸ ਨਾਲ ਗ੍ਰਾਮੀਣ ਅਰਥਵਿਵਸਥਾ ਅਤੇ ਵਪਾਰ ਨੂੰ ਹੁਲਾਰਾ ਮਿਲੇਗਾ। ਨਾਲ ਹੀ, ਆਵਾਜਾਈ ਦੇ ਸਮੇਂ ਅਤੇ ਲਾਗਤ ਵਿੱਚ ਕਮੀ ਆਉਣ ਨਾਲ ਗ੍ਰਾਮੀਣ ਆਮਦਨ ਵਿੱਚ ਵੀ ਸੁਧਾਰ ਹੋਵੇਗਾ। ਬਿਹਤਰ ਕਨੈਕਟੀਵਿਟੀ ਦੇ ਨਾਲ ਅਕਾਦਮਿਕ ਸੰਸਥਾਨਾਂ ਅਤੇ ਸਿਹਤ ਕੇਂਦਰਾਂ ਤੱਕ ਪਹੁੰਚ ਸੁਲਭ ਹੋਵੇਗੀ। ਇਸ ਯੋਜਨਾ ਦੇ ਨਿਰੰਤਰ ਲਾਗੂਕਰਨ ਨਾਲ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ।

**ਕੈਬਨਿਟ ਨੇ ਹੇਠ ਲਿਖੇ ਬਿੰਦੂਆਂ ਨੂੰ ਵੀ ਦਿੱਤੀ ਪ੍ਰਵਾਨਗੀ:**

- ਮੈਦਾਨੀ ਖੇਤਰਾਂ ਵਿੱਚ ਸੜਕਾਂ ਅਤੇ ਪੁਲਾਂ ਦੇ ਨਿਰਮਾਣ ਅਤੇ ਪਹਾੜੀ ਖੇਤਰਾਂ ਵਿੱਚ ਸੜਕ ਨਿਰਮਾਣ ਦੇ ਬਾਕੀ ਕੰਮਾਂ ਨੂੰ ਪੂਰਾ ਕਰਨ ਦੀ ਸਮਾਂ-ਸੀਮਾ ਮਾਰਚ 2028 ਤੱਕ ਵਧਾ ਦਿੱਤੀ ਹੈ।
- ਪਹਾੜੀ ਖੇਤਰਾਂ ਵਿੱਚ ਮੁਸ਼ਕਲ ਭੂਗੋਲਿਕ ਸਥਿਤੀਆਂ ਦੇ ਮੱਦੇਨਜ਼ਰ ਪੁਲਾਂ ਦੇ ਨਿਰਮਾਣ ਕਾਰਜ ਨੂੰ ਪੂਰਾ ਕਰਨ ਲਈ ਇਸ ਮਿਆਦ ਨੂੰ ਮਾਰਚ 2029 ਤੱਕ ਵਿਸਤਾਰਿਤ ਕੀਤਾ ਗਿਆ ਹੈ।
- 31 ਮਾਰਚ, 2025 ਤੋਂ ਪਹਿਲਾਂ ਮਨਜ਼ੂਰ ਕੀਤੇ ਉਹ ਸਾਰੇ ਕੰਮ, ਜਿਨ੍ਹਾਂ ਦੀ ਅਲਾਟਮੈਂਟ ਹੁਣ ਤੱਕ ਨਹੀਂ ਹੋ ਸਕੀ ਸੀ, ਉਨ੍ਹਾਂ ਨੂੰ ਹੁਣ ਟੈਂਡਰਿੰਗ ਅਤੇ ਅਲਾਟਮੈਂਟ ਪ੍ਰਕਿਰਿਆ ਲਈ ਪ੍ਰਵਾਨਗੀ ਦਿੱਤੀ ਗਈ ਹੈ।
- ਪਹਿਲਾਂ ਤੋਂ ਹੀ ਪ੍ਰਵਾਨਿਤ ਰੂਟ ਵਿੱਚ ਆਉਣ ਵਾਲੇ 161 ਨਵੇਂ ਲੰਬੇ ਪੁਲਾਂ ਦੇ ਲਈ 961 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਨਿਰਮਾਣ ਨੂੰ ਵੀ ਮਨਜ਼ੂਰੀ।
- ਯੋਜਨਾ ਦੇ ਸਫਲ ਲਾਗੂਕਰਨ ਲਈ ਕੁੱਲ ਵਿੱਤੀ ਖਰਚੇ ਨੂੰ ਮੂਲ ਨਿਰਧਾਰਿਤ ਰਕਮ 80,250 ਕਰੋੜ ਰੁਪਏ ਤੋਂ ਵਧਾ ਕੇ 83,977 ਕਰੋੜ ਰੁਪਏ ਕੀਤਾ ਗਿਆ ਹੈ।

ਕੈਬਨਿਟ ਦੇ ਫ਼ੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਬੀਮਾ-ਪੈਨਸ਼ਨ ਦਾ ਸਮਾਜਿਕ ਸੁਰੱਖਿਆ ਕਵਚ

**ਪੀਐੱਮਐੱਸਬੀਵਾਈ, ਪੀਐੱਮਜੇਜੇਬੀਵਾਈ, ਏਪੀਵਾਈ ਦੇ 11 ਵਰ੍ਹੇ**

# ਪਰਿਵਾਰ ਸੁਰੱਖਿਅਤ ਭਵਿੱਖ ਯਕੀਨੀ

*ਸੁਪਨਿਆਂ ਦੀ ਸੁਰੱਖਿਆ ਕਵਚ ਤੋਂ ਲੈ ਕੇ ਸਨਮਾਨ ਬਹਾਲ ਕਰਨ ਤੱਕ, 'ਸਾਰਿਆਂ ਦੇ ਲਈ ਸੁਰੱਖਿਆ' ਯਾਨੀ ਸਬਕਾ ਸਾਥ, ਸਬਕਾ ਵਿਕਾਸ ਮੌਜੂਦਾ ਸਰਕਾਰ ਦੀ ਤਰਜੀਹ ਹੈ। ਇਸੇ ਕੜੀ ਵਿੱਚ 9 ਮਈ, 2015 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਅਤੇ ਅਟਲ ਪੈਨਸ਼ਨ ਯੋਜਨਾ ਦੀ ਸ਼ੁਰੂਆਤ ਕੀਤੀ ਜਿਸ ਦੇ 11 ਵਰ੍ਹੇ ਹੋ ਰਹੇ ਹਨ ਪੂਰੇ.... ਜਨਤਕ ਸੁਰੱਖਿਆ ਦੀਆਂ ਇਨ੍ਹਾਂ ਤਿੰਨੇਂ ਯੋਜਨਾਵਾਂ ਦੇ ਦਾਇਰੇ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਵਿੱਚ ਹਾਲੇ ਤੱਕ ਹੋ ਚੁੱਕੇ ਹਨ 92 ਕਰੋੜ ਤੋਂ ਵੱਧ ਰਜਿਸਟ੍ਰੇਸ਼ਨ.....*

ਭਾਰਤ ਵਿੱਚ 2014 ਤੱਕ 80-90 ਫੀਸਦੀ ਲੋਕ ਅਜਿਹੇ ਸਨ ਜਿਨ੍ਹਾਂ ਕੋਲ ਨਾ ਕੋਈ ਬੀਮਾ ਸੀ ਅਤੇ ਨਾ ਹੀ ਪੈਨਸ਼ਨ ਦੀ ਕੋਈ ਸੰਭਾਵਨਾ ਸੀ। ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਲਗਭਗ 100 ਕਰੋੜ ਤੋਂ ਵੱਧ ਲੋਕ ਬਿਨਾ ਬੀਮਾ ਅਤੇ ਬਿਨਾ ਪੈਨਸ਼ਨ ਸੁਰੱਖਿਆ ਦੇ ਸਨ। ਅਜਿਹੇ ਵਿੱਚ 9 ਮਈ 2015 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੱਛਮ ਬੰਗਾਲ ਦੀ ਧਰਤੀ ਤੋਂ ਇਕੱਠੀਆਂ ਦੋ ਬੀਮਾ ਯੋਜਨਾਵਾਂ ਅਤੇ ਇੱਕ ਪੈਨਸ਼ਨ ਯੋਜਨਾ ਦੀ ਸ਼ੁਰੂਆਤ ਕਰਕੇ ਗ਼ਰੀਬ- ਜ਼ਰੂਰਤਮੰਦ ਦੇ ਪ੍ਰਤੀ ਸਰਕਾਰ ਦੀ ਜ਼ਿੰਮੇਵਾਰੀ ਅਤੇ ਸੰਵੇਦਨਸ਼ੀਲਤਾ ਦਿਖਾਈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਸ ਸਮੇਂ ਵੀ ਕਿਹਾ ਸੀ ਕਿ ਗ਼ਰੀਬਾਂ ਨੂੰ ਸਹਾਰਾ ਨਹੀਂ ਚਾਹੀਦਾ ਹੈ, ਗ਼ਰੀਬਾਂ

**ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ**

**57.11** ਕਰੋੜ ਰਜਿਸਟ੍ਰੇਸ਼ਨ

ਯੂਐੱਸਏ ਦੀ ਆਬਾਦੀ ਤੋਂ ਵੱਧ।

**ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ**

**26.31** ਕਰੋੜ ਰਜਿਸਟ੍ਰੇਸ਼ਨ

ਪਾਕਿਸਤਾਨ ਦੀ ਆਬਾਦੀ ਤੋਂ ਵੱਧ।

**ਅਟਲ ਪੈਨਸ਼ਨ ਯੋਜਨਾ**

**8.71** ਕਰੋੜ ਰਜਿਸਟ੍ਰੇਸ਼ਨ

ਜਰਮਨੀ ਦੀ ਆਬਾਦੀ ਤੋਂ ਵੱਧ।



# ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ

## 20 ਰੁਪਏ ਵਿੱਚ ਇੱਕ ਸਾਲ ਦਾ ਦੁਰਘਟਨਾ ਬੀਮਾ

***ਮੱਧ ਪ੍ਰਦੇਸ਼ ਦੇ ਹਰਦਾ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ 27 ਸਾਲ ਦੀ ਜਯੋਤੀ ਨਿਹਾਲ ਦੇ ਪਤੀ ਮੁਰਲੀਧਰ ਨਿਹਾਲ ਦੀ ਇੱਕ ਹਾਦਸੇ ਵਿੱਚ ਅਚਾਨਕ ਮੌਤ ਹੋ ਗਈ ਜੋ ਪਰਿਵਾਰ ਵਿੱਚ ਕਮਾਉਣ ਵਾਲੇ ਇੱਕੋ-ਇੱਕ ਵਿਅਕਤੀ ਸਨ। ਪਰਿਵਾਰ ਵਿੱਚ ਜਯੋਤੀ ਦੇ ਨਾਲ ਦੋ ਛੋਟੇ ਬੱਚੇ ਵੀ ਸਨ। ਇਸ ਬੁਰੇ ਸਮੇਂ ਵਿੱਚ ਮੁਰਲੀਧਰ ਦਾ ਇੱਕ ਛੋਟਾ ਜਿਹਾ ਫ਼ੈਸਲਾ ਜਿਸ ਵਿੱਚ ਉਨ੍ਹਾਂ ਨੇ 12 ਰੁਪਏ (ਹੁਣ 20 ਰੁਪਏ) ਦੇ ਕੇ ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ (ਪੀਐੱਮਐੱਸਬੀਵਾਈ) ਵਿੱਚ ਰਜਿਸਟ੍ਰੇਸ਼ਨ ਕਰਵਾਇਆ ਸੀ। ਸਰਕਾਰ ਦੁਆਰਾ ਸਪਾਂਸਰਡ ਇਹ ਨਿਜੀ ਸਲਾਨਾ ਦੁਰਘਟਨਾ ਬੀਮਾ ਯੋਜਨਾ ਹੈ। ਜਦੋਂ ਮੁਰਲੀਧਰ ਦਾ ਦੇਹਾਂਤ ਹੋਇਆ, ਤਾਂ ਉਨ੍ਹਾਂ ਦੀ ਪਤਨੀ ਜਯੋਤੀ ਨੂੰ ਇਸ ਯੋਜਨਾ ਤੋਂ 2 ਲੱਖ ਰੁਪਏ ਮਿਲੇ।***

ਅਜਿਹੀਆਂ ਅਣਗਿਣਤ ਕਹਾਣੀਆਂ ਪੀਐੱਮਐੱਸਬੀਵਾਈ ਨਾਲ ਜੁੜੀਆਂ ਹਨ। ਯੋਜਨਾ ਦੀ ਸ਼ੁਰੂਆਤ ਦੇ ਸਮੇਂ ਹੀ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ ਕਿ ਇੱਕ ਫਿਲਮ ਵਿੱਚ ਚੋਟ ਪਹੁੰਚਾਉਣ ਵਾਲਾ ਡਾਇਲੌਗ ਸੀ ਕਿ 12 ਰੁਪਏ ਵਿੱਚ ਕਫ਼ਨ ਵੀ ਨਹੀਂ ਮਿਲਦਾ, ਲੇਕਿਨ ਸਰਕਾਰ ਇੱਕ ਬੀਮਾ ਯੋਜਨਾ ਲੈ ਕੇ ਆਈ, ਜਿਸ ਦਾ ਫਾਇਦਾ ਸਮਾਜ ਦੇ ਆਰਥਿਕ ਤੌਰ 'ਤੇ ਸਭ ਤੋਂ ਕਮਜ਼ੋਰ ਵਰਗ ਨੂੰ ਮਿਲਿਆ ਹੈ।



### ਪੀਐੱਮਐੱਸਬੀਵਾਈ ਦੇ ਵਿਸ਼ੇ ਬਾਰੇ ਜਾਣੋ

- ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ ਵਿਅਕਤੀਗਤ ਸਲਾਨਾ ਦੁਰਘਟਨਾ ਬੀਮਾ ਯੋਜਨਾ ਹੈ ਜਿਸ ਨੂੰ ਹਰ ਸਾਲ ਰੀਨਿਊ ਕਰਵਾਇਆ ਜਾ ਸਕਦਾ ਹੈ।
- ਯੋਜਨਾ ਵਿੱਚ ਦੁਰਘਟਨਾ ਦੇ ਕਾਰਨ ਮੌਤ ਜਾਂ ਸਥਾਈ ਪੂਰਨ ਦਿਵਯਾਂਗਤਾ ਦੇ ਲਈ 2 ਲੱਖ ਰੁਪਏ ਅਤੇ ਸਥਾਈ ਅੰਸ਼ਿਕ ਦਿਵਯਾਂਗਤਾ ਦੇ ਲਈ 1 ਲੱਖ ਰੁਪਏ ਦਾ ਕਵਰੇਜ ਦਿੱਤਾ ਜਾਂਦਾ ਹੈ।
- 20 ਰੁਪਏ ਦਾ ਸਲਾਨਾ ਪ੍ਰੀਮੀਅਮ ਹੈ।
- ਯੋਜਨਾ 18 ਤੋਂ 70 ਸਾਲ ਦੀ ਉਮਰ ਦੇ ਲੋਕਾਂ ਦੇ ਲਈ ਹੈ।
- ਬਿਨੈਕਾਰ ਦੇ ਕੋਲ ਬੈਂਕ ਖਾਤਾ ਹੋਣਾ ਚਾਹੀਦਾ ਹੈ।




**ਨੋਟ: ਪੀਐੱਮਐੱਸਬੀਵਾਈ ਲਾਭਾਰਥੀ**

**50%** ਮਹਿਲਾਵਾਂ। | **72%** ਗ੍ਰਾਮੀਣ ਖੇਤਰ ਦੇ ਲੋਕ ਹਨ।

**ਦਾਅਵਿਆਂ ਦਾ ਭੁਗਤਾਨ**

ਕੁੱਲ ਦਾਅਵੇ **3,277** 2016-17 — ਕੁੱਲ ਰਾਸ਼ੀ **₹65.54 ਕਰੋੜ**

ਕੁੱਲ ਦਾਅਵੇ **1,76,859** 2025-26* ਫਰਵਰੀ 2026 — ਕੁੱਲ ਰਾਸ਼ੀ **₹3,537 ਕਰੋੜ**

**ਬੀਤੇ 5 ਵਰ੍ਹਿਆਂ ਵਿੱਚ ਲਗਭਗ ਢਾਈ ਗੁਣਾ ਵਧਿਆ ਪੀਐੱਮਐੱਸਬੀਵਾਈ ਵਿੱਚ ਨਾਮਾਂਕਣ**




ਨੋਟ: ਅੰਕੜੇ ਕਰੋੜ ਵਿੱਚ, ਵਿੱਤੀ ਵਰ੍ਹੇ 2025-26 ਦੇ ਅੰਕੜੇ 25 ਫਰਵਰੀ, 2026 ਤੱਕ

# ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ

## ਸਲਾਨਾ ਸਿਰਫ਼ 436 ਰੁਪਏ ਯਾਨੀ ਰੋਜ਼ਾਨਾ 1.20 ਰੁਪਏ ਵਿੱਚ ਜੀਵਨ ਜਯੋਤੀ ਬੀਮਾ

*ਰਾਧਾ ਦੇ ਪਤੀ ਦਿਹਾੜੀਦਾਰ ਮਜ਼ਦੂਰ ਸਨ। ਉਨ੍ਹਾਂ ਦਾ ਅਚਾਨਕ ਦੇਹਾਂਤ ਹੋ ਗਿਆ। ਨਾ ਕੋਈ ਬੱਚਤ, ਨਾ ਕੋਈ ਜ਼ਮੀਨ ਅਤੇ ਨਾ ਹੀ ਕੋਈ ਆਰਥਿਕ ਤੌਰ 'ਤੇ ਉਨ੍ਹਾਂ ਦਾ ਸਾਥ ਦੇਣ ਵਾਲਾ ਸੀ। ਤਾਂ, ਪਤੀ ਦੀ ਮੌਤ ਦੇ ਕੁਝ ਦਿਨਾਂ ਬਾਅਦ, ਇੱਕ ਬੀਮਾ ਏਜੰਟ ਉਨ੍ਹਾਂ ਦੇ ਕੋਲ ਆਇਆ ਅਤੇ ਦੱਸਿਆ ਕਿ ਉਨ੍ਹਾਂ ਦੇ ਪਤੀ, ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਵਿੱਚ ਰਜਿਸਟਰਡ ਸਨ। ਰਾਧਾ ਨੂੰ ਬੀਮਾ ਮੁਆਵਜ਼ੇ ਦੇ 2 ਲੱਖ ਰੁਪਏ ਦੀ ਆਰਥਿਕ ਸਹਾਇਤਾ ਨੇ ਮੁੜ ਤੋਂ ਖੜ੍ਹੇ ਹੋਣ, ਜੀਵਨ ਨੂੰ ਨਵੇਂ ਸਿਰ੍ਹੇ ਤੋਂ ਸ਼ੁਰੂ ਕਰਨ ਦੀ ਉਮੀਦ ਦਿੱਤੀ।*

ਇਸ ਬੀਮਾ ਯੋਜਨਾ ਦੀ ਸ਼ੁਰੂਆਤ ਵੀ 9 ਮਈ, 2015 ਨੂੰ ਹੋਈ ਸੀ। ਇਸ ਯੋਜਨਾ ਦਾ ਐਲਾਨ 2015 ਦੇ ਕੇਂਦਰੀ ਬਜਟ ਵਿੱਚ ਕੀਤਾ ਗਿਆ ਸੀ, ਜਦੋਂ ਇਹ ਦੇਖਿਆ ਗਿਆ ਕਿ ਲਗਭਗ 20% ਆਬਾਦੀ ਕੋਲ ਹੀ ਕਿਸੇ ਤਰ੍ਹਾਂ ਦਾ ਬੀਮਾ ਕਵਰੇਜ ਹੈ। ਪ੍ਰਧਾਨ ਮੰਤਰੀ ਮੋਦੀ ਨੇ ਯੋਜਨਾ ਦੀ ਸ਼ੁਰੂਆਤ ਦੇ ਸਮੇਂ ਕਿਹਾ ਸੀ ਕਿ ਆਮਤੌਰ 'ਤੇ ਅਜਿਹੇ ਬੀਮੇ ਦੇ ਲਈ ਡਾਕਟਰੀ ਜਾਂਚ ਹੁੰਦੀ ਹੈ, ਕੰਪਨੀ ਫ਼ੈਸਲਾ ਕਰਦੀ ਹੈ ਕਿ ਕਿਸ ਨੂੰ ਦੇਣਾ, ਕਿਸ ਨੂੰ ਨਹੀਂ ਦੇਣਾ। ਲੇਕਿਨ ਇਸ ਯੋਜਨਾ ਵਿੱਚ ਤੁਹਾਨੂੰ ਸਿਰਫ਼ ਫਾਰਮ ਭਰਨਾ ਹੈ। ਜੇਕਰ ਤੁਸੀਂ ਬਿਮਾਰ ਵੀ ਹੋਵੋਗੇ ਤਾਂ ਵੀ ਇਸ ਨੂੰ ਬੀਮਾ ਮਿਲ ਸਕਦਾ ਹੈ।



### ਪੀਐੱਮਜੇਜੇਬੀਵਾਈ ਦੇ ਵਿਸ਼ੇ ਬਾਰੇ ਜਾਣੋ

- ਇਸ ਬੀਮਾ ਯੋਜਨਾ ਵਿੱਚ ਸ਼ਾਮਲ ਹੋਣ ਦੀ ਯੋਗਤਾ 18 ਤੋਂ 50 ਸਾਲ ਦੀ ਹੈ।
- ਰਜਿਸਟ੍ਰੇਸ਼ਨ ਬੈਂਕ ਸ਼ਾਖਾਵਾਂ, ਡਾਕ ਘਰਾਂ ਅਤੇ ਔਨਲਾਈਨ ਉਪਲਬਧ ਹੈ।
- ਸਲਾਨਾ ਪ੍ਰੀਮੀਅਮ 436 ਰੁਪਏ ਹੈ।
- ਬੀਮਾ ਮਿਆਦ ਵਿੱਚ ਕਿਸੇ ਵੀ ਤਰ੍ਹਾਂ ਨਾਲ ਮੌਤ ਵਿੱਚ 2 ਲੱਖ ਰੁਪਏ ਦਾ ਮੁਆਵਜ਼ਾ ਮਿਲਦਾ ਹੈ।
- ਯੋਗਤਾ ਦੇ ਲਈ ਬੈਂਕ ਜਾਂ ਡਾਕ ਘਰ ਵਿੱਚ ਖਾਤਾ ਹੋਣਾ ਅਤੇ ਆਟੋ ਡੈਬਿਟ ਦੀ ਪ੍ਰਵਾਨਗੀ ਲਾਜ਼ਮੀ ਹੈ।




*ਨੋਟ: ਪੀਐੱਮਜੇਜੇਬੀਵਾਈ ਲਾਭਾਰਥੀ*

**53%** ਮਹਿਲਾਵਾਂ | **74%** ਗ੍ਰਾਮੀਣ ਖੇਤਰ ਦੇ ਲੋਕ ਹਨ।




ਨੂੰ ਸ਼ਕਤੀ ਚਾਹੀਦੀ ਹੈ ਜੇਕਰ ਉਸ ਨੂੰ ਸ਼ਕਤੀ ਮਿਲੇਗੀ ਤਾਂ ਗ਼ਰੀਬ, ਗ਼ਰੀਬੀ ਦੇ ਵਿਰੁੱਧ ਲੜਾਈ ਲੜਨ ਦੇ ਲਈ ਤਿਆਰ ਹੈ। ਅੱਜ ਇਹ ਸ਼ਕਤੀ ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ ਵਿੱਚ 57 ਕਰੋੜ ਤੋਂ ਵੱਧ, ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਵਿੱਚ 26 ਕਰੋੜ ਤੋਂ ਵੱਧ ਅਤੇ ਅਟਲ ਪੈਨਸ਼ਨ ਯੋਜਨਾ ਵਿੱਚ 8.71 ਕਰੋੜ ਤੋਂ ਵੱਧ ਲੋਕਾਂ ਤੱਕ ਪਹੁੰਚ ਚੁੱਕੀ ਹੈ। ਦੋਵਾਂ ਬੀਮਾ ਯੋਜਨਾਵਾਂ ਵਿੱਚ ਲਗਭਗ 11 ਲੱਖ ਪਰਿਵਾਰਾਂ ਨੂੰ 21,500

# ਅਟਲ ਪੈਨਸ਼ਨ ਯੋਜਨਾ

## 60 ਵਰ੍ਹਿਆਂ ਦੀ ਉਮਰ ਤੋਂ ਬਾਅਦ ਮਿਲੇਗੀ 1,000 ਤੋਂ 5,000 ਰੁਪਏ ਤੱਕ ਪੈਨਸ਼ਨ

ਵਰ੍ਹੇ 2014 ਤੋਂ ਪਹਿਲਾਂ ਦੇਸ਼ ਵਿੱਚ ਮੁਸ਼ਕਲ ਨਾਲ 10-15 ਫੀਸਦੀ ਲੋਕਾਂ ਕੋਲ ਪੈਨਸ਼ਨ ਦੀ ਵਿਵਸਥਾ ਸੀ। ਤਾਂ ਸਰਕਾਰ ਨੇ 9 ਮਈ 2015 ਨੂੰ ਲੰਬੀ ਮਿਆਦ ਦੀ ਅਟਲ ਪੈਨਸ਼ਨ ਯੋਜਨਾ ਸ਼ੁਰੂ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਯੋਜਨਾ ਦੀ ਸ਼ੁਰੂਆਤ ਦੇ ਸਮੇਂ ਇਸ ਯੋਜਨਾ ਨੂੰ ਲੈ ਕੇ ਕਿਹਾ ਸੀ ਕਿ ਇਹ ਨੌਜਵਾਨਾਂ ਦੇ ਲਈ ਹੈ। ਜਦੋਂ ਉਹ 60 ਵਰ੍ਹਿਆਂ ਦੇ ਹੋਣਗੇ ਤਾਂ ਉਨ੍ਹਾਂ ਨੂੰ ਕਦੇ ਕਿਸੇ ਦੇ ਸਹਾਰੇ ਦੀ ਜ਼ਰੂਰਤ ਨਾ ਪਵੇ। ਹਾਲ ਹੀ ਵਿੱਚ ਕੇਂਦਰੀ ਕੈਬਨਿਟ ਨੇ ਅਟਲ ਪੈਨਸ਼ਨ ਯੋਜਨਾ ਨੂੰ 2030-31 ਤੱਕ ਜਾਰੀ ਰੱਖਣ ਦੀ ਮਨਜ਼ੂਰੀ ਦਿੱਤੀ ਹੈ।






**48.76%** ਮਹਿਲਾ ਲਾਭਾਰਥੀ ਹਨ, 31 ਜਨਵਰੀ 2026 ਤੱਕ ਇਸ ਯੋਜਨਾ ਵਿੱਚ ਸ਼ਾਮਲ।

### ਅਟਲ ਪੈਨਸ਼ਨ ਯੋਜਨਾ ਦਾ ਸਭ ਕੁਝ ਜੋ ਜਾਣਨਾ ਚਾਹੀਦਾ ਹੈ

- ਇਹ ਪਹਿਲੀ ਅਜਿਹੀ ਪੈਨਸ਼ਨ ਯੋਜਨਾ ਹੈ ਜਿਸ ਵਿੱਚ ਸਰਕਾਰ ਗਰੰਟੀ ਦਿੰਦੀ ਹੈ।
- ਤੁਹਾਡੇ ਪੈਸੇ ਘੱਟ ਪੈ ਜਾਣ ਤਾਂ ਪੈਸੇ ਭਰਨ ਦੀ ਜ਼ਿੰਮੇਵਾਰੀ ਸਰਕਾਰ ਲੈਂਦੀ ਹੈ।
- ਯੋਜਨਾ ਨੂੰ ਟੀਚਾਬੱਧ ਸਮੂਹ ਤੱਕ ਪਹੁੰਚਾਉਣ ਦੇ ਲਈ 1 ਅਕਤੂਬਰ, 2022 ਨੂੰ ਇਨਕਮ ਟੈਕਸਪੇਅਰ ਯੋਗ ਨਹੀਂ।
- ਮਾਸਿਕ 1,000 ਰੁਪਏ ਤੋਂ 5,000 ਰੁਪਏ ਤੱਕ ਦੀ ਪੈਨਸ਼ਨ ਗਰੰਟੀ ਮਿਲਦੀ ਹੈ।
- ਪੈਨਸ਼ਨ ਹੋਲਡਰ ਦੀ ਮੌਤ ਤੋਂ ਬਾਅਦ ਉਹੀ ਪੈਨਸ਼ਨ ਉਸ ਦੀ ਪਤਨੀ/ਪਤੀ ਨੂੰ ਪ੍ਰਾਪਤ ਹੋਵੇਗੀ।
- ਪਤੀ ਅਤੇ ਪਤਨੀ ਦੀ ਮੌਤ ਤੋਂ ਬਾਅਦ 60 ਵਰ੍ਹਿਆਂ ਦੀ ਉਮਰ ਤੱਕ ਇਕੱਠੀ ਹੋਈ ਪੈਨਸ਼ਨ ਦੀ ਰਕਮ ਵਾਪਸ ਕਰ ਦਿੱਤੀ ਜਾਵੇਗੀ।
- ਉਮਰ ਅਤੇ ਪੈਨਸ਼ਨ ਦੀ ਰਕਮ ਦੇ ਅਧਾਰ 'ਤੇ ਵਰਤਮਾਨ ਵਿੱਚ ਪ੍ਰਤੀ ਮਹੀਨਾ 42 ਰੁਪਏ ਤੋਂ 1,454 ਰੁਪਏ ਦਾ ਭੁਗਤਾਨ ਕਰਨਾ ਹੁੰਦਾ ਹੈ।



*"ਸਾਡੀਆਂ ਸਮਾਜਿਕ ਸੁਰੱਖਿਆ ਯੋਜਨਾਵਾਂ ਦੇ ਵਿਜ਼ਨ 'ਤੇ ਅਧਾਰਿਤ ਹਨ- ਸਾਰਿਆਂ ਦੇ ਲਈ ਬੀਮਾ ਕਵਰ ਅਤੇ ਸਭ ਤੋਂ ਕਿਫਾਇਤੀ ਮੁੱਲ 'ਤੇ ਬੀਮਾ।*

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਕਰੋੜ ਰੁਪਏ ਤੋਂ ਵੱਧ ਦੇ ਦਾਅਵਿਆਂ ਦਾ ਨਿਪਟਾਰਾ ਕੀਤਾ ਜਾ ਚੁੱਕਿਆ ਹੈ। ਪ੍ਰਧਾਨ ਮੰਤਰੀ ਨੇ ਇਨ੍ਹਾਂ ਬੀਮਾ ਅਤੇ ਪੈਨਸ਼ਨ ਯੋਜਨਾਵਾਂ ਦੀ ਸ਼ੁਰੂਆਤ ਦੇ ਸਮੇਂ ਵਿਸ਼ਵਾਸ ਵਿਅਕਤ ਕੀਤਾ ਸੀ ਕਿ ਇਹ ਇੱਕ ਅਜਿਹੀ ਸੁਰੱਖਿਆ ਦੀ ਵਿਵਸਥਾ ਹੈ ਜੋ ਮੂਲ ਰੂਪ ਵਿੱਚ ਗ਼ਰੀਬਾਂ ਦੇ ਲਈ ਹੈ, ਆਮ ਆਦਮੀ ਦੇ ਲਈ ਹੈ। ਸਰਕਾਰ ਦੀ ਇਹ ਯੋਜਨਾ ਸੰਪੰਨ ਲੋਕਾਂ ਦੇ ਮਾਧਿਅਮ ਨਾਲ ਗ਼ਰੀਬ ਦੀ ਸੇਵਾ ਦਾ ਇੱਕ ਕਾਰਨ ਬਣ ਸਕਦੀ ਹੈ। ਸਰਕਾਰ ਇੱਕ ਸੰਕਲਪ ਨੂੰ ਲੈ ਕੇ ਅੱਗੇ ਵਧ ਰਹੀ ਹੈ, ਇਸ ਵਿਵਸਥਾ ਦਾ ਫਾਇਦਾ ਚੁੱਕੋ, ਇਸ ਯੋਜਨਾ ਨੂੰ ਜਨਤਕ-ਭਲਾਈ ਵਿੱਚ ਤਬਦੀਲ ਕਰੋ। ■




# ਤਰੱਕੀ, ਕੁਦਰਤ ਅਤੇ ਸੱਭਿਆਚਾਰ ਦਾ ਕੋਰੀਡੋਰ

# ਦਿੱਲੀ-ਦੇਹਰਾਦੂਨ ਐਕਸਪ੍ਰੈੱਸਵੇਅ

*ਮਜ਼ਬੂਤ ਕਨੈਕਟੀਵਿਟੀ ਅਤੇ ਬਿਹਤਰ ਇਨਫ੍ਰਾਸਟ੍ਰਕਚਰ ਨਾਲ ਨਾ ਸਿਰਫ਼ ਵਪਾਰ ਵਧਦਾ ਹੈ, ਸਗੋਂ ਯਾਤਰਾ ਵੀ ਅਸਾਨ ਹੋ ਜਾਂਦੀ ਹੈ। ਇਸ ਨਾਲ ਸਮੇਂ ਦੀ ਬੱਚਤ ਹੁੰਦੀ ਹੈ। ਈਂਧਣ ਦੀ ਖਪਤ ਘੱਟ ਹੁੰਦੀ ਹੈ, ਪ੍ਰਦੂਸ਼ਨ ਵੀ ਘੱਟ ਹੁੰਦਾ ਹੈ। 14 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਤਰੱਕੀ, ਕੁਦਰਤ ਅਤੇ ਸੱਭਿਆਚਾਰ ਦੇ ਮੇਲ ਵਾਲੀ ਕਨੈਕਟੀਵਿਟੀ ਦੇ ਅਜਿਹੇ ਹੀ ਦਿੱਲੀ-ਦੇਹਰਾਦੂਨ ਆਰਥਿਕ ਕੋਰੀਡੋਰ ਦਾ ਕੀਤਾ ਉਦਘਾਟਨ..... ਇਸ ਦਾ ਲਾਭ ਦਿੱਲੀ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦੇ ਲੋਕਾਂ ਦੇ ਨਾਲ-ਨਾਲ ਉਨ੍ਹਾਂ ਲੱਖਾਂ ਟੂਰਿਸਟਾਂ ਨੂੰ ਵੀ ਮਿਲੇਗਾ, ਜੋ ਟੂਰਿਜ਼ਮ ਦੇ ਲਈ ਜਾਂਦੇ ਹਨ ਉੱਤਰਾਖੰਡ.....*

ਉੱਤਰਾਖੰਡ ਦੀ ਸਥਾਪਨਾ ਦੇ 26ਵੇਂ ਵਰ੍ਹੇ ਵਿੱਚ ਦਿੱਲੀ-ਦੇਹਰਾਦੂਨ ਐਕਸਪ੍ਰੈੱਸਵੇਅ ਦੇ ਉਦਘਾਟਨ ਦੇ ਨਾਲ ਇੱਕ ਵੱਡੀ ਉਪਲਬਧੀ ਹਾਸਲ ਕੀਤੀ ਹੈ। ਦੇਹਰਾਦੂਨ-ਦਿੱਲੀ ਐਕਸਪ੍ਰੈੱਸਵੇਅ ਸਿਰਫ਼ ਇੱਕ ਆਰਥਿਕ ਕੋਰੀਡੋਰ ਨਹੀਂ ਹੈ, ਸਗੋਂ ਇਹ ਯਾਤਰਾ ਨੂੰ ਤੀਬਰ ਅਤੇ ਕਿਫਾਇਤੀ ਬਣਾਏਗਾ। ਇਸ ਨਾਲ ਪੈਟਰੋਲ-ਡੀਜ਼ਲ ਦਾ ਖਰਚ ਘੱਟ ਹੋਵੇਗਾ, ਕਿਰਾਇਆ ਅਤੇ ਮਾਲ ਢੁਆਈ ਦੀ ਲਾਗਤ ਵਿੱਚ ਕਮੀ ਆਵੇਗੀ। ਟੂਰਿਜ਼ਮ ਦੇ ਨਾਲ ਰੁਜ਼ਗਾਰ ਦੇ ਮੌਕੇ ਵੀ ਵਧਣਗੇ। ਇਸ ਦੇ ਨਾਲ ਹੀ, ਦੇਵਭੂਮੀ ਉੱਤਰਾਖੰਡ ਨੂੰ ਸਾਫ਼-ਸੁਥਰਾ ਰੱਖਣਾ ਵੀ ਜ਼ਰੂਰੀ ਹੈ। ਇੱਥੇ ਆਉਣ ਵਾਲੇ ਟੂਰਿਸਟਾਂ ਅਤੇ ਸਥਾਨਕ ਲੋਕਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਪਲਾਸਟਿਕ ਅਤੇ ਕਚਰੇ ਤੋਂ ਇਸ ਖ਼ੂਬਸੂਰਤ ਪ੍ਰਦੇਸ਼ ਨੂੰ ਬਚਾਉਣ, ਤਾਂ ਹੀ ਅਸੀਂ ਆਪਣੇ ਤੀਰਥ ਸਥਾਨਾਂ ਨੂੰ ਸਵੱਛ ਅਤੇ ਸੁੰਦਰ ਬਣਾ ਕੇ ਰੱਖ ਸਕਾਂਗੇ।

ਦਿੱਲੀ-ਦੇਹਰਾਦੂਨ ਐਕਸਪ੍ਰੈੱਸਵੇਅ ਦੇ ਉਦਘਾਟਨੀ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉੱਤਰਾਖੰਡ ਰਾਜ ਦੇ 26ਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰਨ ਦੀ ਯਾਤਰਾ ਦਾ ਜ਼ਿਕਰ ਕਰਦੇ ਹੋਏ ਆਪਣੇ ਉਸ ਪਹਿਲਾਂ ਵਾਲੇ ਐਲਾਨ ਨੂੰ ਯਾਦ ਕੀਤਾ ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਇਸ ਸਦੀ ਦਾ ਤੀਜਾ ਦਹਾਕਾ ਉੱਤਰਾਖੰਡ ਦਾ ਦਹਾਕਾ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਸਰਕਾਰ ਦੀਆਂ ਨੀਤੀਆਂ ਅਤੇ ਜਨਤਾ ਦੀ ਮਿਹਨਤ ਨਾਲ ਇਹ ਯੁਵਾ ਰਾਜ ਆਪਣੇ ਵਿਕਾਸ ਵਿੱਚ ਨਵੇਂ ਆਯਾਮ ਜੋੜ ਰਿਹਾ ਹੈ। ਇਹ ਐਕਸਪ੍ਰੈੱਸਵੇਅ ਉੱਤਰਾਖੰਡ ਦੇ ਵਿਕਾਸ ਨੂੰ ਨਵੀਂ ਗਤੀ ਪ੍ਰਦਾਨ ਕਰੇਗਾ। ਕਿਸੇ ਵੀ ਰਾਸ਼ਟਰ ਦਾ ਭਵਿੱਖ ਉਸ ਦੀਆਂ ਸੜਕਾਂ, ਰਾਜਮਾਰਗਾਂ, ਐਕਸਪ੍ਰੈੱਸਵੇਅਜ਼, ਹਵਾਈ ਮਾਰਗਾਂ, ਰੇਲ ਮਾਰਗਾਂ ਅਤੇ ਜਲ ਮਾਰਗਾਂ ਵਿੱਚ ਸ਼ਾਮਲ ਹੁੰਦਾ ਹੈ। 2014 ਤੋਂ ਪਹਿਲਾਂ ਇਨਫ੍ਰਾਸਟ੍ਰਕਚਰ 'ਤੇ ਖਰਚ ਪ੍ਰਤੀ ਵਰ੍ਹੇ 2 ਲੱਖ ਕਰੋੜ ਰੁਪਏ ਤੋਂ ਘੱਟ ਸੀ, ਉੱਥੇ ਹੀ ਹੁਣ ਇਹ 6 ਸਰਦੀਆਂ ਦੀ ਚਾਰ ਧਾਮ ਯਾਤਰਾ ਵਿੱਚ ਭਾਗੀਦਾਰੀ 2024 ਵਿੱਚ 80,000 ਤੋਂ ਵਧ ਕੇ 2025 ਵਿੱਚ 1.5 ਲੱਖ ਤੋਂ ਜ਼ਿਆਦਾ ਹੋ ਗਈ ਹੈ।

**ਸਰਦੀਆਂ ਦੀ ਚਾਰ ਧਾਮ ਯਾਤਰਾ ਵਿੱਚ ਭਾਗੀਦਾਰੀ 2024 ਵਿੱਚ 80,000 ਤੋਂ ਵਧ ਕੇ 2025 ਵਿੱਚ 1.5 ਲੱਖ ਤੋਂ ਜ਼ਿਆਦਾ ਹੋ ਗਈ ਹੈ।**

## ਪ੍ਰੋਜੈਕਟ ਦੀਆਂ ਵਿਸ਼ੇਸ਼ਤਾਵਾਂ

**12,000**

ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਵਿਕਸਿਤ ਕੀਤਾ ਗਿਆ ਹੈ 213 ਕਿਲੋਮੀਟਰ ਲੰਬਾ, 6 ਲੇਨ ਵਾਲਾ ਐਕਸੈੱਸ ਕੰਟਰੋਲਡ ਦਿੱਲੀ- ਦੇਹਰਾਦੂਨ ਆਰਥਿਕ ਕੋਰੀਡੋਰ।

**2.5** ਘੰਟਿਆਂ ਵਿੱਚ ਹੁਣ ਦੇਹਰਾਦੂਨ

ਪਹਿਲਾਂ 6 ਘੰਟੇ ਲਗਦੇ ਸਨ

- ਕੋਰੀਡੋਰ ਵਿੱਚ ਅੱਠ ਪਸ਼ੂ ਮਾਰਗ, 200 ਮੀਟਰ ਲੰਬੇ ਦੋ ਹਾਥੀ ਅੰਡਰਪਾਸ ਅਤੇ ਕਾਲੀ ਮੰਦਿਰ ਦੇ ਕੋਲ 370 ਮੀਟਰ ਲੰਬੀ ਟਨਲ ਵੀ ਸ਼ਾਮਲ ਹੈ।
- ਨਿਰਵਿਘਨ ਹਾਈ ਸਪੀਡ ਕਨੈਕਟੀਵਿਟੀ ਨੂੰ ਯਕੀਨੀ ਬਣਾਉਣ ਲਈ 10 ਇੰਟਰਚੇਂਜ, ਤਿੰਨ ਰੇਲਵੇ ਓਵਰਬ੍ਰਿਜ (ਆਰਓਬੀ), 4 ਪ੍ਰਮੁੱਖ ਪੁਲ ਅਤੇ 12 ਸੜਕ ਕਿਨਾਰੇ 12 ਜਨਤਕ ਸੁਵਿਧਾਵਾਂ ਦਾ ਨਿਰਮਾਣ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



## ਸਾਬਕਾ ਸੈਨਿਕਾਂ ਦੇ ਲਈ ਭਲਾਈ ਯੋਜਨਾਵਾਂ

ਲਗਭਗ **1.25** ਲੱਖ ਕਰੋੜ ਰੁਪਏ ਦੀ ਵੰਡ ਵਨ ਰੈਂਕ ਵਨ ਪੈਨਸ਼ਨ ਦੇ ਤਹਿਤ ਕੀਤੀ ਗਈ ਹੈ।

**36%** ਦਾ ਵਾਧਾ ਸਾਬਕਾ ਸੈਨਿਕਾਂ ਦੇ ਲਈ ਸਿਹਤ ਯੋਜਨਾ ਬਜਟ ਵਿੱਚ ਕੀਤਾ ਗਿਆ ਹੈ।

**70** ਸਾਲ ਤੋਂ ਵੱਧ ਉਮਰ ਦੇ ਸਾਬਕਾ ਸੈਨਿਕਾਂ ਲਈ ਦਵਾਈਆਂ ਦੀ ਘਰ ਤੱਕ ਡਿਲੀਵਰੀ ਦੀ ਵਿਵਸਥਾ।

ਬੱਚਿਆਂ ਦੀ ਸਿੱਖਿਆ ਗ੍ਰਾਂਟ ਨੂੰ ਦੁੱਗਣਾ ਕੀਤਾ ਗਿਆ।



- ਧੀਆਂ ਦੇ ਵਿਆਹ ਲਈ ਸਹਾਇਤਾ ਨੂੰ 50,000 ਰੁਪਏ ਤੋਂ ਵਧਾ ਕੇ ਇੱਕ ਲੱਖ ਰੁਪਏ ਕੀਤਾ ਗਿਆ।

*ਸਾਡੇ ਪਹਾੜ... ਇਹ ਜੰਗਲੀ ਖੇਤਰ... ਦੇਵਭੂਮੀ ਦੀ ਇਹ ਧਰੋਹਰ.... ਇਹ ਬਹੁਤ ਹੀ ਪਵਿੱਤਰ ਸਥਾਨ ਹਨ। ਅਜਿਹੇ ਸਥਾਨਾਂ ਨੂੰ ਸਾਫ਼-ਸੁਥਰਾ ਰੱਖਣਾ ਸਾਡੇ ਸਾਰਿਆਂ ਦਾ ਫਰਜ਼ ਹੈ। ਇਨ੍ਹਾਂ ਇਲਾਕਿਆਂ ਵਿੱਚ ਪਲਾਸਟਿਕ ਦੀਆਂ ਬੋਤਲਾਂ.... ਕੂੜੇ-ਕਚਰੇ ਦੇ ਢੇਰ.. ਇਹ ਦੇਵਭੂਮੀ ਦੀ ਪਵਿੱਤਰਤਾ ਨੂੰ ਠੇਸ ਪਹੁੰਚਾਉਂਦੇ ਹਨ। ਇਸ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਦੇਵਭੂਮੀ ਦੇ ਇਨ੍ਹਾਂ ਸਥਾਨਾਂ ਨੂੰ, ਸਾਡੇ ਤੀਰਥ ਸਥਾਨਾਂ ਨੂੰ ਸਵੱਛ ਰੱਖੀਏ... ਸੋਹਣਾ ਰੱਖੀਏ।*

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਗੁਣਾ ਤੋਂ ਜ਼ਿਆਦਾ ਵਧ ਕੇ ਪ੍ਰਤੀ ਵਰ੍ਹੇ 12 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਹੋ ਗਿਆ ਹੈ। ਇਕੱਲੇ ਉੱਤਰਾਖੰਡ ਵਿੱਚ ਹੀ ਵਰਤਮਾਨ ਵਿੱਚ 2.25 ਲੱਖ ਕਰੋੜ ਰੁਪਏ ਤੋਂ ਵੱਧ ਦੇ ਇਨਫ੍ਰਾਸਟ੍ਰਕਚਰ ਪ੍ਰੋਜੈਕਟਾਂ 'ਤੇ ਕੰਮ ਜਾਰੀ ਹੈ।

ਦਿੱਲੀ-ਪੱਛਮੀ ਉੱਤਰ ਪ੍ਰਦੇਸ਼- ਉੱਤਰਾਖੰਡ ਖੇਤਰ ਵਿੱਚ ਹਾਲ ਹੀ ਵਿੱਚ ਇਨਫ੍ਰਾਸਟ੍ਰਕਚਰ ਅਤੇ ਟ੍ਰਾਂਸਪੋਰਟ ਨਾਲ ਜੁੜੇ ਕਈ ਪ੍ਰੋਜੈਕਟਾਂ ਦਾ ਵਿਸਤਾਰ ਹੋਇਆ ਹੈ। ਇਸ ਵਿੱਚ ਦਿੱਲੀ ਮੈਟਰੋ ਦੇ ਵਿਸਤਾਰ ਤੋਂ ਲੈ ਕੇ ਮੇਰਠ ਵਿੱਚ ਮੈਟਰੋ ਸੇਵਾਵਾਂ ਦੀ ਸ਼ੁਰੂਆਤ, ਦਿੱਲੀ-ਮੇਰਠ ਨਮੋ ਭਾਰਤ ਰੇਲ ਦਾ ਉਦਘਾਟਨ, ਨੋਇਡਾ ਅੰਤਰਰਾਸ਼ਟਰੀ ਹਵਾਈ ਅੱਡੇ ਅਤੇ ਐੱਮਆਰਓ ਸੁਵਿਧਾ ਸ਼ੁਰੂ ਕੀਤੀ ਗਈ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦਿੱਲੀ-ਦੇਹਰਾਦੂਨ ਆਰਥਿਕ ਕੋਰੀਡੋਰ ਨਾਲ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਵੀ ਲਾਭ ਹੋਵੇਗਾ ਕਿਉਂਕਿ ਉਨ੍ਹਾਂ ਦੀ ਉਪਜ ਤੇਜ਼ੀ ਨਾਲ ਵੱਡੇ ਬਜ਼ਾਰਾਂ ਤੱਕ ਪਹੁੰਚ ਸਕੇਗੀ। ਗਾਜ਼ੀਆਬਾਦ, ਬਾਗਪਤ, ਬੜੌਤ, ਸ਼ਾਮਲੀ ਅਤੇ ਸਹਾਰਨਪੁਰ ਵਿੱਚੋਂ ਲੰਘਣ ਵਾਲਾ ਇਹ ਕੋਰੀਡੋਰ ਉੱਤਰ ਪ੍ਰਦੇਸ਼ ਦੇ ਇਨ੍ਹਾਂ ਸ਼ਹਿਰਾਂ ਨੂੰ ਵੀ ਮੁੜ ਸੁਰਜੀਤ ਕਰਨ ਵਿੱਚ ਮਦਦ ਕਰੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਇਹ ਸਿਰਫ਼ ਇੱਕ ਸੜਕ ਨਹੀਂ ਹੈ, ਇਹ ਪੂਰੇ ਖੇਤਰ ਵਿੱਚ ਵਪਾਰ, ਉਦਯੋਗ, ਸਟੋਰੇਜ ਅਤੇ ਲੌਜਿਸਟਿਕਸ ਦੇ ਨਵੇਂ ਰਸਤੇ ਖੋਲ੍ਹੇਗੀ।"

ਇਸ ਕੋਰੀਡੋਰ ਦੇ ਸ਼ੁਰੂ ਹੋਣ ਨਾਲ ਦੇਹਰਾਦੂਨ, ਹਰਿਦੁਆਰ, ਰਿਸ਼ੀਕੇਸ਼, ਮਸੂਰੀ ਅਤੇ ਚਾਰ ਧਾਮ ਯਾਤਰਾ ਮਾਰਗ ਹੁਣ ਵਧੇਰੇ ਪਹੁੰਚਯੋਗ ਹੋ ਜਾਣਗੇ। ਉੱਤਰਾਖੰਡ ਵਿੰਟਰ ਟੂਰਿਜ਼ਮ, ਵਿੰਟਰ ਸਪੋਰਟਸ ਅਤੇ ਡੈਸਟੀਨੇਸ਼ਨ ਵੈਡਿੰਗ ਦੇ ਲਈ ਇੱਕ ਪ੍ਰਮੁੱਖ ਮੰਜ਼ਿਲ ਬਣਦਾ ਜਾ ਰਿਹਾ ਹੈ। ਉੱਤਰਾਖੰਡ ਦੀ ਅਰਥਵਿਵਸਥਾ ਵਿੱਚ ਟੂਰਿਜ਼ਮ ਦੀ ਇੱਕ ਵੱਡੀ ਭੂਮਿਕਾ ਹੈ ਇਸ ਲਿਹਾਜ ਨਾਲ ਵੀ ਇਹ ਕੋਰੀਡੋਰ ਬੇਹੱਦ ਮਹੱਤਵਪੂਰਨ ਹੈ। ਟੂਰਿਜ਼ਮ ਵਧਣ ਨਾਲ ਹੋਟਲ, ਢਾਬੇ, ਟੈਕਸੀ, ਹੋਮਸਟੇ, ਪੂਰੀ ਸਥਾਨਕ ਅਰਥਵਿਵਸਥਾ ਨੂੰ ਹੁਲਾਰਾ ਮਿਲਦਾ ਹੈ

1 ਮਈ ਮਜ਼ਦੂਰ ਦਿਵਸ 'ਤੇ ਵਿਸ਼ੇਸ਼

# ਭਾਰਤ ਦੇ ਲਈ ਹੁਣ ਸ਼੍ਰਮੇਵ ਜਯਤੇ

**ਜਿੰਨੀ ਤਾਕਤ ਸਤਯਮੇਵ ਜਯਤੇ ਦੀ ਹੁੰਦੀ ਹੈ, ਓਨੀ ਹੀ ਤਾਕਤ ਰਾਸ਼ਟਰ ਦੇ ਵਿਕਾਸ ਦੇ ਲਈ ਸ਼੍ਰਮੇਵ ਜਯਤੇ ਦੀ ਵੀ ਹੈ। ਇਸ ਲਈ ਕਿਰਤ ਦੀ ਪ੍ਰਤਿਸ਼ਠਾ ਵਧਾਉਣ ਅਤੇ 'ਸ਼੍ਰਮੇਵ ਜਯਤੇ' ਦੀ ਭਾਵਨਾ ਨਾਲ ਕੇਂਦਰ ਸਰਕਾਰ ਵਰਕਰਾਂ ਦੀ ਭਲਾਈ ਦੇ ਲਈ ਵਚਨਬੱਧ ਹੈ। ਸਰਕਾਰ ਨੇ ਮਜ਼ਦੂਰ ਵਰਗ ਦੀ ਸਮ੍ਰਿੱਧੀ ਦੇ ਲਈ ਚਾਰ ਕਿਰਤ ਕੋਡਸ ਨੂੰ ਲਾਗੂਕਰਨ ਦੇ ਨਾਲ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਸਮੇਤ ਕਈ ਹੋਰ ਮਜ਼ਬੂਤ ਕਦਮ ਚੁੱਕੇ ਹਨ। 1 ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਮੌਕੇ 'ਤੇ ਵਰਕਰਾਂ ਦੇ ਸਸ਼ਕਤੀਕਰਣ ਲਈ ਹੋ ਰਹੇ ਯਤਨਾਂ ਬਾਰੇ ਪੇਸ਼ ਹੈ ਇੱਕ ਵਿਸ਼ੇਸ਼ ਰਿਪੋਰਟ.....**



ਵਰਕਰਾਂ ਅਤੇ ਉਦਯੋਗਾਂ ਦੀ ਸਫਲਤਾ ਵਿਚਕਾਰ ਡੂੰਘਾ ਸਬੰਧ ਹੈ। ਦੋਵੇਂ ਇੱਕ-ਦੂਜੇ ਦੇ ਬਿਨਾ ਵਧ-ਫੂਲ ਨਹੀਂ ਸਕਦੇ। ਜਦੋਂ ਉਦਯੋਗਾਂ ਦਾ ਵਿਕਾਸ ਹੁੰਦਾ ਹੈ, ਤਾਂ ਉਹ ਵਰਕਰਾਂ ਦੇ ਲਈ ਸਥਾਈ ਰੁਜ਼ਗਾਰ, ਉਚਿਤ ਮਜ਼ਦੂਰੀ ਅਤੇ ਸਮਾਜਿਕ ਸੁਰੱਖਿਆ ਦੀ ਸਿਰਜਣਾ ਕਰਦੇ ਹਨ। ਉਸੇ ਤਰ੍ਹਾਂ, ਇੱਕ ਪ੍ਰੇਰਿਤ ਅਤੇ ਸੁਰੱਖਿਅਤ ਵਰਕ ਫੋਰਸ ਉਤਪਾਦਕਤਾ ਅਤੇ ਨਵੀਨਤਾ ਨੂੰ ਪ੍ਰੇਰਿਤ ਕਰਦੀ ਹੈ, ਜਿਸ ਨਾਲ ਉਦਯੋਗ ਦੀ ਦੀਰਘਕਾਲੀ ਹੋਂਦ ਯਕੀਨੀ ਹੁੰਦੀ ਹੈ। ਸੰਗਠਿਤ ਅਤੇ ਅਸੰਗਠਿਤ ਖੇਤਰਾਂ ਦੇ ਮਜ਼ਦੂਰਾਂ ਦੀ "ਮਿਹਨਤ ਨੂੰ ਸਨਮਾਨ ਅਤੇ ਅਧਿਕਾਰ ਇੱਕ ਸਮਾਨ" ਮਿਲੇ, ਇਸ ਲਈ ਕੇਂਦਰ ਸਰਕਾਰ ਵੱਲੋਂ ਕਈ ਮਹੱਤਵਪੂਰਨ ਕਦਮ ਚੁੱਕੇ ਗਏ ਹਨ। ਇਹ ਇਸ ਗੱਲ ਤੋਂ ਵੀ ਸਮਝਿਆ ਜਾ ਸਕਦਾ ਹੈ ਕਿ ਵਿਸ਼ਵਨਾਥ ਧਾਮ ਦੇ ਉਦਘਾਟਨ ਸਮੇਂ ਮਜ਼ਦੂਰਾਂ 'ਤੇ ਫੁੱਲਾਂ ਦੀ ਵਰਖਾ, ਪ੍ਰਯਾਗਰਾਜ ਕੁੰਭ ਵਿੱਚ ਸਵੱਛਤਾ ਕਰਮਚਾਰੀਆਂ ਦੇ ਪੈਰ ਧੋਣਾ, ਨਵੀਂ ਸੰਸਦ ਵਿੱਚ ਵਰਕਰਾਂ ਦੀ ਵਿਸ਼ੇਸ਼ ਗੈਲਰੀ ਸਥਾਪਿਤ ਕਰਕੇ ਟੌਪ ਲੀਡਰਸ਼ਿਪ ਵੀ ਦੇਸ਼ ਦੇ ਵਿਕਾਸ ਵਿੱਚ ਸ਼੍ਰਮੇਵ ਜਯਤੇ ਦੀ ਤਾਕਤ ਨੂੰ ਸਨਮਾਨ ਦੇ ਰਿਹਾ ਹੈ।

### ਸਰਕਾਰ ਨੇ ਲਾਗੂ ਕੀਤੇ ਚਾਰ ਕਿਰਤ ਕੋਡਸ

ਕੇਂਦਰ ਸਰਕਾਰ ਨੇ 29 ਕੇਂਦਰੀ ਲੇਬਰ ਕਾਨੂੰਨਾਂ ਦੇ ਪ੍ਰਾਸੰਗਿਕ ਪ੍ਰਾਵਧਾਨਾਂ ਨੂੰ ਏਕੀਕ੍ਰਿਤ ਕਰਨ, ਸਰਲ ਅਤੇ ਤਰਕਸੰਗਤ ਬਣਾਉਣ ਨਾਲ ਚਾਰ ਕਿਰਡ ਕੋਡਸ- ਵੇਤਨ ਕੋਡ 2019, ਉਦਯੋਗਿਕ ਸਬੰਧ ਕੋਡ 2020,ਸਮਾਜਿਕ ਸੁਰੱਖਿਆ ਕੋਡ 2020 ਅਤੇ ਕਾਰੋਬਾਰੀ ਸੁਰੱਖਿਆ, ਹੈਲਥ ਅਤੇ ਵਰਕਿੰਗ ਕਮਿਸ਼ਨ ਕੋਡ 2020 ਨੂੰ 21 ਨਵੰਬਰ 2025 ਤੋਂ ਲਾਗੂ ਕਰ ਦਿੱਤਾ ਹੈ। ਕਿਰਤ ਨਿਯਮਾਂਵਲੀ ਨੂੰ ਮਾਡਰਨ ਬਣਾ ਕੇ, ਮਜ਼ਦੂਰਾਂ ਦੀ ਭਲਾਈ ਨੂੰ ਵਧਾ ਕੇ ਅਤੇ ਲੇਬਰ ਈਕੋਸਿਸਟਮ ਨੂੰ ਕੰਮ ਦੀ ਬਦਲਦੀ ਦੁਨੀਆ ਦੇ ਨਾਲ ਜੋੜ ਕੇ, ਇਹ ਇਤਿਹਾਸਿਕ ਕਦਮ ਭਵਿੱਖ ਲਈ ਤਿਆਰ ਕਾਰਜਬਲ ਅਤੇ ਮਜ਼ਬੂਤ, ਉਦਯੋਗ-ਅਨੁਕੂਲ ਬਣਾਉਣ ਦੀ ਨੀਂਹ ਰੱਖਦਾ ਹੈ। ਦੇਸ਼ ਦੇ ਕਈ ਕਿਰਤ ਕਾਨੂੰਨ ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਦੇ ਸ਼ੁਰੂਆਤੀ ਦੌਰ (1930-1950) ਵਿੱਚ ਬਣਾਏ ਗਏ ਸਨ, ਉਸ ਸਮੇਂ ਜਦੋਂ ਅਰਥਵਿਵਸਥਾ ਅਤੇ ਕੰਮ ਦੀ ਦੁਨੀਆ ਅਸਲ ਵਿੱਚ ਬਹੁਤ ਵੱਖਰੀ ਸੀ।

### ਈ-ਸ਼੍ਰਮ ਪੋਰਟਲ -ਵਨ-ਸਟੌਪ ਸੋਲਿਊਸ਼ਨ

ਕਿਰਤ ਅਤੇ ਰੁਜ਼ਗਾਰ ਮੰਤਰਾਲੇ ਨੇ ਆਧਾਰ ਨਾਲ ਤਸਦੀਕ ਅਸੰਗਠਿਤ ਮਜ਼ਦੂਰਾਂ ਦਾ ਰਾਸ਼ਟਰੀ ਡੇਟਾਬੇਸ (ਐੱਨਡੀਯੂਡਬਲਿਊ) ਬਣਾਉਣ ਲਈ 26 ਅਗਸਤ 2021 ਨੂੰ ਈ-ਸ਼੍ਰਮ ਪੋਰਟਲ ਦੀ ਸ਼ੁਰੂਆਤ ਕੀਤੀ ਸੀ। ਵੱਖ-ਵੱਖ ਸਮਾਜਿਕ ਸੁਰੱਖਿਆ ਅਤੇ ਭਲਾਈ ਯੋਜਨਾਵਾਂ ਨੂੰ ਇੱਕ ਹੀ ਪੋਰਟਲ ਵਿੱਚ ਇਕੱਠਾ ਕਰਦੇ ਹੋਏ 21 ਅਕਤੂਬਰ 2024 ਨੂੰ 'ਈ-ਸ਼੍ਰਮ 'ਵਨ-ਸਟੌਪ ਸੋਲਿਊਸ਼ਨ' ਦੀ ਸ਼ੁਰੂਆਤ ਕੀਤੀ ਗਈ। ਇਸ ਵਿੱਚ ਹੁਣ ਤੱਕ 14 ਸਮਾਜਿਕ ਯੋਜਨਾਵਾਂ ਨੂੰ ਜੋੜਿਆ ਜਾ ਚੁੱਕਿਆ ਹੈ। ਇਸ ਸੁਵਿਧਾ ਨਾਲ ਈ-ਸ਼੍ਰਮ ਕਾਰਡ ਧਾਰਕਾਂ ਦੀ ਪਹੁੰਚ ਅਸਾਨ ਹੁੰਦੀ ਹੈ।

## ਨਵੇਂ ਸੰਸਦ ਭਵਨ ਦਾ ਨਿਰਮਾਣ ਕਰਨ ਵਾਲੇ ਮਜ਼ਦੂਰ ਸਨਮਾਨਿਤ

28 ਮਈ 2023 ਨੂੰ ਨਵਾਂ ਸੰਸਦ ਭਵਨ ਰਾਸ਼ਟਰ ਨੂੰ ਸਮਰਪਿਤ ਕਰਨ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਿਰਮਾਣ ਵਿੱਚ ਲੱਗੇ ਮਜ਼ਦੂਰਾਂ ਦੇ ਇੱਕ ਸਮੂਹ ਨਾਲ ਮੁਲਾਕਾਤ ਕੀਤੀ ਸੀ। ਇਸ ਸੰਸਦ ਭਵਨ ਦੇ ਨਿਰਮਾਣ ਨਾਲ ਲਗਭਗ 60 ਹਜ਼ਾਰ ਮਜ਼ਦੂਰਾਂ ਨੂੰ ਰੁਜ਼ਗਾਰ ਮਿਲਿਆ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ ਕਿ ਮੈਨੂੰ ਖ਼ੁਸ਼ੀ ਹੈ ਕਿ ਇਨ੍ਹਾਂ ਦੀ ਮਿਹਨਤ ਨੂੰ ਸਮਰਪਿਤ ਇੱਕ ਡਿਜੀਟਲ ਗੈਲਰੀ ਵੀ ਸੰਸਦ ਵਿੱਚ ਬਣਾਈ ਗਈ ਹੈ ਅਤੇ ਵਿਸ਼ਵ ਵਿੱਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਹੋਵੇਗਾ। ਸੰਸਦ ਦੇ ਨਿਰਮਾਣ ਵਿੱਚ ਹੁਣ ਉਨ੍ਹਾਂ ਦਾ ਯੋਗਦਾਨ ਵੀ ਅਮਰ ਹੋ ਗਿਆ ਹੈ।



*“ਸਾਡਾ ਸ਼੍ਰਮਿਕ ਇੱਕ ਸ਼੍ਰਮਯੋਗੀ ਹੈ। ਸਾਡੀਆਂ ਕਿੰਨੀਆਂ ਸਮੱਸਿਆਵਾਂ ਦਾ ਸਮਾਧਾਨ, ਸਾਡੀਆਂ ਕਿੰਨੀਆਂ ਸਾਰੀਆਂ ਜ਼ਰੂਰਤਾਂ ਦੀ ਪੂਰਤੀ ਇੱਕ ਸ਼੍ਰਮਯੋਗੀ ਦੁਆਰਾ ਹੁੰਦੀ ਹੈ। ਇਸ ਲਈ ਜਦੋਂ ਤੱਕ ਅਸੀਂ ਉਨ੍ਹਾਂ ਵੱਲ ਦੇਖਣ ਦਾ ਆਪਣਾ ਦ੍ਰਿਸ਼ਟੀਕੋਣ ਨਹੀਂ ਬਦਲਦੇ, ਉਸ ਪ੍ਰਤੀ ਸਾਡਾ ਭਾਵ ਨਹੀਂ ਬਦਲਦਾ ਹੈ, ਸਮਾਜ ਵਿੱਚ ਅਸੀਂ ਉਸ ਨੂੰ ਮਾਣ ਨਹੀਂ ਦੇ ਸਕਦੇ ਹਾਂ।”*

***- ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

## ਵਿਸ਼ਵਨਾਥ ਧਾਮ ਵਿੱਚ ਮਜ਼ਦੂਰਾਂ 'ਤੇ ਫੁੱਲਾਂ ਦੀ ਵਰਖਾ

ਪ੍ਰਧਾਨ ਮੰਤਰੀ ਮੋਦੀ ਨੇ 13 ਦਸੰਬਰ 2021 ਨੂੰ ਵਾਰਾਣਸੀ ਵਿੱਚ ਸ਼੍ਰੀ ਕਾਸ਼ੀ ਵਿਸ਼ਵਨਾਥ ਕੋਰੀਡੋਰ ਦੇ ਉਦਘਾਟਨ 'ਤੇ ਨਿਰਮਾਣ ਕਾਰਜ ਵਿੱਚ ਲੱਗੇ ਮਜ਼ਦੂਰਾਂ 'ਤੇ ਫੁੱਲਾਂ ਦੀ ਵਰਖਾ ਕੀਤੀ ਸੀ। ਮਜ਼ਦੂਰਾਂ ਨਾਲ ਭੋਜਨ ਵੀ ਕੀਤਾ ਸੀ। ਪ੍ਰਧਾਨ ਮੰਤਰੀ ਮੋਦੀ ਨੇ ਸੰਬੋਧਨ ਵਿੱਚ ਕਿਹਾ ਸੀ ਕਿ ਮੈਂ ਅੱਜ ਉਨ੍ਹਾਂ ਮਜ਼ਦੂਰ ਭਰਾਵਾਂ-ਭੈਣਾਂ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹੈ ਜਿਨ੍ਹਾਂ ਦਾ ਪਸੀਨਾ ਇਸ ਸ਼ਾਨਦਾਰ ਕੈਂਪਸ ਦੇ ਨਿਰਮਾਣ ਵਿੱਚ ਵਗ ਰਿਹਾ ਹੈ। ਕੋਰੋਨਾ ਕਾਲ ਵਿੱਚ ਵੀ ਉਨ੍ਹਾਂ ਨੇ ਕੰਮ ਰੁਕਣ ਨਹੀਂ ਦਿੱਤਾ। ਮੈਨੂੰ ਇਨ੍ਹਾਂ ਮਜ਼ਦੂਰ ਸਾਥੀਆਂ ਨੂੰ ਮਿਲਣ ਦਾ ਮੌਕਾ ਮਿਲਿਆ, ਉਨ੍ਹਾਂ ਦਾ ਅਸ਼ੀਰਵਾਦ ਲੈਣ ਦਾ ਸੁਭਾਗ ਮਿਲਿਆ।



## ਮਜ਼ਦੂਰਾਂ ਦਾ ਧੰਨਵਾਦ

13 ਫਰਵਰੀ 2026 ਨੂੰ ਸੇਵਾ ਤੀਰਥ ਅਤੇ ਕਰਤਵਯ ਭਵਨ-1 ਅਤੇ 2 ਦੇ ਉਦਘਾਟਨ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਜ਼ਦੂਰ ਸਾਥੀਆਂ ਦਾ ਧੰਨਵਾਦ ਪ੍ਰਗਟ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਭਵਨ ਨਿਰਮਾਣ ਨਾਲ ਜੁੜੇ ਸਾਰੇ ਇੰਜੀਨੀਅਰ ਅਤੇ ਮਜ਼ਦੂਰ ਸਾਥੀਆਂ ਦਾ ਧੰਨਵਾਦ ਪ੍ਰਗਟ ਕਰਦਾ ਹਾਂ।






## ਕੁੰਭ ਮੇਲੇ ਵਿੱਚ ਧੋਏ ਪੈਰ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2019 ਵਿੱਚ ਕੁੰਭ ਮੇਲੇ ਵਿੱਚ ਕੰਮ ਕਰ ਰਹੇ ਸਫ਼ਾਈ ਕਰਮਚਾਰੀਆਂ ਪ੍ਰਤੀ ਸਨਮਾਨ ਵਿਅਕਤ ਕਰਦੇ ਹੋਏ ਸਫ਼ਾਈ ਕਰਮਚਾਰੀਆਂ ਅਤੇ ਸਵੱਛਾਗ੍ਰਹੀਆਂ ਨੂੰ ਸਨਮਾਨਿਤ ਕੀਤਾ ਸੀ। ਇੰਨਾ ਹੀ ਨਹੀਂ, ਉਨ੍ਹਾਂ ਨੇ ਉਨ੍ਹਾਂ ਵਿੱਚੋਂ ਪੰਜ ਸਫ਼ਾਈ ਕਰਮਚਾਰੀਆਂ ਦੇ ਪੈਰ ਧੋ ਕੇ ਸਾਫ ਕੀਤੇ। ਪ੍ਰਧਾਨ ਮੰਤਰੀ ਨੇ ਉਨ੍ਹਾਂ ਨਾਲ ਗੱਲਬਾਤ ਵੀ ਕੀਤੀ।

## ਨਿਰਮਾਣ ਕਾਰਜ ਵਿੱਚ ਲਗੇ ਮਜ਼ਦੂਰਾਂ ਨਾਲ ਪ੍ਰਧਾਨ ਮੰਤਰੀ ਮੋਦੀ ਦੀ ਗੱਲਬਾਤ

ਪ੍ਰਧਾਨ ਮੰਤਰੀ ਨਰੇਂਦਰ ਮੋਦੀ 26 ਸਤੰਬਰ, 2021 ਦੀ ਸ਼ਾਮ ਨਵੇਂ ਸੰਸਦ ਭਵਨ ਦੀ ਨਿਰਮਾਣ ਸਾਈਟ 'ਤੇ ਪਹੁੰਚੇ। ਕਾਰਜ ਦੀ ਸਮੀਖਿਆ ਕੀਤੀ, ਤਰੱਕੀ ਦੀ ਜਾਣਕਾਰੀ ਲਈ ਅਤੇ ਪ੍ਰੋਜੈਕਟ ਨੂੰ ਸਮੇਂ 'ਤੇ ਪੂਰਾ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਨਿਰਮਾਣ ਕਾਰਜ ਵਿੱਚ ਲਗੇ ਮਜ਼ਦੂਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦਾ ਹਾਲ ਵੀ ਜਾਣਿਆ ਸੀ। ਪ੍ਰਧਾਨ ਮੰਤਰੀ ਨੇ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਸਨ ਕਿ ਨਿਰਮਾਣ ਕਾਰਜ ਵਿੱਚ ਲੱਗੇ ਸਾਰੇ ਕਰਮਚਾਰੀਆਂ ਨੂੰ ਪੂਰੀ ਤਰ੍ਹਾਂ ਨਾਲ ਕੋਵਿਡ ਰੋਕੂ ਟੀਕੇ ਲਗਾਏ ਜਾਣ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਾਰੇ ਮਜ਼ਦੂਰਾਂ ਦੀ ਮਾਸਿਕ ਸਿਹਤ ਜਾਂਚ ਕਰਵਾਉਣ ਦੇ ਵੀ ਨਿਰਦੇਸ਼ ਦਿੱਤੇ ਸਨ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਇੱਕ ਵਾਰ ਨਿਰਮਾਣ ਕਾਰਜ ਪੂਰਾ ਹੋ ਜਾਣ ਤੋਂ ਬਾਅਦ, ਨਿਰਮਾਣ ਸਾਈਟ'ਤੇ ਕੰਮ ਵਿੱਚ ਲੱਗੇ ਸਾਰੇ ਨਿਰਮਾਣ ਮਜ਼ਦੂਰਾਂ ਲਈ ਇੱਕ ਡਿਜੀਟਲ ਸੰਗ੍ਰਹਾਲਯ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਉਨ੍ਹਾਂ ਦਾ ਨਾਮ, ਉਨ੍ਹਾਂ ਦੇ ਸਥਾਨ ਦਾ ਨਾਮ, ਉਨ੍ਹਾਂ ਦੀ ਤਸਵੀਰ ਅਤੇ ਉਨ੍ਹਾਂ ਦੇ ਨਿਜੀ ਵੇਰਵੇ ਸ਼ਾਮਲ ਹੋਣ। ਉਨ੍ਹਾਂ ਨੇ ਕਿਹਾ ਕਿ ਨਿਰਮਾਣ ਕਾਰਜ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਪਛਾਣ ਮਿਲਣੀ ਚਾਹੀਦੀ ਹੈ। ਨਾਲ ਹੀ ਸਾਰੇ ਮਜ਼ਦੂਰਾਂ ਨੂੰ ਉਨ੍ਹਾਂ ਦੀ ਭੂਮਿਕਾ ਅਤੇ ਇਸ ਯਤਨ ਵਿੱਚ ਭਾਗੀਦਾਰੀ ਬਾਰੇ ਇੱਕ ਪ੍ਰਮਾਣ ਪੱਤਰ ਵੀ ਦਿੱਤਾ ਜਾਣਾ ਚਾਹੀਦਾ ਹੈ।





## ਮਜ਼ਦੂਰਾਂ ਨੂੰ ਹੁਣ ਮਿਲੀ 125 ਦਿਨਾਂ ਦੀ ਰੁਜ਼ਗਾਰ ਗਰੰਟੀ

ਵਿਕਸਿਤ ਭਾਰਤ-ਰੁਜ਼ਗਾਰ ਅਤੇ ਆਜੀਵਿਕਾ ਮਿਸ਼ਨ (ਗ੍ਰਾਮੀਣ) (ਵਿਕਸਿਤ ਭਾਰਤ ਜੀ ਰਾਮ ਜੀ) ਐਕਟ, 2025, ਗਰੰਟੀ ਢਾਂਚੇ ਨੂੰ ਮਜ਼ਬੂਤ ਅਤੇ ਵਿਸਤਾਰਿਤ ਕਰਦਾ ਹੈ। ਇਸ ਦੇ ਤਹਿਤ ਹਰੇਕ ਪੇਂਡੂ ਪਰਿਵਾਰ ਨੂੰ ਪ੍ਰਤੀ ਵਿੱਤੀ ਵਰ੍ਹੇ ਵਿੱਚ ਘੱਟ ਤੋਂ ਘੱਟ 125 ਦਿਨਾਂ ਦੇ ਵੇਤਨਭੋਗੀ ਰੁਜ਼ਗਾਰ ਦੀ ਕਾਨੂੰਨੀ ਗਰੰਟੀ ਪ੍ਰਦਾਨ ਕੀਤੀ ਗਈ ਹੈ, ਜੋ ਪਹਿਲਾਂ 100 ਦਿਨਾਂ ਦੀ ਸੀ। ਇਸ ਨਾਲ ਪੇਂਡੂ ਆਮਦਨ ਅਤੇ ਆਜੀਵਿਕਾ ਸੁਰੱਖਿਆ ਵਿੱਚ ਵਾਧਾ ਹੋਵੇਗਾ। ਇਸ ਵਿੱਚ ਇੱਕ ਮਜ਼ਬੂਤ ਕਾਨੂੰਨੀ ਬੇਰੁਜ਼ਗਾਰੀ ਭੱਤਾ ਵੀ ਸ਼ਾਮਲ ਹੈ, ਜੋ ਨਿਰਧਾਰਿਤ ਸਮੇਂ ਅੰਦਰ ਕੰਮ ਉਪਲਬਧ ਨਾ ਹੋਣ 'ਤੇ ਭੁਗਤਾਨਯੋਗ ਹੋਵੇਗਾ। ਇਸ ਦੀਆਂ ਦਰਾਂ ਸੂਚਿਤ ਮਜ਼ਦੂਰੀ ਦਰਾਂ ਨਾਲ ਜੁੜੀਆਂ ਹੋਣਗੀਆਂ। ਇਹ ਐਕਟ ਪਰਿਵਾਰਾਂ ਦੀ ਆਮਦਨ ਸਥਿਰਤਾ ਨੂੰ ਮਜ਼ਬੂਤ ਕਰਦਾ ਹੈ, ਜੋ ਗ੍ਰਾਮੀਣ ਪਰਿਵਾਰਾਂ ਲਈ ਭੋਜਨ ਸੁਰੱਖਿਆ ਅਤੇ ਉਪਭੋਗ ਵਿੱਚ ਸਥਿਰਤਾ ਨੂੰ ਯਕੀਨੀ ਬਣਾਉਂਦਾ ਹੈ।

# ਪ੍ਰਵਾਸੀ ਮਜ਼ਦੂਰਾਂ ਲਈ ਭਲਾਈ ਯੋਜਨਾਵਾਂ

**ਰੁਜ਼ਗਾਰ ਯੋਜਨਾਵਾਂ ਕੌਸ਼ਲ ਵਿਕਾਸ, ਵਿੱਤੀ ਸਹਾਇਤਾ ਅਤੇ ਸਮਾਜਿਕ ਸੁਰੱਖਿਆ ਦੇ ਮੌਕਿਆਂ ਤੱਕ ਪਹੁੰਚ ਪ੍ਰਦਾਨ ਕਰਕੇ ਮਜ਼ਦੂਰਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਸ਼ੁਰੂ ਕੀਤੀਆਂ ਗਈਆਂ ਹਨ। ਇਨ੍ਹਾਂ ਉਪਾਵਾਂ ਦਾ ਉਦੇਸ਼ ਮਜ਼ਦੂਰਾਂ ਨੂੰ ਸਸ਼ਕਤ ਬਣਾਉਣ, ਸਹਾਇਤਾ ਪ੍ਰਦਾਨ ਕਰਨਾ ਹੈ ਜੋ ਕਿ ਉਨ੍ਹਾਂ ਦੀ ਆਜੀਵਿਕਾ ਨੂੰ ਵਧਾਉਂਦਾ ਹੈ। ਭਵਿੱਖ ਲਈ ਉਨ੍ਹਾਂ ਦੀ ਵਧੇਰੇ ਸੁਰੱਖਿਆ ਨੂੰ ਯਕੀਨੀ ਬਣਾਉਂਦੀਆਂ ਹਨ। ਅਜਿਹੀਆਂ ਹੀ ਕੁਝ ਯੋਜਨਾਵਾਂ ਇਹ ਹਨ:**

## ਪੀਐੱਮ ਸਟ੍ਰੀਟ ਵੈਂਡਰਜ਼ ਆਤਮਨਿਰਭਰ ਨਿਧੀ (ਪੀਐੱਮ ਸਵਨਿਧੀ)

1 ਜੂਨ 2020 ਨੂੰ ਸ਼ੁਰੂ ਕੀਤੀ ਗਈ ਇਸ ਯੋਜਨਾ ਦਾ ਉਦੇਸ਼ ਸਟ੍ਰੀਟ ਵੈਂਡਰਾਂ ਨੂੰ ਬਿਨਾ ਕਿਸੇ ਗਰੰਟੀ ਦੇ ਕਾਰਜਸ਼ੀਲ ਪੂੰਜੀ ਲੋਨ ਦੀ ਸਹੂਲਤ ਪ੍ਰਦਾਨ ਕਰਨਾ ਹੈ। ਇਹ ਪਹਿਲ ਵਿਕ੍ਰੇਤਾਵਾਂ ਨੂੰ ਆਪਣੇ ਕਾਰੋਬਾਰ ਨੂੰ ਮੁੜ ਤੋਂ ਸ਼ੁਰੂ ਕਰਨ ਵਿੱਚ ਮਦਦ ਕਰਨ ਲਈ ਸ਼ੁਰੂ ਕੀਤੀ ਗਈ ਸੀ, ਜੋ ਕੋਵਿਡ-19 ਮਹਾਮਾਰੀ ਨਾਲ ਗੰਭੀਰ ਤੌਰ 'ਤੇ ਪ੍ਰਭਾਵਿਤ ਹੋਏ।

## ਆਯੁਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਆਰੋਗਯ ਯੋਜਨਾ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 23 ਸਤੰਬਰ 2018 ਨੂੰ ਆਯੁਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਆਰੋਗਯ ਯੋਜਨਾ (ਏਬੀ ਪੀਐੱਮ-ਜੇਏਵਾਈ) ਸ਼ੁਰੂ ਕੀਤੀ। ਇਸ ਯੋਜਨਾ ਦਾ ਉਦੇਸ਼ ਭਾਰਤ ਦੇ ਸਭ ਤੋਂ ਕਮਜ਼ੋਰ ਲੋਕਾਂ ਨੂੰ ਸਿਹਤ ਕਵਰੇਜ ਪ੍ਰਦਾਨ ਕਰਕੇ ਯੂਨੀਵਰਸਲ ਹੈਲਥ ਕਵਰੇਜ (ਯੂਐੱਚਸੀ) ਦੇਣਾ ਹੈ।

## ਪ੍ਰਧਾਨ ਮੰਤਰੀ ਸ਼੍ਰਮ ਯੋਗੀ ਮਾਣ-ਧਨ ਯੋਜਨਾ (ਪੀਐੱਮਐੱਸਵਾਈਐੱਮ)

ਕਿਰਤ ਅਤੇ ਰੁਜ਼ਗਾਰ ਮੰਤਰਾਲੇ ਵੱਲੋਂ 15 ਫਰਵਰੀ 2019 ਨੂੰ ਸ਼ੁਰੂ ਕੀਤੀ ਗਈ ਇਸ ਯੋਜਨਾ ਦਾ ਉਦੇਸ਼ ਪ੍ਰਵਾਸੀ ਮਜ਼ਦੂਰਾਂ ਸਮੇਤ ਅਸੰਗਠਿਤ ਖੇਤਰ ਦੇ ਮਜ਼ਦੂਰਾਂ ਨੂੰ 60 ਸਾਲ ਦੀ ਉਮਰ ਤੱਕ ਪਹੁੰਚਣ 'ਤੇ ਨਿਊਨਤਮ ਯਕੀਨੀ ਪੈਨਸ਼ਨ ਪ੍ਰਦਾਨ ਕਰਨਾ ਹੈ।

## ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ (ਪੀਐੱਮਜੀਕੇਏਵਾਈ)

ਖ਼ੁਰਾਕ ਸੁਰੱਖਿਆ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ (ਪੀਐੱਮਜੀਕੇਏਵਾਈ) ਦੁਆਰਾ ਮਜ਼ਬੂਤ ਕੀਤਾ ਗਿਆ ਹੈ, ਜਿਸ ਨੂੰ 1 ਜਨਵਰੀ 2024 ਤੋਂ ਅਗਲੇ ਪੰਜ ਵਰ੍ਹਿਆਂ ਦੇ ਲਈ ਵਧਾ ਦਿੱਤਾ ਗਿਆ ਹੈ। ਇਹ ਯੋਜਨਾ ਪ੍ਰਵਾਸੀ ਮਜ਼ਦੂਰਾਂ ਸਮੇਤ ਗ਼ਰੀਬੀ ਰੇਖਾ ਤੋਂ ਹੇਠਾਂ ਆਉਂਦੇ ਪਰਿਵਾਰਾਂ ਨੂੰ ਮੁਫ਼ਤ ਅਨਾਜ ਉਪਲਬਧ ਕਰਵਾਉਂਦੀ ਹੈ।

## ਮਜ਼ਦੂਰ ਦਿਵਸ ਦਾ ਮਹੱਤਵ

ਦੁਨੀਆ ਭਰ ਦੇ ਮਿਹਨਤੀ ਅਤੇ ਸਮਰਪਿਤ ਲੋਕਾਂ ਨੂੰ ਯਾਦ ਕਰਨ ਅਤੇ ਮਜ਼ਦੂਰਾਂ ਦੇ ਅਧਿਕਾਰਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਲਈ ਹਰ ਵਰ੍ਹੇ 1 ਮਈ ਨੂੰ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਮਜ਼ਦੂਰ ਦਿਵਸ ਸਿਰਫ਼ ਇੱਕ ਛੁੱਟੀ ਦਾ ਦਿਨ ਨਹੀਂ ਹੈ, ਸਗੋਂ ਇਹ ਮਜ਼ਦੂਰਾਂ ਦੇ ਯੋਗਦਾਨ ਨੂੰ ਸਨਮਾਨ ਦੇਣ ਦਾ ਦਿਨ ਹੈ। ਇਸ ਦਿਨ ਨੂੰ ਮਨਾ ਕੇ ਅਸੀਂ ਉਨ੍ਹਾਂ ਦੇ ਸੰਘਰਸ਼ ਨੂੰ ਯਾਦ ਕਰਦੇ ਹਾਂ। ਉਨ੍ਹਾਂ ਦੇ ਅਧਿਕਾਰਾਂ ਲਈ ਆਮ ਜਨਤਾ ਅਤੇ ਮਜ਼ਦੂਰਾਂ ਵਿੱਚ ਜਾਗਰੂਕਤਾ ਫੈਲਾਉਂਦੇ ਹਾਂ।





# ਰਾਜ ਸਭਾ ਵਿੱਚ ਲਗਭਗ 110% ਅਤੇ ਲੋਕ ਸਭਾ ਵਿੱਚ 93% ਹੋਇਆ ਕੰਮਕਾਜ

*ਵਿਸ਼ੇਸ਼ ਸੰਸਦ ਸੈਸ਼ਨ ਦੇ ਅੰਤਿਮ ਦਿਨ 18 ਅਪ੍ਰੈਲ ਨੂੰ ਲੋਕ ਸਭਾ ਅਤੇ ਰਾਜ ਸਭਾ ਦੋਨਾਂ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਸੰਸਦ ਦਾ ਬਜਟ ਸੈਸ਼ਨ ਸਮਾਪਤ ਹੋ ਗਿਆ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕਾਰਵਾਈ ਸਮਾਪਤ ਕਰਦੇ ਹੋਏ ਬਜਟ ਸੈਸ਼ਨ ਦੀ ਸਮਾਪਤੀ ਦਾ ਐਲਾਨ ਕੀਤਾ ਨਾਲ ਹੀ ਰਾਜ ਸਭਾ ਦੇ ਪ੍ਰੈਜ਼ੀਡੈਂਟ ਅਤੇ ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਣਨ ਨੇ ਕੁਝ ਦੇਰ ਬਾਅਦ ਉੱਚ ਸਦਨ ਦੀ ਕਾਰਵਾਈ ਮੁਲਤਵੀ ਕਰ ਦਿੱਤੀ। ਬਜਟ ਸੈਸ਼ਨ ਦੇ ਦੌਰਾਨ ਜਿੱਥੇ ਸਦਨ ਵਿੱਚ ਕਈ ਬਿਲ ਪਾਸ ਕੀਤੇ ਗਏ ਉੱਥੇ ਹੀ, ਰਾਜ ਸਭਾ ਵਿੱਚ ਲਗਭਗ 110 ਅਤੇ ਲੋਕ ਸਭਾ ਵਿੱਚ 93 ਪ੍ਰਤੀਸ਼ਤ ਹੋਇਆ ਕੰਮਕਾਜ......*

## 18ਵੀਂ ਲੋਕ ਸਭਾ ਦਾ 7ਵਾਂ ਸੈਸ਼ਨ ਅਣਮਿੱਥੇ ਸਮੇਂ ਲਈ ਮੁਲਤਵੀ

28 ਜਨਵਰੀ, 2026 ਨੂੰ ਸ਼ੁਰੂ ਹੋਏ ਲੋਕ ਸਭਾ ਦੇ ਸੱਤਵੇਂ ਸੈਸ਼ਨ ਦੌਰਾਨ 31 ਮੀਟਿੰਗਾਂ ਹੋਈਆਂ ਜੋ ਲਗਭਗ 151 ਘੰਟੇ ਅਤੇ 42 ਮਿੰਟ ਤੱਕ ਚੱਲੀਆਂ। ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਨੇ 28 ਜਨਵਰੀ 2026 ਨੂੰ ਦੋਵਾਂ ਸਦਨਾਂ ਦੇ ਮੈਂਬਰਾਂ ਨੂੰ ਸੰਬੋਧਨ ਕੀਤਾ ਅਤੇ 1 ਫਰਵਰੀ 2026 ਨੂੰ ਵਿੱਤ ਮੰਤਰੀ ਨੇ ਸਦਨ ਵਿੱਚ ਕੇਂਦਰੀ ਬਜਟ 2026-2027 ਪੇਸ਼ ਕੀਤਾ। ਕੇਂਦਰੀ ਬਜਟ 2026-27 'ਤੇ ਚਰਚਾ ਲਗਭਗ 13 ਘੰਟਿਆਂ ਤੱਕ ਚਲੀ, ਜਿਸ ਵਿੱਚ 63 ਮੈਂਬਰਾਂ ਨੇ ਹਿੱਸਾ ਲਿਆ। ਵਿੱਤ ਮੰਤਰੀ ਨੇ 11 ਫਰਵਰੀ 2026 ਨੂੰ ਚਰਚਾ ਦਾ ਜਵਾਬ ਦਿੱਤਾ। 25 ਮਾਰਚ 2026 ਨੂੰ ਸਦਨ ਦੁਆਰਾ ਵਿੱਤ ਬਿਲ ਪਾਸ ਕੀਤਾ ਗਿਆ।

- ਸਾਰੇ ਮੈਂਬਰਾਂ ਦੇ ਸਹਿਯੋਗ ਨਾਲ ਲੋਕ ਸਭਾ ਦੇ ਇਸ ਸੈਸ਼ਨ ਦੀ ਕਾਰਜ ਉਤਪਾਦਕਤਾ ਲਗਭਗ 93 ਪ੍ਰਤੀਸ਼ਤ ਰਹੀ। ਸੈਸ਼ਨ ਦੌਰਾਨ 12 ਸਰਕਾਰੀ ਬਿਲ ਪੇਸ਼ ਕੀਤੇ ਗਏ ਅਤੇ ਜਿਸ ਵਿੱਚੋਂ ਕੁੱਲ 9 ਬਿਲ ਪਾਸ ਕੀਤੇ ਗਏ।
- ਸਦਨ ਦੁਆਰਾ 16 ਅਪ੍ਰੈਲ ਅਤੇ 17 ਅਪ੍ਰੈਲ, 2026 ਨੂੰ ਸੰਵਿਧਾਨ ਦੇ 131ਵੇਂ ਸੋਧ ਬਿਲ, 2026, ਕੇਂਦਰ ਸ਼ਾਸਿਤ ਪ੍ਰਦੇਸ਼ ਕਾਨੂੰਨ (ਸੋਧ) ਬਿਲ, 2026 ਅਤੇ ਹੱਦਬੰਦੀ ਬਿਲ, 2026 'ਤੇ ਚਰਚਾ ਕੀਤੀ ਗਈ। ਇਹ ਚਰਚਾ 21 ਘੰਟੇ 27 ਮਿੰਟ ਤੱਕ ਚਲੀ ਅਤੇ ਇਸ ਵਿੱਚ 131 ਮੈਂਬਰਾਂ ਨੇ ਵਿਚਾਰ ਪੇਸ਼ ਕੀਤੇ।
- ਇਸ ਸੈਸ਼ਨ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 23 ਮਾਰਚ 2026 ਨੂੰ ਪੱਛਮੀ ਏਸ਼ੀਆ ਵਿੱਚ ਜਾਰੀ ਸੰਘਰਸ਼ ਅਤੇ ਭਾਰਤ ਦੇ ਸਾਹਮਣੇ ਆ ਰਹੀਆਂ ਚੁਣੌਤੀਆਂ ਬਾਰੇ ਬਿਆਨ ਦਿੱਤਾ।
- 30 ਮਾਰਚ, 2026 ਨੂੰ 'ਖੱਬੇਪੱਖੀ ਅੱਤਵਾਦ ਤੋਂ ਦੇਸ਼ ਨੂੰ ਮੁਕਤ ਕਰਵਾਉਣ ਦੇ ਯਤਨ' ਵਿਸ਼ੇ 'ਤੇ ਨਿਯਮ 193 ਦੇ ਅਧੀਨ ਇੱਕ ਛੋਟੀ ਮਿਆਦ ਦੀ ਚਰਚਾ ਕੀਤੀ ਗਈ।



# ਰਾਜ ਸਭਾ ਦੇ 270ਵੇਂ ਸੈਸ਼ਨ ਦੇ ਨਾਲ ਹੀ ਸੰਸਦ ਦਾ ਬਜਟ ਸੈਸ਼ਨ ਸਮਾਪਤ

ਰਾਜ ਸਭਾ ਦੇ 270ਵੇਂ ਸੈਸ਼ਨ ਦੀ ਸਮਾਪਤੀ ਦੇ ਨਾਲ ਹੀ ਸੰਸਦ ਦਾ ਬਜਟ ਸੈਸ਼ਨ ਵੀ ਸਮਾਪਤ ਹੋ ਗਿਆ। ਇਸ ਸੈਸ਼ਨ ਵਿੱਚ ਸਵੀਕ੍ਰਿਤ ਬਜਟ ਵੰਡ, ਪ੍ਰਵਾਨਿਤ ਨੀਤੀਆਂ ਅਤੇ ਨਿਰਧਾਰਿਤ ਤਰਜੀਹਾਂ ਭਾਰਤ ਦੇ ਹਰੇਕ ਨਾਗਰਿਕ ਦੇ ਜੀਵਨ 'ਤੇ ਸਿੱਧਾ ਪ੍ਰਭਾਵ ਪਾਉਂਦੀਆਂ ਹਨ। ਸੈਸ਼ਨ ਦੀ ਸ਼ੁਰੂਆਤ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ 'ਤੇ ਚਾਰ ਦਿਨਾਂ ਤੱਕ ਚਲੀ ਚਰਚਾ ਨਾਲ ਹੋਈ ਜਿਸ ਵਿੱਚ ਸਦਨ ਦੇ 79 ਮੈਂਬਰਾਂ ਨੇ ਹਿੱਸਾ ਲਿਆ। ਧੰਨਵਾਦ ਪ੍ਰਸਤਾਵ 'ਤੇ ਹੋਈ ਚਰਚਾ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਜਵਾਬ ਨੇ ਸਦਨ ਦੇ ਦੋਵੇਂ ਪਾਸੇ ਬੈਠੇ ਮੈਂਬਰਾਂ ਦੁਆਰਾ ਚੁੱਕੇ ਗਏ ਬਹੁਤ ਸਾਰੇ ਨੁਕਤਿਆਂ ਨੂੰ ਸਪਸ਼ਟਤਾ ਅਤੇ ਸੰਦਰਭ ਪ੍ਰਦਾਨ ਕੀਤਾ।

- ਚਾਰ ਦਿਨਾਂ ਤੱਕ ਚਲੀ ਇਸ ਚਰਚਾ ਵਿੱਚ 97 ਮੈਂਬਰਾਂ ਨੇ ਹਿੱਸਾ ਲਿਆ। ਇਸ ਤੋਂ ਇਲਾਵਾ, ਸਦਨ ਵਿੱਚ ਸਰਕਾਰ ਦੇ ਦੋ ਪ੍ਰਮੁੱਖ ਮੰਤਰਾਲਿਆਂ ਦੇ ਕੰਮਕਾਜ 'ਤੇ ਵੀ ਡੂੰਘਾ ਵਿਚਾਰ-ਵਟਾਂਦਰਾ ਹੋਇਆ।
- ਸਦਨ ਨੇ ਭਾਰਤ-ਅਮਰੀਕਾ ਦੁਵੱਲੇ ਵਪਾਰ ਸਮਝੌਤੇ 'ਤੇ ਵਣਜ ਅਤੇ ਉਦਯੋਗ ਮੰਤਰੀ ਦੁਆਰਾ ਅਤੇ ਪੱਛਮੀ ਏਸ਼ੀਆ ਦੀ ਸਥਿਤੀ ਦੇ ਸਬੰਧ ਵਿੱਚ ਵਿਦੇਸ਼ ਮੰਤਰੀ ਦੁਆਰਾ ਦਿੱਤੇ ਗਏ ਆਪਣੇ ਆਪ ਦਿੱਤੇ ਗਏ ਬਿਆਨਾਂ 'ਤੇ ਵੀ ਧਿਆਨ ਦਿੱਤਾ।
- ਪ੍ਰਧਾਨ ਮੰਤਰੀ ਮੋਦੀ ਨੇ ਪੱਛਮੀ ਏਸ਼ੀਆ ਵਿੱਚ ਚਲ ਰਹੇ ਸੰਘਰਸ਼ ਅਤੇ ਉਸ ਦੇ ਨਤੀਜੇ ਵਜੋਂ ਭਾਰਤ ਦੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ, ਵਿਸ਼ੇਸ਼ ਤੌਰ 'ਤੇ ਊਰਜਾ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਵਿਸ਼ੇ 'ਤੇ ਬਿਆਨ ਦਿੱਤਾ।
- ਸੈਸ਼ਨ ਦੇ ਦੌਰਾਨ ਮੈਂਬਰਾਂ ਨੇ 50 ਨਿਜੀ ਬਿਲ ਪੇਸ਼ ਕੀਤੇ।
- ਸਦਨ ਵਿੱਚ 157:40 ਘੰਟੇ ਅਤੇ 109.87% ਕੰਮ ਹੋਇਆ।









# ਵਿਸ਼ਵਾਸ ਅਧਾਰਿਤ ਸਿਸਟਮ ਨੂੰ ਮਜ਼ਬੂਤ ਕਰਦਾ ਬਿਲ

*ਜਨ ਵਿਸ਼ਵਾਸ (ਪ੍ਰਬੰਧਾਂ ਵਿੱਚ ਸੋਧ) ਬਿਲ, 2026, ਲੋਕ ਸਭਾ ਅਤੇ ਰਾਜ ਸਭਾ ਦੋਵਾਂ ਦੁਆਰਾ ਪਾਸ ਕੀਤਾ ਗਿਆ ਹੈ। ਇਹ 23 ਮੰਤਰਾਲਿਆਂ ਵਿੱਚ 79 ਕੇਂਦਰੀ ਐਕਟਾਂ ਦੇ ਅੰਦਰ ਮੌਜੂਦ 784 ਉਪਬੰਧਾਂ ਨੂੰ ਸੋਧਦਾ ਹੈ। ਇਸ ਕਾਨੂੰਨ ਰਾਹੀਂ, ਇਹਨਾਂ 717 ਉਪਬੰਧਾਂ ਨੂੰ ਅਪਰਾਧ ਤੋਂ ਮੁਕਤ ਕਰਕੇ 'ਈਜ਼ ਆਫ ਡੂਇੰਗ ਬਿਜ਼ਨੇਸ' ਨੂੰ ਸੁਵਿਧਾਜਨਕ ਬਣਾਉਣ ਅਤੇ ਬਾਕੀ 67 ਉਪਬੰਧਾਂ ਨੂੰ ਸੋਧ ਕੇ 'ਈਜ਼ ਆਫ ਲਿਵਿੰਗ' ਨੂੰ ਵਧਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਪਹਿਲ ਇੱਕ ਸੰਤੁਲਿਤ ਅਤੇ ਵਿਸ਼ਵਾਸ-ਅਧਾਰਿਤ ਰੈਗੂਲੇਟਰੀ ਈਕੋਸਿਸਟਮ ਨੂੰ ਉਤਸ਼ਾਹਿਤ ਕਰੇਗੀ। ਇਹ ਵਿਅਕਤੀਆਂ ਅਤੇ ਕਾਰੋਬਾਰਾਂ 'ਤੇ ਪਾਲਣਾ ਦੇ ਬੋਝ ਨੂੰ ਘਟਾਉਣ ਲਈ ਛੋਟੇ-ਮੋਟੇ ਅਪਰਾਧਾਂ ਨੂੰ ਅਪਰਾਧ ਤੋਂ ਮੁਕਤ ਕਰਨ ਅਤੇ ਮੌਜੂਦਾ ਕਾਨੂੰਨੀ ਉਪਬੰਧਾਂ ਨੂੰ ਤਰਕਸੰਗਤ ਬਣਾਉਣ ਦੇ ਯਤਨ ਨੂੰ ਦਰਸਾਉਂਦਾ ਹੈ।*

## ਬਿਲ ਦੇ ਚਾਰ ਮੁੱਖ ਥੰਮ੍ਹ

ਚਾਰ ਮੁੱਖ ਥੰਮ੍ਹਾਂ 'ਤੇ ਅਧਾਰਿਤ ਇਹ ਬਿਲ ਅਜਿਹਾ ਰੈਗੂਲੇਟਰੀ ਵਾਤਾਵਰਣ ਤਿਆਰ ਕਰਨ ਦੇ ਉਦੇਸ਼ ਨਾਲ ਪਾਸ ਕੀਤਾ ਗਿਆ ਹੈ ਜੋ ਕਿ ਪਾਲਣਾ ਨੂੰ ਉਤਸ਼ਾਹਿਤ ਕਰੇ। ਕਾਨੂੰਨ ਦੇ ਨਾਲ ਨਾਗਰਿਕਾਂ ਅਤੇ ਕਾਰੋਬਾਰਾਂ ਦੇ ਦੈਨਿਕ ਸੰਵਾਦ ਨੂੰ ਸਰਲ ਅਤੇ ਸਹਿਜ ਬਣਾਏ।

- ਸਜ਼ਾ ਤੋਂ ਪਹਿਲਾਂ ਚੇਤਾਵਨੀ।
- ਅਨੁਪਾਤਿਕ ਸਜ਼ਾ।
- ਤੀਬਰ ਅਤੇ ਨਿਆਂਸੰਗਤ ਹੱਲ।
- ਗਤੀਸ਼ੀਲ ਸਜ਼ਾ ਢਾਂਚਾ।



## ਮਾਮੂਲੀ ਜਾਂ ਪ੍ਰਕਿਰਿਆਤਮਕ ਉਲੰਘਣਾ ਬਾਰੇ ਹੁਣ ਸਖਤ ਸਜ਼ਾ ਨਹੀਂ

**ਜਨ ਵਿਸ਼ਵਾਸ (ਸੋਧ) ਬਿਲ, 2026 ਨੇ ਅਪਰਾਧਿਕ ਵਿਵਸਥਾਵਾਂ ਨੂੰ ਇੱਕ ਜ਼ਿਆਦਾ ਸਮਝਦਾਰ, ਨਾਗਰਿਕ ਅਨੁਕੂਲ ਅਤੇ ਅਨੁਪਾਲਣ ਵਿਵਸਥਾ ਬਣਾ ਕੇ ਬਦਲ ਦਿੱਤਾ ਹੈ, ਜਿਸ ਨਾਲ ਲੋਕਾਂ ਨੂੰ ਮਿਲ ਰਹੀ ਹੈ ਬੇਲੋੜੇ ਕਾਨੂੰਨੀ ਬੋਝਾਂ ਤੋਂ ਰਾਹਤ .....**

- 317 ਉਪਬੰਧਾਂ ਨੂੰ ਜ਼ੁਰਮਾਨੇ ਤੋਂ ਸਿਵਿਲ ਪੈਨਲਟੀ ਵਿੱਚ ਬਦਲਿਆ ਗਿਆ।
- 158 ਉਪਬੰਧਾਂ ਵਿੱਚ ਜ਼ੁਰਮਾਨੇ ਨੂੰ ਪੂਰੀ ਤਰ੍ਹਾਂ ਨਾਲ ਹਟਾ ਦਿੱਤਾ ਗਿਆ।
- 113 ਉਪਬੰਧਾਂ ਵਿੱਚ ਜ਼ੇਲ੍ਹ ਅਤੇ ਜ਼ੁਰਮਾਨੇ ਦੀ ਸਜ਼ਾ ਹਟਾ ਕੇ ਸਿਵਿਲ ਪੈਨਲਟੀ ਲਾਗੂ ਕੀਤੀ ਗਈ।
- 57 ਉਪਬੰਧਾਂ ਵਿੱਚ ਜ਼ੇਲ੍ਹ ਅਤੇ ਜ਼ੁਰਮਾਨਾ ਦੋਵਾਂ ਨੂੰ ਖਤਮ ਕੀਤਾ ਗਿਆ।
- 63 ਉਪਬੰਧਾਂ ਵਿੱਚ ਪਹਿਲੀ ਵਾਰ ਗਲਤੀ ਬਾਰੇ ਚੇਤਾਵਨੀ/ ਨੋਟਿਸ ਦਾ ਪ੍ਰਬੰਧ ਕੀਤਾ ਗਿਆ ਹੈ।
- 17 ਉਪਬੰਧਾਂ ਵਿੱਚ ਜ਼ੇਲ੍ਹ ਦੀ ਸਜ਼ਾ ਘਟਾਈ ਗਈ।
- 29 ਉਪਬੰਧਾਂ ਵਿੱਚ ਜ਼ੇਲ੍ਹ ਦੀ ਸਜ਼ਾ ਹਟਾ ਦਿੱਤੀ ਗਈ।
- 17 ਉਪਬੰਧਾਂ ਵਿੱਚ ਸਮਝੌਤੇ ਨਾਲ ਮਾਮਲਾ ਖਤਮ ਕਰਨ (ਕੰਪਾਉਂਡਿੰਗ) ਦੀ ਸੁਵਿਧਾ ਸ਼ੁਰੂ ਕੀਤੀ ਗਈ।
- 2 ਉਪਬੰਧਾਂ ਵਿੱਚ ਕੈਦ ਦੀ ਸਜ਼ਾ ਨੂੰ ਸਿਵਿਲ ਪੈਨਲਟੀ ਵਿੱਚ ਬਦਲਿਆ ਗਿਆ।
- 1 ਉਪਬੰਧ ਵਿੱਚ ਜ਼ੇਲ੍ਹ ਨੂੰ ਤਰਕਸ਼ੀਲ ਬਣਾਇਆ ਗਿਆ।
- 6 ਉਪਬੰਧਾਂ ਵਿੱਚ ਅਪਰਾਧ ਦੇ ਦਾਇਰੇ ਨੂੰ ਸੀਮਤ ਕੀਤਾ ਗਿਆ।

## ਲੋਕ ਸਭਾ ਵਿੱਚ ਪਾਸ ਕੀਤੇ ਗਏ ਕੁਝ ਮਹੱਤਵਪੂਰਨ ਬਿਲ

ਬਜਟ ਸੈਸ਼ਨ ਦੇ ਦੌਰਾਨ ਲੋਕ ਸਭਾ ਵਿੱਚ 12 ਸਰਕਾਰੀ ਬਿਲ ਪੇਸ਼ ਕੀਤੇ ਗਏ ਅਤੇ 9 ਬਿਲ ਪਾਸ ਕੀਤੇ ਗਏ। ਪਾਸ ਕੀਤੇ ਗਏ ਕੁਝ ਮਹੱਤਵਪੂਰਨ ਬਿਲ ਇਸ ਪ੍ਰਕਾਰ ਹਨ......

1. ਉਦਯੋਗਿਕ ਸਬੰਧ ਕੋਡ (ਸੋਧ) ਬਿਲ 2026
2. ਟ੍ਰਾਂਸਜੈਂਡਰ ਪਰਸਨ (ਅਧਿਕਾਰਾਂ ਦੀ ਸੁਰੱਖਿਆ) ਸੋਧ ਬਿਲ, 2026
3. ਵਿੱਤ ਬਿਲ, 2026
4. ਇਨਸੋਲਵੈਂਸੀ ਐਂਡ ਬੈਂਕ੍ਰਪਸੀ ਕੋਡ (ਸੋਧ) ਬਿਲ, 2026
5. ਆਂਧਰ ਪ੍ਰਦੇਸ਼ ਪੁਨਰ ਗਠਨ (ਸੋਧ) ਬਿਲ, 2026
6. ਜਨ ਵਿਸ਼ਵਾਸ (ਉਪਬੰਧਾਂ ਦੀ ਸੋਧ) ਬਿਲ, 2026
7. ਕੇਂਦਰੀ ਹਥਿਆਰਬੰਦ ਬਲ (ਸਧਾਰਣ ਪ੍ਰਸ਼ਾਸਨ) ਬਿਲ, 2026

### ਰਾਜ ਸਭਾ ਦੇ ਡਿਪਟੀ ਚੇਅਰਮੈਨ ਵਜੋਂ ਚੁਣੇ ਗਏ ਹਰੀਵੰਸ਼

ਸੈਸ਼ਨ ਵਿੱਚ ਹਰੀਵੰਸ਼ ਤੀਜੀ ਵਾਰ ਰਾਜ ਸਭਾ ਦੇ ਡਿਪਟੀ ਚੇਅਰਮੈਨ ਵਜੋਂ ਚੁਣੇ ਗਏ। ਪ੍ਰਧਾਨ ਮੰਤਰੀ ਮੋਦੀ ਨੇ 17 ਅਪ੍ਰੈਲ ਨੂੰ ਰਾਜ ਸਭਾ ਨੂੰ ਸੰਬੋਧਨ ਕਰਦੇ ਹੋਏ ਹਰੀਵੰਸ਼ ਨੂੰ ਰਾਜ ਸਭਾ ਦੇ ਡਿਪਟੀ ਚੇਅਰਮੈਨ ਦੇ ਰੂਪ ਵਿੱਚ ਲਗਾਤਾਰ ਤੀਜੀ ਵਾਰ ਚੁਣੇ ਜਾਣ 'ਤੇ ਹਾਰਦਿਕ ਵਧਾਈ ਦਿੱਤੀ। ਇਸ ਇਤਿਹਾਸਕ ਉਪਲਬਧੀ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਹਰੀਵੰਸ਼ 'ਤੇ ਸਦਨ ਦੇ ਡੂੰਘੇ ਭਰੋਸੇ ਅਤੇ ਸੰਸਥਾ ਵਿੱਚ ਉਨ੍ਹਾਂ ਦੇ ਵਡਮੁੱਲੇ ਤਜ਼ਰਬੇ ਨੂੰ ਦਰਸਾਉਂਦਾ ਹੈ। ਲਗਾਤਾਰ ਤੀਜੀ ਵਾਰ ਚੁਣਿਆ ਜਾਣਾ ਸਦਨ ਦੁਆਰਾ ਉਨ੍ਹਾਂ ਦੇ ਤਜ਼ਰਬੇ, ਸਮਾਵੇਸ਼ੀ ਦ੍ਰਿਸ਼ਟੀਕੋਣ ਅਤੇ ਸਨਮਾਨਜਨਕ ਕਾਰਜਸ਼ੈਲੀ ਦੀ ਮਨਜ਼ੂਰੀ ਹੈ।

### ਸੰਸਦ ਨੇ ਵੌਇਸ ਵੋਟ ਨਾਲ ਸੀਏਪੀਐੱਫ (ਸਧਾਰਣ ਪ੍ਰਸ਼ਾਸਨ) ਬਿਲ, 2026 ਕੀਤਾ ਪਾਸ

ਕੇਂਦਰੀ ਹਥਿਆਰਬੰਦ ਬਲ (ਸਧਾਰਣ ਪ੍ਰਸ਼ਾਸਣ) ਬਿਲ, 2026 ਨੂੰ ਲੋਕ ਸਭਾ ਨੇ 2 ਅਪ੍ਰੈਲ ਨੂੰ ਵੌਇਸ ਵੋਟ ਰਾਹੀਂ ਪਾਸ ਕਰ ਦਿੱਤਾ। ਰਾਜ ਸਭਾ ਪਹਿਲਾਂ ਹੀ ਇਸ ਬਿਲ ਨੂੰ ਪਾਸ ਕਰ ਚੁੱਕੀ ਹੈ। ਬਿਲ ਵਿੱਚ ਪ੍ਰਬੰਧ ਹੈ ਕਿ ਸੀਏਪੀਐੱਫ ਵਿੱਚ 50 ਪ੍ਰਤੀਸ਼ਤ ਅਸਾਮੀਆਂ ਇੰਸਪੈਕਟਰ ਜਨਰਲ ਰੈਂਕ ਵਿੱਚ ਡੈਪੂਟੇਸ਼ਨ ਦੁਆਰਾ ਅਤੇ ਘੱਟ ਤੋਂ ਘੱਟ 67 ਪ੍ਰਤੀਸ਼ਤ ਅਸਾਮੀਆਂ ਅਡੀਸ਼ਨਲ ਡਾਇਰੈਕਟਰ ਜਨਰਲ ਰੈਂਕ ਵਿੱਚ ਡੈਪੂਟੇਸ਼ਨ ਦੁਆਰਾ ਭਰੀਆਂ ਜਾਣਗੀਆਂ। ਇਸ ਤੋਂ ਇਲਾਵਾ, ਸਪੈਸ਼ਲ ਡਾਇਰੈਕਟਰ ਜਨਰਲ ਅਤੇ ਡਾਇਰੈਕਟਰ ਜਨਰਲ ਰੈਂਕ ਦੀਆਂ ਸਾਰੀਆਂ ਅਸਾਮੀਆਂ ਸਿਰਫ਼ ਡੈਪੂਟੇਸ਼ਨ ਦੁਆਰਾ ਹੀ ਭਰੀਆਂ ਜਾਣਗੀਆਂ। ਇਸ ਬਿਲ ਦਾ ਉਦੇਸ਼ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਵਿੱਚ ਗਰੁੱਪ ਏ ਜਨਰਲ ਡਿਊਟੀ ਅਧਿਕਾਰੀਆਂ ਅਤੇ ਹੋਰ ਅਧਿਕਾਰੀਆਂ ਦੀ ਭਰਤੀ ਅਤੇ ਸੇਵਾ ਸ਼ਰਤਾਂ ਨੂੰ ਨਿਯੰਤ੍ਰਿਤ ਕਰਨ ਵਾਲੇ ਸਧਾਰਣ ਨਿਯਮਾਂ ਨੂੰ ਨਿਯੰਤ੍ਰਿਤ ਕਰਨਾ ਹੈ।

# ਫਿਲੋਸਫੀ ਅਤੇ ਟੈਕਨੋਲੋਜੀ ਦੋਵਾਂ ਵਿੱਚ ਸਮ੍ਰਿੱਧ ਕਰਨਾਟਕ

ਕਰਨਾਟਕ ਫਿਲੋਸਫੀ ਅਤੇ ਟੈਕਨੋਲੋਜੀ, ਦੋਵਾਂ ਵਿੱਚ ਸਮ੍ਰਿੱਧ ਹੈ। ਯਾਨੀ ਦਰਸ਼ਨ ਦੀ ਡੂੰਘਾਈ ਅਤੇ ਟੈਕਨੋਲੋਜੀ ਦੀ ਸ਼ਕਤੀ, ਦੋਵੇਂ ਇੱਥੇ ਮੌਜੂਦ ਹਨ। ਇਸ ਸਮ੍ਰਿੱਧ ਵਿਰਾਸਤ ਵਿੱਚ, ਕਰਨਾਟਕ ਦਾ ਸ੍ਰੀ ਆਦਿਚੁੰਚਨਗਿਰੀ ਮਹਾਸੰਸਥਾਨ ਮਠ, ਸਾਡੀਆਂ ਸ਼ਾਨਦਾਰ ਅਧਿਆਤਮਿਕ ਪਰੰਪਰਾਵਾਂ ਦੇ ਇੱਕ ਜੀਵਤ ਪ੍ਰਤੀਕ ਵਜੋਂ ਖੜ੍ਹਾ ਹੈ। ਇਸ ਦੀਆਂ ਭਾਈਚਾਰਕ ਸੇਵਾਵਾਂ ਸੱਚਮੁੱਚ ਪ੍ਰੇਰਨਾਦਾਇਕ ਹਨ। ਕਰਨਾਟਕ ਦੇ ਮਾਂਡਯਾ ਸਥਿਤ ਇਸੇ ਮਠ ਵਿੱਚ ਬਣੇ ਸ੍ਰੀ ਗੁਰੂ ਭੈਰਵੈਕਯ ਮੰਦਿਰ ਦਾ 15 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਦਘਾਟਨ ਕੀਤਾ। ਇਸ ਤੋਂ ਪਹਿਲਾਂ ਜਵਾਲਾ ਪੀਠ ਵਿੱਚ ਸਭਾ ਨੂੰ ਸੰਬੋਧਨ ਕੀਤਾ ਅਤੇ ਕਾਲਭੈਰਵ ਮੰਦਿਰ ਵਿੱਚ ਕੀਤੀ ਪੂਜਾ – ਅਰਚਨਾ .....

**" ਆਪਣੇ ਗੁਰੂ ਦੇ ਸਨਮਾਨ ਵਿੱਚ ਸ੍ਰੀ ਗੁਰੂ ਭੈਰਵੈਕਯ ਮੰਦਿਰ ਦਾ ਨਿਰਮਾਣ ਕਰਨਾ ਸਿਰਫ ਇੱਕ ਢਾਂਚਾ ਬਣਾਉਣਾ ਨਹੀਂ ਹੈ, ਇਹ ਇੱਕ ਭਾਵਨਾ ਨੂੰ ਸਾਕਾਰ ਕਰਨਾ ਹੈ। ਆਉਣ ਵਾਲੇ ਸਮੇਂ ਵਿੱਚ ਇਹ ਸਥਾਨ ਨਿਸ਼ਚਿਤ ਤੌਰ 'ਤੇ ਸੇਵਾ, ਸਾਧਨਾ ਅਤੇ ਪ੍ਰੇਰਣਾ ਦਾ ਕੇਂਦਰ ਬਣੇਗਾ।**

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਭਾਰਤ, ਹਜ਼ਾਰਾਂ ਵਰ੍ਹਿਆਂ ਤੋਂ ਚਲਦੀ ਆ ਰਹੀ ਇੱਕ ਜੀਵੰਤ ਸੱਭਿਅਤਾ ਹੈ। ਦੁਨੀਆ ਵਿੱਚ ਬਹੁਤ ਘੱਟ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ ਜਿੱਥੇ ਪਰੰਪਰਾਵਾਂ ਇੰਨੇ ਲੰਬੇ ਸਮੇਂ ਤੱਕ ਨਿਰੰਤਰ ਬਣਦੀਆਂ ਰਹਿੰਦੀਆਂ ਹਨ। ਜਦੋਂ ਸ੍ਰੀ ਆਦਿਚੁੰਚਨਗਿਰੀ ਮਹਾਸੰਸਥਾਨ ਮਠ ਨੂੰ ਦੇਖਦੇ ਹਾਂ, ਤਾਂ ਇਸ ਨਿਰੰਤਰਤਾ ਦਾ ਸਾਕਸ਼ਾਤ ਰੂਪ ਦਿਖਾਈ ਦਿੰਦਾ ਹੈ। ਸਮਾਜ ਵਿੱਚ ਸਮੇਂ- ਸਮੇਂ 'ਤੇ ਅਜਿਹੀਆਂ ਮਹਾਨ ਸ਼ਖਸੀਅਤਾਂ ਆਉਂਦੀਆਂ ਰਹਿੰਦੀਆਂ ਹਨ, ਜੋ ਸਿਰਫ਼ ਅਧਿਆਤਮਿਕ ਮਾਰਗਦਰਸ਼ਨ ਤੱਕ ਸੀਮਤ ਨਹੀਂ ਰਹੇ। ਜਗਤ ਗੁਰੂ ਸ੍ਰੀ ਸ੍ਰੀ ਸ੍ਰੀ ਡਾ. ਬਾਲ ਗੰਗਾਧਰ ਨਾਥ ਮਹਾਸਵਾਮੀ ਜੀ ਵੀ ਅਜਿਹੀ ਹੀ ਦਿੱਵਯ ਸ਼ਖਸੀਅਤ ਸਨ।

## ਪ੍ਰਧਾਨ ਮੰਤਰੀ ਮੋਦੀ ਦੇ ਵਿਕਸਿਤ ਕਰਨਾਟਕ ਅਤੇ ਵਿਕਸਿਤ ਭਾਰਤ ਦੇ ਲਈ ਨੌਂ ਸੰਕਲਪ

1. **ਪਾਣੀ :** ਅਸੀਂ ਸਾਰੇ ਪਾਣੀ ਬਚਾਉਣ ਅਤੇ ਪਾਣੀ ਦੇ ਬਿਹਤਰ ਪ੍ਰਬੰਧਨ ਦਾ ਸੰਕਲਪ ਲਈਏ।
2. **ਕੁਦਰਤ :** ' ਏਕ ਪੇੜ ਮਾਂ ਕੇ ਨਾਮ', ਆਪਣੀ ਮਾਂ ਦੇ ਸਨਮਾਨ ਵਿੱਚ ਰੁੱਖ ਜ਼ਰੂਰ ਲਗਾਓ।
3. **ਸਵੱਛਤਾ:** ਪਿੰਡ ਹੋਵੇ ਜਾਂ ਸ਼ਹਿਰ, ਹਰ ਥਾਂ ਸਵੱਛਤਾ ਬਣਾਈ ਰੱਖਣਾ, ਇਹ ਸਾਡੀ ਸਾਰਿਆਂ ਦੀ ਸਮੂਹਿਕ ਜ਼ਿੰਮੇਵਾਰੀ –ਕਰਤੱਵ ਹੈ।
4. **ਸਵਦੇਸ਼ੀ :** ਭਾਰਤੀ ਉਤਪਾਦਾਂ ਨੂੰ ਅਪਣਾਓ। ਵੋਕਲ ਫਾਰ ਲੋਕਲ ਨੂੰ ਲੈ ਕੇ ਜੀਓ।
5. **ਸਵਦੇਸ਼ੀ ਸੈਰ- ਸਪਾਟਾ :** ਅਸੀਂ ਆਪਣੇ ਦੇਸ਼ ਨੂੰ ਜਾਣੀਏ, ਡੋਮੈਸਟਿਕ ਟੂਰਿਜ਼ਮ ਨੂੰ ਹੁਲਾਰਾ ਦੇਈਏ।
6. **ਕਿਸਾਨ :** ਕਿਸਾਨ ਕੈਮੀਕਲ ਮੁਕਤ, ਕੈਮੀਕਲ ਫ੍ਰੀ ਕੁਦਰਤੀ ਖੇਤੀ ਵੱਲ ਵਧਣ।
7. **ਸਿਹਤਮੰਦ ਖਾਣਾ- ਪੀਣਾ :** ਯੁਵਾ ਪੀੜ੍ਹੀ ਵੀ ਮਿਲਟਸ ਨੂੰ ਆਪਣੇ ਭੋਜਨ ਵਿੱਚ ਸ਼ਾਮਲ ਕਰੇ। ਮੋਟਾਪੇ ਦੀ ਚੁਣੌਤੀ ਨਾਲ ਨਿਪਟਣ ਦੇ ਲਈ, ਭੋਜਨ ਵਿੱਚ ਤੇਲ ਦੀ ਮਾਤਰਾ 10 ਪ੍ਰਤੀਸ਼ਤ ਘੱਟ ਕਰਨ ਦਾ ਵੀ ਯਤਨ ਕਰੋ।
8. **ਖੇਡਾਂ ਅਤੇ ਫਿਟਨੈੱਸ :** ਸਾਰਿਆਂ ਨੂੰ ਇਨ੍ਹਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ।
9. **ਸੇਵਾ ਭਾਵਨਾ :** ਲੋੜਵੰਦ ਦੀ ਸੇਵਾ ਸਮਾਜ ਨੂੰ ਮਜ਼ਬੂਤ ਬਣਾਉਂਦੀ ਹੈ, ਇਸ ਨਾਲ ਜੀਵਨ ਵਿੱਚ ਇੱਕ ਵੱਡਾ ਉਦੇਸ਼ ਜੁੜਦਾ ਹੈ।

## ਪ੍ਰਧਾਨ ਮੰਤਰੀ ਮੋਦੀ ਦੀ ਰਾਸ਼ਟਰੀ ਪੰਛੀ ਮੋਰ ਨਾਲ ਦੋਸਤੀ

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜਗਤ ਗੁਰੂ ਸ੍ਰੀ ਸ੍ਰੀ ਸ੍ਰੀ ਡਾ. ਬਾਲ ਗੰਗਾਧਰ ਨਾਥ ਮਹਾਸਵਾਮੀ ਜੀ ਦੀ ਦਿਆਲਤਾ ਸਿਰਫ ਮਨੁੱਖਾਂ ਤੱਕ ਸੀਮਤ ਨਹੀਂ ਸੀ, ਉਹ ਸਾਰੇ ਜੀਵਾਂ ਤੱਕ ਫੈਲੀ ਹੋਈ ਸੀ। ਮੋਰ ਦੀ ਰੱਖਿਆ ਦੇ ਲਈ ਉਨ੍ਹਾਂ ਨੇ ਸਮਾਜਿਕ ਅੰਦੋਲਨ ਦੀ ਅਗਵਾਈ ਕੀਤੀ। ਇਹ ਸਾਡੀ ਸੱਭਿਆਚਾਰਕ ਚੇਤਨਾ ਨਾਲ ਵੀ ਜੁੜਿਆ ਹੋਇਆ ਹੈ। ਮੋਰ ਸਾਡਾ ਰਾਸ਼ਟਰੀ ਪੰਛੀ ਹੈ। ਭਗਵਾਨ ਸੁਬ੍ਰਹਮਣਯ ਦਾ ਵਾਹਨ ਵੀ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਸਰਕਾਰੀ ਨਿਵਾਸ ਵਿੱਚ ਵੀ ਮੋਰ ਬਹੁਤ ਹਨ। ਕਈਆਂ ਨਾਲ ਤਾਂ ਚੰਗੀ ਦੋਸਤੀ ਵੀ ਹੋ ਗਈ ਹੈ। ਮੋਰ ਸ਼ਾਂਤ ਅਤੇ ਸੁੰਦਰ ਪੰਛੀ ਹੈ।

**ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।**



# ਜਿਨ੍ਹਾਂ ਤੋਂ ਡਰ ਕੇ ਭੱਜੀ ਸੀ ਪਾਕਿਸਤਾਨੀ ਸੈਨਾ

*ਸਾਲ 1971 ਦੇ ਭਾਰਤ- ਪਾਕਿਸਤਾਨ ਯੁੱਧ ਵਿੱਚ ਮੇਜਰ ਹੋਸ਼ਿਆਰ ਸਿੰਘ ਨੇ ਅਜਿਹੀ ਬਹਾਦਰੀ ਦਿਖਾਈ ਕਿ ਦੁਸ਼ਮਣ ਵੀ ਹੈਰਾਨ ਰਹਿ ਗਏ। ਗੋਲੀਆਂ ਦੀ ਬਰਸਾਤ, ਟੈਂਕਾਂ ਦੀ ਦਹਾੜ ਅਤੇ ਚਾਰੇ ਪਾਸੇ ਮੌਤ ਦਾ ਖ਼ਤਰਾ ਪਰ ਉਨ੍ਹਾਂ ਨੇ ਮੋਰਚਾ ਛੱਡਿਆ ਨਹੀਂ। ਹਮਲੇ ਦੇ ਦੌਰਾਨ ਗੰਭੀਰ ਰੂਪ ਨਾਲ ਜ਼ਖਮੀ ਹੋਣ ਤੋਂ ਬਾਅਦ ਵੀ ਉਹ ਆਪਣੀ ਕੰਪਨੀ ਦਾ ਹੌਂਸਲਾ ਵਧਾਉਂਦੇ ਰਹੇ। ਉਨ੍ਹਾਂ ਦਾ ਸ਼ੌਰਯ ਅਤੇ ਪਰਾਕ੍ਰਮ ਦੇਖ ਕੇ ਦੁਸ਼ਮਣ ਸੈਨਿਕ ਪੁੱਠੇ ਪੈਰੀਂ ਭੱਜ ਗਏ। ਯੁੱਧ ਖੇਤਰ ਵਿੱਚ ਦੁਸ਼ਮਣਾਂ ਨੂੰ ਹਰਾਉਣ ਵਾਲੇ ਪਰਮਵੀਰ ਚੱਕਰ ਨਾਲ ਸਨਮਾਨਿਤ ਮੇਜਰ ਹੋਸ਼ਿਆਰ ਸਿੰਘ ਦੀ ਬਹਾਦਰੀ ਅਤੇ ਹਿੰਮਤ ਦੀਆਂ ਗੌਰਵ ਗਾਥਾਵਾਂ ਹਮੇਸ਼ਾ ਨੌਜਵਾਨਾਂ ਨੂੰ ਮਾਤ੍ਰਿ ਭੂਮੀ ਦੀ ਸੇਵਾ ਦੇ ਲਈ ਕਰਦੀਆਂ ਰਹਿਣਗੀਆਂ ਪ੍ਰੇਰਿਤ .....*

**ਜਨਮ :5 ਮਈ, 1937 ■ ਦੇਹਾਂਤ : 6 ਦਸੰਬਰ, 1998**

"ਬਹਾਦਰ ਲੋਕ ਸਿਰਫ਼ ਇੱਕ ਵਾਰ ਹੀ ਮਰਦੇ ਹਨ। ਤੁਸੀਂ ਯੁੱਧ ਕਰਨਾ ਹੀ ਹੈ, ਤੁਸੀਂ ਜਿੱਤ ਹਾਸਲ ਕਰਨੀ ਹੀ ਹੈ।" ਯੁੱਧ ਦੇ ਮੈਦਾਨ ਵਿੱਚ ਆਪਣੇ ਸੈਨਿਕਾਂ ਦਾ ਆਤਮ-ਵਿਸ਼ਵਾਸ ਵਧਾਉਂਦੇ ਹੋਏ ਇਹ ਸ਼ਬਦ ਕਹਿਣ ਵਾਲੇ ਕੋਈ ਹੋਰ ਨਹੀਂ ਸਗੋਂ ਬਸੰਤਰ ਵਿੱਚ ਮੋਰਚਾ ਸੰਭਾਲਣ ਵਾਲੇ ਮੇਜਰ ਹੋਸ਼ਿਆਰ ਸਿੰਘ ਹੀ ਸਨ ਜਿਨ੍ਹਾਂ ਦੀ ਅਗਵਾਈ ਹੇਠ ਭਾਰਤੀ ਸੈਨਿਕਾਂ ਨੇ ਦੁਸ਼ਮਣਾਂ ਨੂੰ ਧੂੜ ਚਟਾਈ ਸੀ। 5 ਮਈ, 1937 ਨੂੰ ਹਰਿਆਣਾ ਦੇ ਇੱਕ ਪਿੰਡ ਵਿੱਚ ਪੈਦਾ ਹੋਏ ਹੋਸ਼ਿਆਰ ਸਿੰਘ ਬਚਪਨ ਤੋਂ ਹੀ ਅਨੁਸ਼ਾਸਿਤ ਅਤੇ ਦ੍ਰਿੜ੍ਹ ਇਰਾਦੇ ਵਾਲੇ ਸਨ। ਪੜ੍ਹਾਈ ਵਿੱਚ ਵਧੀਆ ਹੋਣ ਦੇ ਨਾਲ- ਨਾਲ ਉਹ ਖੇਡ-ਕੁੱਦ ਵਿੱਚ ਵੀ ਅੱਗੇ ਰਹਿੰਦੇ ਸਨ। ਵਰ੍ਹੇ 1957 ਵਿੱਚ ਹੋਸ਼ਿਆਰ ਸਿੰਘ ਜਾਟ ਰੈਜ਼ੀਮੈਂਟ ਵਿੱਚ ਸ਼ਾਮਲ ਹੋਏ ਤੇ ਬਾਅਦ ਵਿੱਚ ਇੱਥੋਂ ਉਹ ਤੀਜੀ ਗ੍ਰੇਨੇਡੀਅਰਜ਼ ਵਿੱਚ ਅਫਸਰ ਬਣ ਗਏ।

1971 ਵਿੱਚ ਭਾਰਤ–ਪਾਕਿ ਯੁੱਧ ਦੇ ਦੌਰਾਨ ਤੀਜੀ ਗ੍ਰੇਨੇਡੀਅਰਜ਼ ਬਟਾਲੀਅਨ ਨੂੰ ਬਸੰਤਰ ਨਦੀ 'ਤੇ ਇੱਕ ਪੁਲ ਬਣਾਉਣ ਦਾ ਕੰਮ ਸੌਂਪਿਆ ਗਿਆ ਸੀ ਜੋ ਦੋਵੇਂ ਪਾਸੇ ਡੂੰਘੀਆਂ ਬਾਰੂਦੀ ਸੁਰੰਗਾਂ ਨਾਲ ਢਕੀ ਹੋਈ ਸੀ। ਇਸ ਤੋਂ ਬਾਅਦ ਪੁਲ ਪਾਰ ਕਰਕੇ ਜਰਪਾਲ ਨਾਮ ਦੇ ਸੈਨਿਕ ਟਿਕਾਣੇ 'ਤੇ ਉਨ੍ਹਾਂ ਦੀ ਕੰਪਨੀ ਨੂੰ ਕਬਜ਼ਾ ਕਰਨ ਦਾ ਹੁਕਮ ਦਿੱਤਾ ਗਿਆ ਸੀ। ਇੱਥੇ ਦੁਸ਼ਮਣ ਦੀ ਸਥਿਤੀ ਬਹੁਤ ਮਜ਼ਬੂਤ ਸੀ। 15 ਦਸੰਬਰ 1971 ਨੂੰ ਮੇਜਰ ਹੋਸ਼ਿਆਰ ਸਿੰਘ ਤੀਜੀ ਗ੍ਰੇਨੇਡੀਅਰਜ਼ ਦੀ ਇੱਕ ਕੰਪਨੀ ਦੀ ਕਮਾਨ ਸੰਭਾਲਦੇ ਹੋਏ ਅੱਗੇ ਵਧੇ ਅਤੇ ਦੁਸ਼ਮਣਾਂ ਦੀ ਭਾਰੀ ਗੋਲੀਬਾਰੀ ਤੋਂ ਵੀ ਘਬਰਾਏ ਨਹੀਂ। ਭਿਆਨਕ ਮੁਠਭੇੜ ਤੋਂ ਬਾਅਦ ਟੀਚਾ ਹਾਸਲ ਕਰਨ ਵਿੱਚ ਸਫਲ ਹੋਏ। ਦੁਸ਼ਮਣ ਨੇ 16 ਦਸੰਬਰ ਨੂੰ ਤਿੰਨ ਵਾਰ ਜਵਾਬੀ ਹਮਲਾ ਕੀਤਾ। ਭਾਰੀ ਗੋਲੀਬਾਰੀ ਅਤੇ ਟੈਂਕਾਂ ਦੁਆਰਾ ਗੋਲਿਆਂ ਦੀ ਬੌਛਾਰ ਦੀ ਚਿੰਤਾ ਨਾ ਕਰਦੇ ਹੋਏ ਆਪਣੇ ਸੈਨਿਕਾਂ ਨੂੰ ਮਜ਼ਬੂਤੀ ਨਾਲ ਮੋਰਚੇ 'ਤੇ ਡਟੇ ਰਹਿਣ ਅਤੇ ਦੁਸ਼ਮਣ ਨੂੰ ਪਿੱਛੇ ਧੱਕਣ ਦੇ ਲਈ ਪ੍ਰੋਤਸਾਹਿਤ ਕਰਦੇ ਰਹੇ। ਉਨ੍ਹਾਂ ਦੀ ਹਿੰਮਤ ਅਤੇ ਅਗਵਾਈ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਦੀ ਕੰਪਨੀ ਨੇ ਸਾਰੇ ਹਮਲਿਆਂ ਨੂੰ ਅਸਫਲ ਕਰ ਦਿੱਤਾ। ਦੁਸ਼ਮਣ ਨੂੰ ਭਾਰੀ ਜਾਨ- ਮਾਲ ਦਾ ਨੁਕਸਾਨ ਪਹੁੰਚਾਇਆ। 17 ਦਸੰਬਰ ਨੂੰ ਦੁਸ਼ਮਣ ਨੇ ਭਾਰੀ ਤੋਪਖਾਨੇ ਦੀ ਮਦਦ ਨਾਲ ਇੱਕ ਵਾਰ ਫਿਰ ਹਮਲਾ ਕਰ ਦਿੱਤਾ। ਦੁਸ਼ਮਣ ਦੇ ਗੋਲੇ ਨਾਲ ਗੰਭੀਰ ਰੂਪ ਨਾਲ ਜ਼ਖਮੀ ਹੋਣ ਦੇ ਬਾਵਜੂਦ ਆਪਣੀ ਨਿਜੀ ਸੁਰੱਖਿਆ ਦੀ ਪਰਵਾਹ ਕੀਤੇ ਬਗੈਰ ਉਹ ਇੱਕ ਖਾਈ ਤੋਂ ਦੂਜੀ ਖਾਈ ਵਿੱਚ ਜਾ ਕੇ ਮੋਰਚਾ ਸੰਭਾਲਦੇ ਰਹੇ ਅਤੇ ਸੈਨਿਕਾਂ ਨੂੰ ਪ੍ਰੋਤਸਾਹਿਤ ਕਰਦੇ ਰਹੇ। ਇਸੇ ਦੌਰਾਨ, ਦੁਸ਼ਮਣ ਦੇ ਇੱਕ ਗੋਲੇ ਨਾਲ ਉਨ੍ਹਾਂ ਦਾ ਮੀਡੀਅਮ ਮਸ਼ੀਨ ਗਨ ਚਾਲਕ ਜ਼ਖਮੀ ਹੋ ਗਿਆ। ਮਸ਼ੀਨ ਗਨ ਦੇ ਮਹੱਤਵ ਨੂੰ ਸਮਝਦੇ ਹੋਏ ਮੇਜਰ ਹੋਸ਼ਿਆਰ ਸਿੰਘ ਨੇ ਖੁਦ ਉੱਥੇ ਪਹੁੰਚ ਕੇ ਕਮਾਨ ਸੰਭਾਲੀ ਅਤੇ ਦੁਸ਼ਮਣ ਨੂੰ ਭਾਰੀ ਜਾਨ- ਮਾਲ ਦਾ ਨੁਕਸਾਨ ਪਹੁੰਚਾਇਆ। ਦੁਸ਼ਮਣ ਦੇ ਹਮਲੇ ਨੂੰ ਪੂਰੀ ਤਰ੍ਹਾਂ ਨਾਲ ਅਸਫਲ ਕਰ ਕੇ ਉਨ੍ਹਾਂ ਨੂੰ ਪਿੱਛੇ ਹਟਣ 'ਤੇ ਮਜ਼ਬੂਰ ਕਰ ਦਿੱਤਾ।

ਦੁਸ਼ਮਣ ਸੈਨਾ ਆਪਣੇ ਕਮਾਂਡਿੰਗ ਅਫਸਰ ਸਮੇਤ 85 ਮ੍ਰਿਤਕਾਂ ਨੂੰ ਛੱਡ ਕੇ ਪਿੱਛੇ ਹਟ ਗਈ, ਜਦਕਿ ਬੁਰੀ ਤਰ੍ਹਾਂ ਨਾਲ ਜ਼ਖਮੀ ਹੋਣ ਦੇ ਬਾਵਜੂਦ ਮੇਜਰ ਹੋਸ਼ਿਆਰ ਸਿੰਘ ਨੇ ਯੁੱਧ ਖਤਮ ਹੋਣ ਤੱਕ ਉੱਥੋਂ ਹਟਣ ਤੋਂ ਮਨ੍ਹਾਂ ਕਰ ਦਿੱਤਾ। ਉਨ੍ਹਾਂ ਦੀ ਅਤਿ ਸ਼ਾਨਦਾਰ ਬਹਾਦਰੀ, ਯੁੱਧ ਵਿੱਚ ਅਦੁੱਤੀ ਆਤਮ-ਵਿਸ਼ਵਾਸ ਅਤੇ ਭਾਰਤੀ ਸੈਨਾ ਦੀ ਉੱਚ ਪੱਧਰ ਦੀ ਪਰੰਪਰਾ ਦੇ ਅਨੁਕੂਲ ਦਲੇਰਾਨਾ ਅਗਵਾਈ ਦੇ ਲਈ ਉਨ੍ਹਾਂ ਨੂੰ ਜੀਵਤ ਰਹਿੰਦੇ ਹੋਏ ਪਰਮਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ। 6 ਦਸੰਬਰ, 1998 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। 23 ਜਨਵਰੀ, 2023 ਨੂੰ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੰਡੇਮਾਨ ਅਤੇ ਨਿਕੋਬਾਰ ਦ੍ਵੀਪ ਸਮੂਹ ਦੇ 21 ਸਭ ਤੋਂ ਵੱਡੇ ਬੇਨਾਮ ਟਾਪੂਆਂ ਦਾ ਨਾਮ 21 ਪਰਮਵੀਰ ਚੱਕਰ ਜੇਤੂਆਂ ਦੇ ਨਾਮ 'ਤੇ ਰੱਖਿਆ। ਇਨ੍ਹਾਂ ਵਿੱਚੋਂ ਇੱਕ ਟਾਪੂ ਪਰਮਵੀਰ ਚੱਕਰ ਜੇਤੂ ਮੇਜਰ ਹੋਸ਼ਿਆਰ ਸਿੰਘ ਨੂੰ ਸਮਰਪਿਤ ਹੈ। ■

X



**Narendra Modi**
@narendramodi

हमारी नारी शक्ति सशक्त भारत की पहचान है। देश की माताएं-बहनें और बेटियां अपनी अटूट संकल्पशक्ति, निष्ठा और सेवाभाव से आज हर क्षेत्र में भारतवर्ष का गौरव बढ़ा रही हैं।
देव्या यया ततमिदं जगदात्मशक्त्या
निश्शेषदेवगणशक्तिसमूहमूर्त्या ।

ताम्बिकामखिलदेवमहर्षिपूज्यां भक्त्या नताः स्म
विदधातु शुभानि सा नः ।।



**Rajnath Singh**
@rajnathsingh

भारतीय लोकतंत्र के इतिहास में आज का दिन अत्यंत दुर्भाग्यपूर्ण है। संसद के विशेष सत्र के दौरान, एनडीए सरकार द्वारा लोकसभा में 131वां संविधान संशोधन बिल, महिलाओं को एक-तिहाई आरक्षण देने के लिए लाया गया था। कांग्रेस के नेतृत्व वाले इंडी गठबंधन ने आज लोकसभा में इस बिल के विरोध में वोट करके अपना महिला विरोधी चरित्र दिखा दिया है।



**Amit Shah**
@AmitShah

इतिहास हजारों सालों तक योगदान और विघ्न को याद रखता है...

रामसेतु में गिलहरी का योगदान हो या
हवन में हड्डियाँ डालने वाली ताड़का का विघ्न हो।



**Nitin Gadkari**
@nitin_gadkari

भारतीय लोकतंत्र के इतिहास का दुर्भाग्यपूर्ण दिवस..

संसद के विशेष सत्र के दौरान आज महिलाओं को एक-तिहाई आरक्षण देने के लिए लोकसभा में लाए गए 131वें संविधान संशोधन विधेयक का पारित ना होना विपक्ष की महिला विरोधी मानसिकता को दर्शाता है।

Har Ghar Swadeshi — Ghar-Ghar Swadeshi

**Nirmala Sitharam...**
@nsitharaman

This 👇 was stated clearly by the Home Minister on the floor of the Lok Sabha. With the Opposition pressing further on the issue, HM @AmitShah ji said he is willing to add this through an amendment, within an hour, (Speaker adjourning the House to enable the process). Even then, the Opposition were determined to oppose reservation for women. INDI Alliance's hypocrisy stands exposed.



**Arjun Ram Meghwal**
@arjunrammeghwal

नारी सम्मान को लेकर संसद में विपक्ष के निंदनीय रवैये से आज मातृशक्ति के सपने टूटे हैं और यह दिन भारतीय लोकतंत्र के लिए बेहद दुर्भाग्यपूर्ण है।

प्रधानमंत्री श्री नरेंद्र मोदी जी के नेतृत्व में प्रस्तुत 'नारी शक्ति वंदन अधिनियम'—जो महिलाओं के अधिकार और भागीदारी को मजबूत करता है—उसमें संशोधन बिल का विपक्ष ने समर्थन नहीं दिया।



ਸੀਮਾ ਸੜਕ ਸੰਗਠਨ (ਬੀਆਰਓ) | 67ਵਾਂ ਸਥਾਪਨਾ ਦਿਵਸ (7 ਮਈ, 2026)

# ਪਥ ਨਿਰਮਾਣ ਤੋਂ ਰਾਸ਼ਟਰ ਨਿਰਮਾਣ

*ਹਿਮਾਲਿਆ ਦੇ ਗਲੇਸ਼ੀਅਰਾਂ ਤੋਂ ਲੈ ਕੇ ਨਦੀ ਘਾਟੀਆਂ ਤੱਕ, ਤਪਦੇ ਰੇਗਿਸਤਾਨ ਤੋਂ ਲੈ ਕੇ ਦੁਰਗਮ ਇਲਾਕਿਆਂ ਤੱਕ ਸੀਮਾ ਸੜਕ ਸੰਗਠਨ ਦੀ ਹਿੰਮਤ ਦੀ ਅਟੁੱਟ ਛਾਪ ਦਿਖਾਈ ਦਿੰਦੀ ਹੈ। ਸੀਮਾ 'ਤੇ ਤੈਨਾਤ ਸੈਨਿਕਾਂ ਦੇ ਲਈ ਬੀਆਰਓ ਦੀਆਂ ਬਣਾਈਆਂ ਸੜਕਾਂ ਰਣਨੀਤਕ ਦ੍ਰਿਸ਼ਟੀ ਪੱਖੋਂ ਬਹੁਤ ਮਹੱਤਵਪੂਰਨ ਹਨ, ਤਾਂ ਨਾਲ ਹੀ ਦੂਰ- ਦੁਰਾਡੇ ਘਾਟੀਆਂ ਵਿੱਚ ਵਸੇ ਗ੍ਰਾਮੀਣਾਂ ਦੇ ਲਈ ਇਹ ਉਮੀਦ ਦੇ ਪੁਲ ਹਨ। 7 ਮਈ, 1960 ਨੂੰ ਸਥਾਪਿਤ, ਬੀਆਰਓ ਦਾ ਇੱਕ ਪ੍ਰੇਰਣਾਦਾਇਕ ਆਦਰਸ਼ ਵਾਕ 'ਸ੍ਰਮੇਣ ਸਰਵਮ ਸਾਧਯਮ' ਹੈ, ਜਿਸ ਦਾ ਅਰਥ ਹੈ 'ਮਿਹਨਤ ਨਾਲ ਹੈ ਸਭ ਕੁਝ ਸੰਭਵ' ....*

**ਬੀਆਰਓ ਦੁਆਰਾ ਭਾਰਤ ਦੇ ਸਰਹੱਦੀ ਖੇਤਰਾਂ ਅਤੇ ਮਿੱਤਰ ਗੁਆਂਢੀ ਦੇਸ਼ਾਂ ਵਿੱਚ ਨਿਰਮਾਣ**

**64,100** ਕਿਲੋਮੀਟਰ ਸੜਕ ਦਾ ਨਿਰਮਾਣ

**1,179** ਪੁਲਾਂ ਦਾ ਨਿਰਮਾਣ

**7** ਟਨਲਾਂ ਅਤੇ 22 ਏਅਰ ਫੀਲਡਸ ਦਾ ਨਿਰਮਾਣ

- ਭੂਟਾਨ, ਮਿਆਂਮਾਰ, ਅਫਗਾਨਿਸਤਾਨ ਅਤੇ ਤਜ਼ਾਕਿਸਤਾਨ ਵਿੱਚ ਇਨਫ੍ਰਾਸਟ੍ਰਕਚਰ ਦੇ ਜ਼ਰੀਏ ਖੇਤਰੀ ਸੰਪਰਕ ਅਤੇ ਰਣਨੀਤਕ ਸਾਂਝੇਦਾਰੀ ਨੂੰ ਮਜ਼ਬੂਤ ਕਰਦਾ ਹੈ।

**250** ਇਨਫ੍ਰਾਸਟ੍ਰਕਚਰ ਪ੍ਰੋਜੈਕਟ ਵਰ੍ਹੇ 2024 ਅਤੇ 2025 ਵਿੱਚ ਬੀਆਰਓ ਨੇ ਰਾਸ਼ਟਰ ਨੂੰ ਸਮਰਪਿਤ ਕੀਤੇ।



*ਸਾਡਾ ਸੰਕਲਪ ਹੈ ਰਾਸ਼ਟਰ ਪ੍ਰਥਮ... ਰਾਸ਼ਟਰ ਦੀ ਸ਼ੁਰੂਆਤ ਉਸ ਦੀਆਂ ਸੀਮਾਵਾਂ ਤੋਂ ਹੁੰਦੀ ਹੈ। ਇਸ ਲਈ, ਸੀਮਾ 'ਤੇ ਬੁਨਿਆਦੀ ਢਾਂਚੇ ਦਾ ਵਿਕਾਸ ਦੇਸ਼ ਦੀਆਂ ਸਰਬਉੱਚ ਤਰਜੀਹਾਂ ਵਿੱਚੋਂ ਇੱਕ ਹੈ। ਸੀਮਾ ਸੜਕ ਸੰਗਠਨ (ਬੀਆਰਓ) ਦੇਸ਼ ਦੇ ਵੱਖ- ਵੱਖ ਹਿੱਸਿਆਂ ਵਿੱਚ ਟਨਲ ਬਣਾਉਣ ਦੇ ਕੰਮ ਨੂੰ ਤੇਜ਼ ਗਤੀ ਨਾਲ ਪੂਰਾ ਕਰ ਰਿਹਾ ਹੈ।* **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**


ਨਿਊ ਇੰਡੀਆ ਸਮਾਚਾਰ ਪੰਦਰਵਾੜਾ

**RNI NO.: DELPUN/2020/78808 MAY 1-15, 2026**

RNI Registered No DELPUN/2020/78808 (Publishing Date: April 20,2026 Pages: 58)

EDITOR IN CHIEF
Dhirendra Ojha
Principal Director General
Press Information Bureau, New Delhi

PUBLISHED:
Kanchan Prasad
Director General, on behalf of
Central Bureau Of Communication

PUBLISHED FROM:
Room No–278, Central Bureau Of
Communication, 2nd Floor, Soochna
Bhawan, New Delhi -110003